Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

FOR ALL TYPES OF ADVERTISEMENTS IN THE PUNJAB HERALD PLEASE CALL 0437641033

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (139) Dec. 2025 - Jan 2026, Sydney, Phone - 0437641033 , Email - thepunjabherald1@gmail.com

www.thepunjabherald.com







SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012

CALL JATINDER SINGH : 0433572723



# DEYAL HOME LOANS

Residential, Investment, Refinance & Commercial

We can visit Your Home for Consultation Regarding your Home Loan Needs and Debts Consolidation



SERVICES

- HOME LOANS
- INVESTMENT LOAN
- LAND AND CONSTRUCTION LOANS
- REFINANCING AND DEBT CONSOLIDATION
- NON RESIDENT LOANS
- BUSINESS, CAR AND PERSONAL LOANS
- DEPOSIT BONDS
- COMMERCIAL PROPERTY LOANS
- LOW DOC LOANS
- OWNER BUILDER LOANS



AMP, resimac, pepper money, bankwest, Westpac, Suncorp Bank, Adelaide Bank, st.george, me Bank, ANZ, firstmac

Please Contact:
**TEJINDER SINGH**
MORTGAGE BROKER

Address:
40 Finsbury Circuit
Ropes Crossing, NSW 2760

M: 0420 315 504
Email: sdeyal161@gmail.com
DEYAL SECURITY PTY LTD. T/S DEYAL HOME LOANS
ACL 395285
Lenders Condition Apply



ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

ਦਾ ਪੰਜਾਬ ਹੈਰਲਡ

The Punjab Herald

## THE PUNJAB HERALD

*IS LIVE NOW*

For all types of advertisements in 'The Punjab Herald' please contact with us.

Scan this code

connect with us

+61 437 641 033
thepunjabherald1@gmail.com
www.thepunjabherald.com/

# ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ...

ਪਾਪਾ ਜੀ 6 ਨਵੰਬਰ 1986 ਨੂੰ ਸਾਨੂੰ ਸਦਾ ਲਈ ਛੱਡ ਕੇ ਚਲੇ ਗਏ। ਪੂਰੇ 39 ਸਾਲ ਹੋ ਚੁੱਕੇ ਹਨ। ਇਹ ਕਦੇ ਵੀ ਨਹੀਂ ਸੀ ਸੋਚਿਆ ਕਿ ਸਾਨੂੰ ਸਿਰਫ਼ ਉਨ੍ਹਾਂ ਦੀ ਮੌਤ ਦੀ ਖ਼ਬਰ ਹੀ ਮਿਲੇਗੀ। ਇੱਕ ਨਵੰਬਰ ਨੂੰ ਸੱਚਖੰਡ ਨਾਂਦੇੜ ਸਾਹਿਬ (ਮਹਾਰਾਸ਼ਟਰ) ਵਿਖੇ ਸਮਾਗਮ ਵਿੱਚ ਹਾਜ਼ਰ ਹੋਣ ਲਈ ਘਰੋਂ ਚਲੇ ਗਏ ਸਨ। ਅੱਜ ਦੇ ਦਿਨ ਅਸੀਂ ਉਨ੍ਹਾਂ ਦੇ ਨਾਂਦੇੜ ਤੋਂ ਤੁਰ ਪੈਣ ਦੀ ਆਸ 'ਚ ਸੀ ਪਰ ਸੱਤ ਨਵੰਬਰ ਦੀ ਸ਼ਾਮ ਨੂੰ ਰੇਲਵੇ ਪੁਲੀਸ, ਬਰਨਾਲਾ ਵੱਲੋਂ ਮਿਲੇ ਭੈੜੇ ਸੁਨੇਹੇ ਨੇ ਸਾਨੂੰ ਹੀ ਨਹੀਂ, ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਸੀ। ਰੇਲਗੱਡੀ 'ਚ ਵਾਪਸੀ ਸਫਰ ਸਮੇਂ ਸੁੱਤੇ ਪਏ ਉਹ ਸਦਾ ਲਈ ਹੀ ਸੌਂ ਗਏ ਸਨ। ਇਹ ਸਮਾਂ ਬਹੁਤ ਹੀ ਕਸ਼ਟ ਭਰਿਆ ਤੇ ਅਸਹਿ ਸੀ। ਸਮਾਜ ਅੰਦਰ ਰੋਜ਼ਾਨਾ ਦੇ ਵਰਤ ਵਰਤਾਰੇ ਦੌਰਾਨ ਨਿੱਕੀਆਂ-ਮੋਟੀਆਂ ਘਟਨਾਵਾਂ ਵਿੱਚੋਂ ਪਾਪਾ ਜੀ ਦੇ ਵਿਚਰਨ ਢੰਗ (ਸੁਭਾਅ) ਨਾਲ ਮੇਲ ਖਾਂਦੀਆਂ ਗੱਲਾਂ ਮੇਰੇ ਮਨ ਅੰਦਰ ਅਚੇਤ-ਸੁਚੇਤ ਤੌਰ 'ਤੇ ਘਰ ਕਰੀ ਬੈਠੀਆਂ ਹਨ। ਉਨ੍ਹਾਂ ਦੇ ਸਿਰਜਣਾ ਸੰਸਾਰ ਵਿੱਚ ਆਲ਼ੇ-ਦੁਆਲ਼ੇ ਦਾ ਬਿਰਤਾਂਤ ਮਹਿਸੂਸ ਹੁੰਦਾ ਹੈ, ਜੋ ਸਾਡੇ ਅੰਤਰਮਨ ਅੰਦਰ ਸੰਘਰਸ਼ ਕਰਦਾ, ਦੂਜਿਆਂ ਨਾਲ ਇਕਸੁਰਤਾ ਵੀ ਬਣਾਈ ਰੱਖਦਾ ਹੈ। ਪਾਪਾ ਜੀ ਦੀ ਸ਼ਖ਼ਸੀਅਤ 'ਚ ਮੈਂ ਬਹੁਤ ਕੁਝ ਅਣਲਿਖਿਆ, ਅਣਕਿਹਾ ਅੱਜ ਵੀ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹਾਂ। ਸਾਹਿਤਕ ਸਿਰਜਣਾ ਸਮੇਂ ਉਨ੍ਹਾਂ ਨੇ ਅਤਿ ਕਲਾਤਮਿਕ ਸ਼ਬਦਾਵਲੀ ਦੀ ਵਰਤੋਂ ਇਸ ਤਰ੍ਹਾਂ ਕੀਤੀ, ਜੋ ਇਸ ਲੋਕ ਦੋਖੀ ਪ੍ਰਬੰਧ ਨੂੰ ਸਮਝਣ ਅਤੇ ਪਾਠਕ ਨੂੰ ਸਿਧਾਂਤਕ ਤੌਰ 'ਤੇ ਜੋੜਨ ਦੀ ਸਮਰੱਥਾ ਵੀ ਰੱਖਦੀ ਹੈ। ਉਨ੍ਹਾਂ ਦੀ ਸਿਰਜਣਾ ਦਾ ਦਾਇਰਾ ਸੰਸਾਰ ਪੱਧਰ 'ਤੇ ਹੋ ਰਹੀ ਲੁੱਟ ਖਿਲਾਫ਼ ਸੰਘਰਸ਼ ਦਾ ਐਲਾਨ ਸਮੋਈ ਬੈਠਾ ਹੈ। ਹਰ ਲੋੜਵੰਦ ਦੀ ਮੱਦਦ ਲਈ ਉਹ ਅੱਗੇ ਹੋ ਕੇ ਬਿਨਾਂ ਕਿਸੇ ਡਰ ਦੇ ਮੋਹਰੀ ਭੂਮਿਕਾ ਨਿਭਾਉਂਦਿਆਂ, ਲੋਕ ਮਨਾਂ ਦੇ ਨੇੜੇ ਹੋ ਕੇ ਵਿਚਰਦੇ ਸਨ। ਉਨ੍ਹਾਂ ਦੀ ਜ਼ਿੰਦਗੀ ਦੀਆਂ ਅਣਗਿਣਤ ਘਟਨਾਵਾਂ ਮੇਰੇ ਮਨ 'ਚ ਅੱਜ ਵੀ ਤਾਜ਼ਾ ਹਨ, ਪਰ ਇੱਥੇ ਇੱਕ ਘਟਨਾ ਹੀ ਸਾਂਝੀ ਕਰਾਂਗੀ।

ਮੇਰੀ ਬੀ.ਐੱਡ. ਦੀ ਇੰਟਰਵਿਊ ਸੀ। ਅਗਸਤ ਮਹੀਨਾ ਸੀ। ਸਾਰੀ ਰਾਤ ਤੋਂ ਲੋਹੜੇ ਦਾ ਮੀਂਹ ਪੈ ਰਿਹਾ ਸੀ। ਪਾਪਾ ਜੀ ਬਿਨਾਂ ਕਿਸੇ ਦੇਰੀ ਦੇ ਖੇਸ ਦੀ ਬੁੱਕਲ ਮਾਰ, ਆਪਣੀ ਲੰਬੀ ਤਣੀ ਵਾਲੇ ਬੈਗ 'ਚ ਮੇਰੇ ਸਾਰੇ ਸਰਟੀਫਿਕੇਟ ਲੁਕੋ ਕੇ



(ਭਿੱਜ ਜਾਣ ਦੇ ਡਰੋਂ) ਘਰੋਂ ਬੱਸ ਅੱਡੇ ਨੂੰ ਤੁਰ ਪਏ। ਮੈਂ ਨਾਲ ਹੀ ਸੀ। ਸਾਡੇ ਘਰ ਛਤਰੀ ਨਹੀਂ ਸੀ। ਭਿੱਜਣ ਦੇ ਡਰੋਂ ਮੈਂ ਵੀ ਮੀਂਹ ਵਿੱਚ ਹੀ ਖੇਸੀ ਦੀ ਬੁੱਕਲ ਮਾਰ ਕੇ ਪਾਪਾ ਜੀ ਨਾਲ ਤੁਰ ਪਈ। ਬੱਸ ਅੱਡੇ 'ਤੇ ਆਏ ਤਾਂ ਬੱਸ ਅੱਡਾ ਵੀ ਚੋਅ ਰਿਹਾ ਸੀ। ਅਸੀਂ ਭੱਜ ਕੇ ਗੁਆਂਢੀਆਂ ਦੇ ਘਰ ਗਏ ਤਾਂ ਉਨ੍ਹਾਂ ਦੀ ਛੱਤ ਵੀ ਚੋਅ ਰਹੀ ਸੀ। ਪੂਰੇ ਡੇਢ ਘੰਟੇ ਦੀ ਉਡੀਕ ਤੋਂ ਬਾਅਦ ਬੱਸ ਆਈ। ਅਸੀਂ ਚੜ੍ਹ ਗਏ। ਰੋਡਵੇਜ਼ ਦੀ ਬੱਸ ਦੀ ਛੱਤ ਵੀ ਚੋਅ ਰਹੀ ਸੀ। ਬਰਨਾਲਾ ਤੱਕ ਪਹੁੰਚਦਿਆਂ ਪਾਪਾ ਜੀ ਸਰਟੀਫਿਕੇਟ ਭਿੱਜਣ ਤੋਂ ਬਚਾਉਣ ਲਈ ਬੱਸ ਵਿੱਚ ਵਾਰ-ਵਾਰ ਸੀਟਾਂ ਬਦਲਦੇ ਰਹੇ। ਬਰਨਾਲਾ ਪਹੁੰਚ ਕੇ ਅਸੀਂ ਮੋਗੇ ਨੂੰ ਜਾਣ ਵਾਲੀ ਬੱਸ ਲਈ। ਬੱਧਨੀ ਕਲਾਂ ਉਤਰ ਗਏ। ਭਾਰੀ ਮੀਂਹ ਹੋਣ ਕਾਰਨ ਕਾਲਜ ਵੱਲ ਕੋਈ ਵੀ ਸਾਧਨ ਨਹੀਂ ਸੀ ਜਾ ਰਿਹਾ। ਹੋਰ ਪੰਦਰਾਂ-ਵੀਹ ਕੁੜੀਆਂ ਵੀ ਆਪਣੇ ਮਾਪਿਆਂ ਸਮੇਤ ਇੰਟਰਵਿਊ 'ਤੇ ਜਾਣ ਲਈ ਖੜ੍ਹੀਆਂ ਸਨ। ਇੱਕ ਟਰੱਕ ਆਇਆ। ਪਾਪਾ ਜੀ ਨੇ ਹੱਥ ਦੇ ਕੇ ਰੋਕ ਲਿਆ। ਡਰਾਈਵਰ ਨੂੰ ਆਪਣੀ ਸਮੱਸਿਆ ਦੱਸੀ। ਉਸ ਨੇ ਸਾਨੂੰ ਲਿਜਾਣ ਲਈ ਹਾਂ ਕਰ ਦਿੱਤੀ। ਮੀਂਹ ਬੰਦ ਨਹੀਂ ਸੀ ਹੋਇਆ। ਕੁਝ ਕੁ ਕੁੜੀਆਂ ਉੱਚੇ ਟਰੱਕ ਵਿੱਚ ਚੜ੍ਹਨ ਤੋਂ ਅਸਮਰੱਥ ਸਨ। ਪਾਪਾ ਜੀ ਨੇ ਦੁਕਾਨ 'ਚੋਂ ਵੱਡਾ ਤੇ ਛੋਟਾ ਬੈਂਚ ਚੁੱਕਿਆ। ਵੱਡੇ ਬੈਂਚ 'ਤੇ ਛੋਟਾ ਬੈਂਚ ਰੱਖ ਕੇ ਦੋ ਮਾਪਿਆਂ ਨੂੰ ਟਰੱਕ 'ਚ ਚੜ੍ਹਾ ਦਿੱਤਾ ਤੇ ਆਪ ਮੀਂਹ 'ਚ ਖੜ੍ਹੇ ਕੁੜੀਆਂ ਨੂੰ ਟਰੱਕ 'ਤੇ ਚੜ੍ਹਨ ਲਈ ਉਤਸ਼ਾਹਿਤ ਕਰਦੇ ਤੇ ਟਰੱਕ 'ਚ ਖੜ੍ਹੇ ਮਾਪਿਆਂ ਨੂੰ ਕੁੜੀਆਂ ਨੂੰ ਟਰੱਕ ਅੰਦਰ ਬਾਂਹ ਫੜ ਕੇ ਖਿੱਚਣ ਲਈ ਕਹਿੰਦੇ ਰਹੇ। ਵਰ੍ਹਦੇ ਮੀਂਹ ਵਿੱਚ ਅਸੀਂ ਟਰੱਕ 'ਤੇ ਕਾਲਜ ਪਹੁੰਚੀਆਂ।

ਸ਼ਾਮ ਦੇ ਤਿੰਨ ਵੱਜ ਚੁੱਕੇ ਸਨ। ਮੀਂਹ ਕੁਝ ਕੁ ਘਟ ਗਿਆ ਸੀ। ਇੰਟਰਵਿਊ ਕਮੇਟੀ ਨੇ ਮੀਂਹ ਕਾਰਨ ਸਾਨੂੰ ਛੋਟ ਦੇ ਦਿੱਤੀ। ਮੇਰੀ ਇੰਟਰਵਿਊ ਹੋਈ ਤੇ ਸਰਟੀਫਿਕੇਟ ਚੈੱਕ ਹੋਏ। ਮੈਨੂੰ ਬੀ.ਐੱਡ 'ਚ ਸੀਟ ਮਿਲ ਗਈ। ਤੁਰੰਤ ਫੀਸ ਭਰਨੀ ਸੀ, ਪਰ ਫੀਸ ਭਰਨ ਲਈ ਪਾਪਾ ਜੀ ਕੋਲ ਪੈਸੇ ਪੂਰੇ ਨਹੀਂ ਸੀ। ਉਨ੍ਹਾਂ ਸੁਪਰਡੈਂਟ ਨੂੰ ਹਜ਼ਾਰ ਰੁਪਏ ਜਮ੍ਹਾਂ ਕਰਵਾ ਕੇ ਬਾਕੀ ਫੀਸ ਕੱਲ੍ਹ ਨੂੰ ਜਮ੍ਹਾਂ ਕਰਵਾਉਣ ਲਈ ਬੇਨਤੀ ਕੀਤੀ। ਸੁਪਰਡੈਂਟ ਨੇ ਫੀਸ ਦੀ ਰਸੀਦ ਕੱਟ ਕੇ ਫੜਾ ਦਿੱਤੀ। ਕਾਲਜ 'ਚ ਹੀ ਪੰਜ ਵੱਜ ਚੁੱਕੇ ਸਨ। ਅਸੀਂ ਵਾਪਸ ਬੱਧਨੀ ਕਲਾਂ ਆਏ ਤਾਂ ਬਰਨਾਲੇ ਵਾਲੀਆਂ ਸਾਰੀਆਂ ਬੱਸਾਂ ਨਿਕਲ ਚੁੱਕੀਆਂ ਸਨ। ਉਡੀਕ ਕਰਦਿਆਂ ਇੱਕ ਬੱਸ ਆਈ। ਉਸ ਨੇ ਰਾਮਗੜ੍ਹ ਤੱਕ ਹੀ ਜਾਣਾ ਸੀ। ਅਸੀਂ ਰਾਮਗੜ੍ਹ ਉੱਤਰ ਗਏ। ਪਾਪਾ ਜੀ ਨੇ ਆਪਣੇ ਇੱਕ ਜਾਣਕਾਰ ਤੋਂ ਸਾਈਕਲ ਫੜਿਆ। ਤੀਹ-ਪੈਂਤੀ ਕਿਲੋਮੀਟਰ ਦਾ ਸਾਈਕਲ ਸਫ਼ਰ ਕਰਕੇ ਅਸੀਂ ਰਾਤ ਨੂੰ ਦਸ ਵਜੇ ਘਰ ਪਹੁੰਚੇ। ਅਗਲੇ ਦਿਨ ਪਾਪਾ ਜੀ ਨੇ ਉਹੀ ਸਾਈਕਲ ਚੁੱਕਿਆ, ਸਕੂਲ ਗਏ। ਆਪਣੇ ਦੋਸਤਾਂ ਤੋਂ ਰਹਿੰਦੀ ਫੀਸ ਦਾ ਪ੍ਰਬੰਧ ਕਰਕੇ ਮੁੜ ਮੇਰੇ ਕਾਲਜ ਨੂੰ ਚੱਲ ਪਏ। ਜਾ ਕੇ ਸੁਪਰਡੈਂਟ ਨੂੰ ਰਹਿੰਦੀ ਫੀਸ ਜਮ੍ਹਾਂ ਕਰਾ ਕੇ, ਉਸ ਦਾ ਤੇ ਪ੍ਰਿੰਸੀਪਲ ਮੈਡਮ ਦਾ ਧੰਨਵਾਦ ਕੀਤਾ। ਸੁਪਰਡੈਂਟ ਨੇ ਦੱਸਿਆ ਕਿ ਮੈਂ ਤੁਹਾਡੀ ਧੀ ਦੇ ਸਰਟੀਫਿਕੇਟਾਂ ਤੋਂ ਤੁਹਾਡਾ ਨਾਮ ਦੇਖ ਲਿਆ ਸੀ। ਤੁਸੀਂ ਇੱਕ ਵੱਡੇ ਕਵੀ ਹੋ। ਮੈਂ ਕੱਲ੍ਹ ਹੀ ਪੂਰੀ ਫੀਸ ਆਪਣੀ ਜੇਬ ਵਿੱਚੋਂ ਇਸ ਕਰਕੇ ਜਮ੍ਹਾਂ ਕਰਵਾ ਦਿੱਤੀ ਸੀ ਕਿ ਕਿਤੇ ਤੁਹਾਡੀ ਧੀ ਦੀ ਸੀਟ ਨਾ ਰੁਕ ਜਾਵੇ। ਪਾਪਾ ਜੀ ਸੁਪਰਡੈਂਟ ਦਾ ਵਾਰ-ਵਾਰ ਧੰਨਵਾਦ ਕਰ ਰਹੇ ਸੀ।

ਹੁਣ ਉਹ ਵਾਪਸੀ 'ਤੇ ਪਿਛਲੇ ਦਿਨ ਦਾ ਮੰਗਿਆ ਸਾਈਕਲ ਫੜਾ ਕੇ ਭੋਤਨੇ ਪਿੰਡ ਤੋਂ ਤੁਰ ਕੇ ਘਰ ਆਏ। ਘਰ ਪਹੁੰਚਦਿਆਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਉਹ ਬੜੇ ਮਾਣ ਨਾਲ ਮੇਰੀ ਮਾਂ ਨੂੰ ਵਾਰ-ਵਾਰ ਕਹਿ ਰਹੇ ਸੀ ਕਿ ਹੁਣ ਮੇਰੀ ਧੀ ਹੈੱਡ ਮਾਸਟਰਨੀ ਬਣੂਗੀ ਤੇ ਸੱਚ ਜਾਣਿਉਂ, ਜਿਸ ਦਿਨ ਮੈਂ ਹੈੱਡਮਿਸਟ੍ਰੈਸ ਦੀ ਕੁਰਸੀ 'ਤੇ ਬੈਠੀ, ਇੰਟਰਵਿਊ ਵਾਲਾ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਮੂਹਰੇ ਫਿਲਮੀ ਰੀਲ ਵਾਂਗ ਘੁੰਮ ਗਿਆ ਸੀ ਤੇ ਮਨ ਹੀ ਮਨ ਉਨ੍ਹਾਂ ਨੂੰ ਯਾਦ ਕਰਕੇ ਮੇਰੇ ਕਾਲਜੇ ਧੂਹ ਪੈ ਰਹੀ ਸੀ। ਮੇਰੀ ਫੀਸ ਆਪਣੀ ਜੇਬ 'ਚੋਂ ਭਰਨ ਵਾਲਾ ਮੇਰੇ ਕਾਲਜ ਦਾ ਸੁਪਰਡੈਂਟ ਹੋਰ ਪ੍ਰੋਫੈਸਰਾਂ ਨਾਲ, ਪਾਪਾ ਜੀ ਦੀ ਮੌਤ ਦੀ ਖ਼ਬਰ ਸੁਣ ਕੇ ਘਰ ਆਇਆ ਸੀ। ਉਹ ਵੀ ਇੰਟਰਵਿਊ ਵਾਲੀ ਘਟਨਾ ਨੂੰ ਯਾਦ ਕਰ ਰਿਹਾ ਸੀ।

ਬਾਬਾ ਬੂਝਾ ਸਿੰਘ ਦੀ ਸ਼ਹਾਦਤ 'ਤੇ ਪਾਪਾ ਜੀ ਦਾ ਲਿਖਿਆ ਗੀਤ ਮੈਨੂੰ ਅੱਜ ਵੀ ਮੁੜ-ਮੁੜ ਯਾਦ ਆ ਰਿਹਾ ਹੈ ਤੇ ਉਨ੍ਹਾਂ 'ਤੇ ਹੀ ਢੁੱਕਦਾ ਮਹਿਸੂਸ ਹੋ ਰਿਹਾ ਹੈ:

ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ,  
ਅੱਜ ਜਿਹੀ ਰਾਤ ਨਾ ਆਉਣੀ।  
ਤੇਰੀ ਥਾਂ ਜਦ ਮਿਲ ਗਈ ਸਾਨੂੰ, ਤੇਰੀ ਮੌਤ ਸੁਣਾਉਣੀ।

ਲੋਕਾਂ ਦੇ ਮਹਾਨ ਸ਼ਾਇਰ, ਲੋਕ ਕਵੀ ਸੰਤ ਰਾਮ ਉਦਾਸੀ ਨੂੰ ਉਨ੍ਹਾਂ ਦੀ ਬਰਸੀ 'ਤੇ ਸਿਜਦਾ।

ਇਕਬਾਲ ਕੌਰ ਉਦਾਸੀ

# ਛੋਟੇ ਮੁੱਲ ਦੇ ਨੋਟਾਂ ਦੀ ਭਾਰੀ ਕਮੀ ਕਾਰਨ ਕਾਲਾਬਾਜਾਰੀ ਨੂੰ ਮਿਲ ਰਿਹਾ ਹੁਲਾਰਾ



ਵਿਆਹਾਂ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਨਵੇਂ ਛਪੇ 10 ਅਤੇ 20 ਰੁਪਏ ਦੇ ਨੋਟਾਂ ਦੀ ਭਾਰੀ ਕਮੀ ਕਾਰਨ ਪੂਰੇ ਖੇਤਰ ਵਿੱਚ ਵੱਡੇ ਪੱਧਰ 'ਤੇ ਵੱਧ ਕੀਮਤਾਂ ਅਤੇ ਗੈਰ-ਕਾਨੂੰਨੀ ਵਪਾਰ ਸੁਰੂ ਹੋ ਗਿਆ ਹੈ। ਇਸ ਸਬੰਧੀ ਬੈਂਕ ਛੋਟੇ ਮੁੱਲ ਦੇ ਨੋਟਾਂ ਦੀ ਸੀਮਤ ਉਪਲਬਧਤਾ ਬਾਰੇ ਅਕਸਰ ਕਹਿੰਦੇ ਰਹਿੰਦੇ ਹਨ, ਉੱਥੇ ਹੀ ਵਸਨੀਕਾਂ ਦਾ ਦੋਸ ਹੈ ਕਿ ਉਹੀ ਕਰੰਸੀ ਨਿੱਜੀ ਚੈਨਲਾਂ ਰਾਹੀਂ ਵੱਧ ਦਰਾਂ 'ਤੇ ਬਜ਼ਾਰ ਵਿੱਚ ਭਰਪੂਰ ਮਾਤਰਾ ਵਿੱਚ ਮਿਲ ਰਹੀ ਹੈ। ਜਿਸ ਨਾਲ ਅੰਦਰੂਨੀ ਮਿਲੀਭੁਗਤ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ।

ਕਈ ਪਿੰਡਾਂ ਅਤੇ ਕਸਬਿਆਂ ਦੇ ਵਸਨੀਕਾਂ ਨੇ ਦੱਸਿਆ ਕਿ ਵਾਰ-ਵਾਰ ਬੈਂਕ ਜਾਣ ਦੇ ਬਾਵਜੂਦ, ਬੈਂਕ ਕਾਊਂਟਰ ਆਮ ਲੈਣ-ਦੇਣ ਲਈ ਛੋਟੇ ਨੋਟ ਮੁਹੱਈਆ ਕਰਵਾਉਣ ਵਿੱਚ ਅਸਮਰੱਥਤਾ ਜ਼ਾਹਿਰ ਕਰਦੇ ਹਨ। ਹਾਲਾਂਕਿ ਨਵੀਂ ਕਰੰਸੀ ਦੇ ਬੰਡਲ ਸਥਾਨਕ ਬਾਜਾਰਾਂ ਵਿੱਚ ਵਪਾਰੀਆਂ ਅਤੇ ਦਲਾਲਾਂ ਵੱਲੋਂ ਖੁੱਲ੍ਹੇਆਮ ਵੇਚੇ ਜਾ ਰਹੇ ਹਨ। ਇਹ ਵਪਾਰੀ ਸਥਾਨਕ ਲੋਕਾਂ ਅਨੁਸਾਰ ਕੁਝ ਬੈਂਕ ਅਧਿਕਾਰੀਆਂ ਦੇ ਗੁਪਤ ਸਹਿਯੋਗ ਨਾਲ ਕੰਮ ਕਰ ਰਹੇ ਹਨ।

ਗਾਹਕਾਂ ਦਾ ਦਾਅਵਾ ਹੈ ਕਿ ਕੁਝ ਬੈਂਕ ਕਰਮਚਾਰੀਆਂ ਨੇ ਜਾਂ ਤਾਂ ਗੈਰ-ਸਰਕਾਰੀ ਭੁਗਤਾਨ ਦੀ ਮੰਗ ਕੀਤੀ ਜਾਂ ਉਨ੍ਹਾਂ ਨੂੰ ਬਾਹਰੀ ਏਜੰਟਾਂ ਵੱਲ ਭੇਜ ਦਿੱਤਾ। ਕਈ ਮਾਮਲਿਆਂ ਵਿੱਚ ਦੁਕਾਨਦਾਰ 10-10 ਰੁਪਏ ਦੇ ਨੋਟਾਂ ਦੀ ਗੁੱਟੀ 300 ਤੋਂ 400 ਰੁਪਏ ਵੱਧ ਵਿੱਚ ਵੇਚਦੇ ਪਾਏ ਗਏ, ਜਦੋਂ ਕਿ 20 ਦੇ ਸੀਲਬੰਦ ਬੰਡਲ ਉਨ੍ਹਾਂ ਦੇ ਅਸਲ ਮੁੱਲ 2000 ਦੇ ਮੁਕਾਬਲੇ 2400 ਤੋਂ 2500 ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

ਲੋਕਾਂ ਵਿੱਚ ਇਸ ਪ੍ਰਤੀ ਰੋਸ ਹੈ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਛੋਟੀ ਕਰੰਸੀ ਦਾ ਸਰਕੂਲੇਸਨ ਕਾਲਾਬਾਜਾਰੀ ਕਰਨ ਵਾਲਿਆਂ ਦੇ ਹੱਥਾਂ ਵਿੱਚ ਜਾ ਰਿਹਾ ਹੈ। ਸਮਾਜ ਸੇਵਕਾਂ ਅਤੇ ਭਾਈਚਾਰਕ ਆਗੂਆਂ ਨੇ ਕਿਹਾ ਕਿ ਨਵੇਂ ਨੋਟਾਂ ਦਾ ਗੈਰ-ਕਾਨੂੰਨੀ ਮੋੜ ਗੰਭੀਰ ਅਸੁਵਿਧਾ ਪੈਦਾ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਖਾਸ ਤੌਰ 'ਤੇ ਵਿਆਹਾਂ ਅਤੇ ਸਮਾਜਿਕ ਸਮਾਰੋਹਾਂ ਦੀ ਤਿਆਰੀ ਕਰ ਰਹੇ ਪਰਿਵਾਰਾਂ ਲਈ ਜਿੱਥੇ ਰਵਾਇਤੀ ਰਸਮਾਂ ਅਤੇ ਤੋਹਫੇ ਦੇਣ ਲਈ ਛੋਟੇ ਮੁੱਲ ਦੇ ਨੋਟਾਂ ਦੀ ਜਰੂਰਤ ਹੁੰਦੀ ਹੈ। ਜਿਸ ਕਾਰਨ ਵਿਆਹਾਂ ਦੇ ਸੀਜ਼ਨ ਮੌਕੇ ਛੋਟੇ ਮੁੱਲ ਦੇ ਨੋਟਾਂ ਦੀਆਂ ਗੁੱਟੀਆ ਦੀ ਲੋੜ ਵਧ ਜਾਂਦੀ ਹੈ।

ਲੋਕਾਂ ਨੇ ਬੈਂਕ ਕਰਮਚਾਰੀਆਂ ਅਤੇ ਨਿੱਜੀ ਵਿਚੋਲਿਆਂ ਵਿਚਕਾਰ ਕਥਿਤ ਗਠਜੋੜ ਦੀ ਪੂਰੀ ਜਾਂਚ ਦੀ ਮੰਗ ਕੀਤੀ ਅਤੇ ਅਧਿਕਾਰੀਆਂ ਨੂੰ ਗੈਰ-ਅਧਿਕਾਰਤ ਸਰਕੂਲੇਸਨ ਨੂੰ ਰੋਕਣ ਲਈ ਸਖਤ ਉਪਾਅ ਲਾਗੂ ਕਰਨ ਦੀ ਅਪੀਲ ਕੀਤੀ। ਨਾਗਰਿਕਾਂ ਨੇ ਸਾਰੇ ਬੈਂਕ ਪ੍ਰਬੰਧਕਾਂ ਨੂੰ ਛੋਟੇ ਮੁੱਲ ਦੀ ਕਰੰਸੀ ਦੀ ਪਾਰਦਰਸੀ, ਨਿਰਪੱਖ ਅਤੇ ਢੁਕਵੀਂ ਵੰਡ ਯਕੀਨੀ ਬਣਾਉਣ ਲਈ ਸਪੱਸਟ ਹਦਾਇਤਾਂ ਜਾਰੀ ਕਰਨ ਦੀ ਵੀ ਅਪੀਲ ਕੀਤੀ ਹੈ।

ਅਸ਼ੋਕ ਕੌੜਾ

# ਪੰਜਾਬੀ ਸਾਹਿਤਕ ਦਰਬਾਰ ਗਲੈਨਵੁੱਡ ਸਿਡਨੀ ਆਸਟ੍ਰੇਲੀਆ

## "ਜਬੁ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"






ਕੁਲਦੀਪ ਸਿੰਘ ਜੌਹਲ

ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸੀਨੀਅਰ ਸਿਟੀਜਨ ਵਿੰਗ ਵਲੋਂ ਪੰਜਾਬੀ ਸਾਹਿਤਕ ਦਰਬਾਰ ਮਿਤੀ 9 ਨਵੰਬਰ 2025 ਦਿਨ ਐਤਵਾਰ ਸਾਮ 1 ਵਜੇ ਸਰਦਾਰ ਤਰਨਜੀਤ ਸਿੰਘ ਡਾਇਰੈਕਟਰ ਸੀਨੀਅਰ ਸਿਟੀਜਨ ਦੇ ਦਿਸਾ ਨਿਰਦੇਸਾਂ ਅਨੁਸਾਰ ਪੰਜਾਬੀ ਸਕੂਲ ਗਲੈਨਵੁੱਡ ਦੇ ਵੱਡੇ ਹਾਲ ਵਿਚ ਆਯੋਜਤ ਕੀਤਾ ਗਿਆ। ਇਸ ਸਾਹਿਤਕ ਦਰਬਾਰ ਵਿੱਚ ਨਾਮਵਰ ਵਿਦਵਾਨਾਂ, ਲਿਖਾਰੀ, ਰਿਟਾਇਰਡ ਅਫਸਰ, ਬਿਜਨੈਸਮੈਨ, ਕਵੀਜਨ, ਵਾਰਤਾਕਾਰ, ਟੀਵੀ ਤੇ ਨਿਊਜ ਮੀਡੀਆ ਆਦਿ ਨੇ ਆਪਣੀ ਹਾਜਰੀ ਲਗਵਾਈ। ਸਰਦਾਰ ਜੀਵਨ ਸਿੰਘ ਦੁਸਾਂਝ ਕੋਆਰਡੀਨੇਟਰ ਸੀਨੀਅਰ ਸਿਟੀਜਨ ਨੇ ਸਭ ਹਾਜਰੀਨਾ ਨੂੰ ਜੀਓ ਆਇਆਂ ਆਖਦਿਆਂ ਗੁਰ ਫਤਹਿ ਬੁਲਾਈ।

ਇਸ ਸਾਹਿਤਕ ਸਭਾ ਦੇ ਮੰਚ ਦਾ ਸੰਚਾਲਨ ਅਤੇ ਸਟੇਜ ਸਕੱਤਰ ਦੀ ਭੂਮਿਕਾ ਮੈਨੇਜਰ ਕੁਲਦੀਪ ਸਿੰਘ ਜੌਹਲ ਨੇ ਬਾਖੂਬੀ ਨਿਭਾਈ। ਸਭਾ ਦੀ ਸੁਰੂਆਤ ਜੀਵਨ ਸਿੰਘ ਦੁਸਾਂਝ ਦੇ ਗੀਤ 'ਦਾਣਾ ਪਾਣੀ' ਨਾਲ ਹੋਈ:

ਕਾਹਨੂੰ ਕਰਦਾਂ ਝਗੜੇ ਝੇੜੇ ਨਾਂ ਬੱਸ ਤੇਰੇ ਨਾਂ ਬੱਸ ਮੇਰੇ

ਆਪਸ ਦੇ ਵਿਚ ਵੰਡਕੇ ਖਾ ਲੋ ਨਾਲ ਨਾ ਕੋਈ ਲਿਜਾਂਦਾ ਹੋ,ਦਾਣਾ ਪਾਣੀ!

ਦਾਣਾ ਪਾਣੀ ਖਿਚ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ ਹੋ, ਦਾਣਾ ਪਾਣੀ।

ਇਸਤੋਂ ਇਲਾਵਾ ਜੀਵਨ ਸਿੰਘ ਦੁਸਾਂਝ ਨੇ ਇਕ ਗਜਲ ਸੁਣਾਈ:

ਇਤਨਾ ਜੋ ਮੁਸਕਰਾ ਰਹੇ ਹੋ, ਕਿਆ ਗਮ ਹੈ ਜਿਸਕੋ ਛੁਪਾ ਰਹੇ ਹੋ.

ਇਸਤੋਂ ਬਾਅਦ ਪ੍ਰਸਿੱਧ ਵਾਰਤਿਕ ਲੇਖਕ ਗਿਆਨੀ ਸੰਤੋਖ ਸਿੰਘ ਨੇ ਰਾਸਟਰਪਤੀ ਰੂਜਵੈਲਟ ਦੀ ਇਕ ਕਥਨੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਸਾਨੂੰ ਸੰਖੇਪ ਸਬਦਾਂ ਵਿਚ ਟੂ ਦੀ ਪੁਆਇੰਟ ਗੱਲ ਕਰਨੀ ਚਾਹੀਦੀ ਹੈ ਨਹੀਂ ਤਾਂ ਸਰੋਤੇ ਬੋਰ ਹੋਣ ਲਗ ਪੈਂਦੇ ਹਨ। ਕਈਆਂ ਦੀ ਆਦਤ ਹੁੰਦੀ ਹੈ ਕਿ ਜੇ ਮਾਈਕ ਹੱਥ ਚ ਆ ਜਾਵੇ ਤਾਂ ਬੇਲੋੜੀਂਦਾ ਬੋਲਦੇ ਬੋਲਦੇ ਬਾਅਦ ਵਾਲੇ ਸਾਹਿਤਕਾਰਾਂ ਦਾ ਟਾਈਮ ਖਾ ਜਾਂਦੇ ਹਨ ਜੋਕਿ ਗਲਤ ਗੱਲ ਹੈ ਸਾਨੂੰ ਸਮੇਂ ਦੀ ਹੱਦ ਚ ਰਹਿਕੇ ਆਪਣੀ ਰਚਨਾ ਪੂਰੀ ਕਰਨੀ ਚਾਹੀਦੀ ਹੈ। ਇਸਤੋਂ ਇਲਾਵਾ ਉਹਨਾਂ ਇਕ ਕਵਿਤਾ 'ਕਿਸਤਾਂ ਵਿਚ' ਸੁਣਾਈ ;

ਆਪਣੇ ਹੱਥੀਂ ਮਾਪੇ ਭੇਜ ਰਹੇ ਨੇ ਬਾਹਰ ਬਚਿਆਂ ਨੂੰ ਕਿਸਤਾਂ ਵਿਚ, ਜਵਾਨੀ ਰੁੜ ਗਈ ਕਮਾਈਆਂ ਕਰਦੇ ਕਰਦੇ ਨਾ ਬਣ ਸਕਿਆ ਕੋਈ ਮਕਾਨ ਕਿਸਤਾਂ ਵਿਚ। ਦਿਤਾ ਰੱਜ ਰੱਜ ਕਰਜਾ ਬੈਂਕਾਂ ਅਤੇ ਆੜਤੀਆਂ ਨੇ, ਬਣਾ ਦਿਤੀ ਮੁਸੀਬਤ ਭੁਗਤਾਨ ਕਿਸਤਾਂ ਵਿਚ।

"ਦੀ ਪੰਜਾਬ ਹੈਰਾਲਡ" ਦੇ ਸੰਪਾਦਕ ਡਾਕਟਰ ਅਵਤਾਰ ਸਿੰਘ ਸੰਘਾ ਨੇ ਪ੍ਰਸਿੱਧ ਕਵੀ ਪ੍ਰੋਫੈਸਰ ਰਾਹਤ ਇੰਦੌਰੀ ਦੀ ਜੀਵਨੀ ਤੇ ਚਾਨਣਾ ਪਾਉਂਦਿਆਂ ਉਹਨਾਂ ਦਾ ਇਕ ਕਲਾਮ ਵੀ ਸੁਣਾਇਆ :

ਯੇਹ ਜਿੰਦਗੀ ਸਵਾਲ ਥੀ ਪਰ ਜਵਾਬ ਮਾਂਗਨੇ ਲਗੇ, ਮੈਂ ਜੁਗਨੂੰ(ਮੂਰਖ ਬੰਦੇ) ਕੋ ਮੂੰਹ ਲਗਾਕੇ ਉਲਝਨੋਂ ਮੇਂ ਪੜ ਗਿਆ, ਯੇਹ ਬੇਵਕੂਫ ਮੁਝ ਸੇ ਆਫਤਾਬ(ਸੂਰਜ) ਮਾਂਗਨੇ ਲਗੇ। ਜਰਾ ਸੀ ਦਾਦ ਕਿਆ ਮਿਲੀ, ਖਿਤਾਬ ਮਾਂਗਨੇ ਲਗੇ।

ਇਹਨਾਂ ਨੇ ਇਕ ਹੋਰ ਕਵਿਤਾ 'ਬਰੇਕ ਲੈਣੀ ਚਾਹੀਦੀ' ਸੁਣਾਕੇ ਵਾਹਵਾ ਖੱਟੀ :

ਜਿੰਦਗੀ ਚ ਪੈਸਿਆਂ ਦੀ ਦੌੜ ਨਹੀਓ ਮੁਕਣੀ, ਵਿਹਲੇ ਬਹਿਕੇ ਕਦੇ ਕਦੇ ਧੂਣੀ ਸੇਕ ਲੈਣੀ ਚਾਹੀਦੀ, ਕਦੇ ਕਦੇ ਬੰਦੇ ਨੂੰ ਬਰੇਕ ਲੈਣੀ ਚਾਹੀਦੀ।

ਬੀਬੀ ਬਿਮਲਾ ਵਰਮਾਂ ਨੇ ਇਕ ਕਵਿਤਾ :

ਸਤਿਗੁਰ ਨਾਨਕ ਆਜਾ ਸੰਗਤ ਪਈ ਪੁਕਾਰਦੀ, ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ, ਤੂੰ ਕਰਮ ਕਮਾਇਆ ਦਾਤਾ ਡੁੱਬਿਆਂ ਨੂੰ ਤਾਰਿਆ।

ਕੈਪਟਨ ਦਲਜੀਤ ਸਿੰਘ ਸੁਧਾਰ ਨੇ ਮਿਠੀ ਅਵਾਜ ਵਿਚ ਬਾਬਾ ਨਾਨਕ ਉਤੇ ਇਕ ਧਾਰਮਿਕ ਗੀਤ ਸੁਣਾਇਆ:

ਜਿਸਤੇ ਹੋਵੇ ਤੇਰੀ ਕਿਰਪਾ ਤਿਸਦੇ ਸਿਰ ਤੋਂ ਟਲੇ ਬਲਾਅ।

ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

ਮੈਨੇਜਰ ਕੁਲਦੀਪ ਸਿੰਘ ਜੌਹਲ ਨੇ ਸਿਵ ਕੁਮਾਰ ਬਟਾਲਵੀ ਦਾ ਲਿਖਿਆ ਗੀਤ ਤਰੰਨਮ ਵਿਚ ਇੰਝ ਸੁਣਾਇਆ:

ਗਮਾਂ ਦੀ ਰਾਤ ਲੰਮੀਂ ਏ ਜਾਂ ਮੇਰੇ ਗੀਤ ਲੰਮੇ ਨੇ, ਨਾਂ ਭੈੜੀ ਰਾਤ ਮੁੱਕਦੀ ਏ ਨਾਂ ਮੇਰੇ ਗੀਤ ਮੁਕਦੇ ਨੇ। ਨਾਂ ਲੁਕਦੈ ਤਾਰਿਆਂ ਚ ਚੰਨ ਨਾ ਤਾਰੇ ਚੰਨ ਚ ਲੁਕਦੇ ਨੇ।

ਬੀਬੀ ਪ੍ਰੀਤ ਗਿਲ ਨੇ ਨਫਰਤ ਕਰਨ ਵਾਲਿਆਂ ਵਾਰੇ ਰੱਬ ਅਗੇ ਅਰਜੋਈ ਕਰਦਿਆਂ ਇਕ ਕਵਿਤਾ ਸੁਣਾਈ:

ਰੋੜੇ ਇੱਟਾਂ ਮਲਬਾ ਚੁਕ ਚੁਕਾ ਕੇ ਰਾਹ ਸੁਖਾਲੇ ਸਿਧੇ ਕਰਦੇ ਰੱਬਾ, ਜਿਹੜੇ ਕਰਦੇ ਨਫਰਤ ਬਾਹਲੀ, ਮੈਥੋਂ ਦਿਲ ਉਹਨਾਂ ਦਾ ਚਾਹੁਣ ਲਾ ਦੇ ਰੱਬਾ।

ਗੁਰਦਿਆਲ ਸਿੰਘ ਉੜੀਸਾ ਵਾਲਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਸਾਖੀ ਉਹਨਾਂ ਦੇ ਜਨਮ ਦਿਨ ਤੋਂ ਲੈਕੇ ਜੋਤੀ ਜੋਤ ਸਮਾਉਣ ਤੱਕ ਦੀ ਬਾਖੂਬੀ ਸੁਣਾਈ ਕਿ ਕਿਵੇਂ ਗੁਰੂ ਜੀ ਦੇ ਜਨਮ ਵੇਲੇ ਹੀ ਦਾਈ ਨੂੰ ਗੁਰੂ ਨਾਨਕ ਵਿਚੋਂ ਰੱਬ ਦਾ ਨੂਰ ਦਿਖਾਈ ਦਿਤਾ। ਬੇਬੇ ਨਾਨਕੀ ਵੀ ਸਮਝ ਗਈ ਸੀ ਕਿ ਮੇਰਾ ਵੀਰ ਕੋਈ ਆਮ ਇਨਸਾਨ ਨਹੀਂ ਸਗੋਂ ਇਹ ਤਾਂ ਰੱਬ ਦੀ ਸੱਚੀ ਜੋਤ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਲੋਕਾਈ ਨੂੰ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦੀ ਨਸੀਹਤ ਮਿਸਾਲਾਂ ਸਹਿਤ ਦਿਤੀ। ਗੁਰਦਿਆਲ ਸਿੰਘ ਨੇ ਗੁਰੂ ਜੀ ਦੀ ਜੀਵਨੀ, ਪੜਾਈ, ਉਦਾਸੀਆਂ ਅਤੇ ਜੋਤੀ ਜੋਤ ਸਮਾਉਣ ਵੇਲੇ ਸਿੱਖਾਂ ਅਤੇ ਮੁਸਲਮਾਨਾਂ ਵਲੋਂ ਆਪਣਾ ਆਪਣਾ ਪੀਰ ਮੰਨਣਾ ਉਤੇ ਵਿਸਥਾਰ ਨਾਲ ਚਾਨਣਾ ਪਾਇਆ।

ਭਵਨਦੀਪ ਸਿੰਘ ਜਗਰਾਓਂ ਨੇ ਵੀ ਸਿੱਖਿਆਦਾਇਕ ਟੋਟਕੇ ਸੁਣਾਏ :

ਰੁਖ ਛਾਂ ਵਾਲਾ ਕਦੇ ਨਾ ਪੁੱਟੀਏ, ਵਿਚ ਕੁਸਤੀ ਦੇ ਛੇੜੀਏ ਨਾਂ ਮੱਲ ਨੂੰ, ਆਕੇ ਚੁਕ ਵਿਚ ਕਦੇ ਨਾਂ ਵਧਾਈਏ ਗੱਲ ਨੂੰ। ਬੰਦਾ ਓਹੀ ਜਿਹੜਾ ਕਰੇ ਇਨਸਾਫ ਮਿਤਰੋ।

ਭਜਨ ਸਿੰਘ ਸਿੱਧੂ ਨੇ ਅੱਜ ਕੱਲ ਮੋਬਾਈਲ ਫੋਨ ਦੀ ਅੰਨੇਵਾਹ ਵਰਤੋਂ ਤੇ ਕਟਾਖਸ ਕਰਦਿਆਂ ਇਕ ਕਵਿਤਾ ਸੁਣਾਈ ਕਿ ਜਿਥੇ ਮੋਬਾਈਲ ਫੋਨ ਨੇ ਦੁਨੀਆਂ ਨੂੰ ਮੁਠੀ ਵਿਚ ਕੀਤਾ ਹੈ ਉਥੇ ਇਹ ਕੋਲ ਬੈਠੇ ਆਪਣਿਆਂ ਤੋਂ ਦੂਰ ਲੈ ਗਿਆ ਹੈ:

ਬਸ ਦੇ ਸਫਰ ਵਿਚ -

ਸਾਰਿਆਂ ਦੇ ਹੱਥ ਵਿਚ ਮੋਬਾਈਲ ਸੀ, ਕਿਸੇ ਨੂੰ ਫੋਨ ਆਇਆ ਤੇ ਕਿਸੇ ਨੇ ਕੀਤਾ ਡਾਇਲ ਸੀ, ਕੋਈ ਫੋਨ ਤੇ ਸੀ ਗਾਣੇ ਸੁਣੀ ਜਾ ਰਿਹਾ ਕੋਈ ਗੇਮ ਖੇਡਕੇ ਸੀ ਮਨ ਪਰਚਾ ਰਿਹਾ, ਆਪਣੇ ਆਸੇ ਪਾਸੇ ਸਾਰੇ ਏਲੀਅਨ ਸੀ ਜਾਪਦੇ।

ਬੈਂਕ ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਦੁਖ ਪ੍ਰਗਟ ਕੀਤਾ ਕਿ ਕਿਵੇਂ ਲਾਲਚੀ ਲੋਕ ਅਜ ਕੱਲ ਬੇਈਮਾਨੀਆਂ ਕਰਕੇ ਧਨ ਇਕੱਠਾ ਕਰ ਰਹੇ ਹਨ। ਅਖੀਰ ਮਰਨ ਵੇਲੇ ਬੰਦੇ ਦੇ ਨਾਲ ਕੁਝ ਨੀ ਜਾਣਾ ਸਿਰਫ ਚਾਰ ਹੱਥ ਧਰਤੀ ਉਤੇ ਸਭ ਨੇ ਖਾਕ ਹੋ ਜਾਣਾ ਹੈ। ਉਹਨਾਂ ਸਿਕੰਦਰ ਮਹਾਨ ਦੇ ਦੋਨੋ ਖਾਲੀ ਹੱਥ ਕਰਕੇ ਸਮਸਾਨ ਵੱਲ ਨੂੰ ਜਾਣ ਦੀ ਮਿਸਾਲ ਦੇਕੇ ਬਾਬਾ ਨਾਨਕ ਦਾ ਉਪਦੇਸ ਵੀ ਸੁਣਾਇਆ ਕਿ ਸਾਨੂੰ ਨੇਕ ਕਮਾਈ ਕਰਨੀਂ ਚਾਹੀਦੀ ਹੈ ਅਤੇ ਪਰਾਇਆ ਹੱਕ ਮਾਰਕੇ ਨਹੀਂ ਖਾਣਾ ਚਾਹੀਦਾ ।

ਹਰਬੰਸ ਸਿੰਘ ਮਾਲਵਾ ਨੇ ਇਕ ਧੀ ਦੀ ਆਪਣੀ ਮਾਂ ਨਾਲ ਕਰੁਣਾਮਈ ਵਾਰਤਾ ਗੀਤ ਰਾਹੀਂ ਸੁਣਾਈ:

ਮਾਏ ਮੈਂ ਜਵਾਨ ਹੋ ਗਈ ਤਾਹੀਓਂ ਅੱਖਾਂ ਵਿਚੋਂ ਉਠ ਗਈ ਏ ਨੀਂਦ ਤੇਰੀ। ਤੇਰੇ ਮੁਖੜੇ ਦੇ ਉਤੇ ਮਾਏ ਫਿਕਰਾਂ ਦਾ ਰੰਗ, ਰਹੇ ਮੇਰੇ ਅੰਗ ਸੰਗ। ਜਦੋਂ ਕਦੇ ਡੰਗੇ ਤੈਨੂੰ ਫਿਕਰਾਂ ਦੀ ਨਾਗਣੀ ਵੱਜੇ ਮੇਰੇ ਸੀਨੇ ਵਿਚ ਡੰਗ।

ਰਿਟਾਇਰਡ ਡੀਐਸਪੀ ਕਿਸਨ ਬੈਨੀਵਾਲ ਹਰਿਆਣਾ ਨੇ ਬੋਲਦਿਆਂ ਕਿਹਾ ਕਿ ਸਾਨੂੰ ਸਾਡੇ ਮਾਣਮੱਤੇ ਇਤਿਹਾਸ ਤੇ ਮਾਣ ਹੋਣਾ ਚਾਹੀਦਾ ਹੈ ਅਤੇ ਆਪਣਾ ਇਤਿਹਾਸ ਭੁਲਣਾ ਨਹੀਂ ਚਾਹੀਦਾ। ਸਾਡੇ ਪੁਰਖਿਆਂ ਨੇ ਮਿਹਨਤਾਂ ਕਰਕੇ ਸਾਨੂੰ ਐਥੇ ਤੱਕ ਪਹੁੰਚਾਇਆ ਹੈ ਇਸੇ ਤਰਾਂ ਸਾਡਾ ਵੀ ਫਰਜ ਬਣ ਜਾਂਦਾ ਹੈ ਕਿ ਅਸੀਂ ਵੀ ਆਉਣ ਵਾਲੀ ਜੈਨਰੇਸਨ ਨੂੰ ਪੜਿਆ ਲਿਖਿਆ ਬਣਾਕੇ ਇਕ ਨਰੋਏ ਸਮਾਜ ਦੀ ਉਸਾਰੀ ਕਰੀਏ। ਉਹਨਾਂ ਮੁਗਲਾਂ ਦੇ ਰਾਜ ਵੇਲੇ ਸਿੰਘਾਂ ਦੀ "ਚੱਕਦੇ ਫੱਟੇ" ਵਾਲੀ ਕਹਾਵਤ ਦੇ ਅਰਥ ਸਮਝਾਉਂਦੇ ਭੂਮੀਆਂ ਚੋਰ ਦੀ ਕਹਾਣੀ ਵੀ ਸੁਣਾਈ ਜਿਸਨੇ ਆਪਣੇ ਗੁਰੂ ਦੇ ਮੂਹਰੇ ਕੀਤੇ ਕੌਲ ਕਰਾਰ ਨਿਭਾਕੇ ਇਕ ਰਾਜੇ ਦੇ ਦਰਬਾਰ ਵਿਚ ਸੋਹਰਤ ਪਾਈ।

ਕਮਾਂਡਰ ਭੁਪਿੰਦਰ ਸਿੰਘ ਚੌਕੀਮਾਨ ਨੇ ਕਿਹਾ ਕਿ ਸਾਨੂੰ ਗੁਰੂਆਂ ਦੀਆਂ ਚੰਗੀਆਂ ਸਿਖਿਆਵਾਂ ਨੂੰ ਅਪਨਾਉਣਾ ਚਾਹੀਦਾ ਹੈ। ਖੁਸੀ ਦੀ ਗੱਲ ਹੈ ਕਿ ਬਾਬਾ ਨਾਨਕ ਦੀ ਇਨਸਾਫ ਪਸੰਦ ਸੋਚ ਅਤੇ ਜੁਲਮ ਵਿਰੁੱਧ ਨਿਡਰਤਾ ਨਾਲ ਅਵਾਜ ਉਠਾਉਣ ਦੇ ਮੱਦੇਨਜਰ ਸੁਪਰੀਮ ਕੋਰਟ ਦੁਆਰਾ ਵੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਗਿਆ ਹੈ। ਚੌਕੀਮਾਨ ਨੇ ਇੰਟਰਨੈਸਨਲ ਪਾਲਿਟਿਕਸ ਤੇ ਵਿਚਾਰ ਚਰਚਾ ਕਰਦਿਆਂ ਆਖਿਆ ਕਿ ਹੁਣ ਵਰਡ ਆਰਡਰ ਪੂਰੀ ਤਰਾਂ ਬਦਲ ਰਿਹਾ ਹੈ। ਉਹਨਾਂ ਆਪਣੀ ਲਿਖੀ ਇਕ ਕਵਿਤਾ ਵੀ ਸੁਣਾਈ:

ਜੁਗਾਂ ਜੁਗਾਂ ਤੋਂ ਰੂਪ ਬਦਲ ਕੇ ਕਿਸਮ ਕਿਸਮ ਦੇ ਉਦੇਸ ਲੈਕੇ ਅੱਜ ਦੇ ਯੁਗ ਵਿਚ ਆਇਆ ਬੰਦਾ। ਮਨ ਦੀ ਤ੍ਰਿਸਨਾ ਪੂਰੀ ਕਰਨ ਲਈ ਅਕਾਸ ਪਤਾਲ ਦੀਆਂ ਖੋਜਾਂ ਕਰਕੇ, ਮਾਲਕ ਪਦਾਰਥਵਾਦ ਦਾ ਬਣਕੇ ਫਿਰ ਵੀ ਸਾਂਤਚਿੱਤ ਨਾ ਹੋਇਆ ਬੰਦਾ।

ਜਸਵੰਤ ਸਿੰਘ ਪੰਨੂ ਨੇ ਪਾਖੰਡਵਾਦ ਦੀ ਨਿਖੇਧੀ ਕਰਦਿਆਂ ਕਿਹਾ:

ਵਾਹ ਰੱਬਾ ਤੇਰੀ ਦੁਨੀਆਂ ਦੇ ਦੋਗਲੇ ਰੰਗ ਵੇਖੇ, ਗੁਰੂ ਘਰਾਂ ਤੇ ਕਾਬਜ ਮਸੰਦ ਵੇਖੇ। ਤੇਰੇ ਨਾਂ ਤੇ ਲੋਕਾਂ ਨੇ ਖੋਹਲ ਲਈਆ ਹੱਟੀਆਂ, ਵੱਖੋ ਵਖਰੇ ਇਹਨਾਂ ਦੇ ਪਾਖੰਡ ਵੇਖੇ।

ਬੈਂਕ ਮੈਨੇਜਰ ਨਰਿੰਦਰਪਾਲ ਸਿੰਘ ਨੇ "ਸਿਆਣਪ" ਸਬਦ ਦਾ ਤਰਜਮਾ ਕਰਦਿਆਂ ਕਿਹ ਕਿ ਸਾਡੀ ਕਮਿਊਨਿਟੀ ਵਿਚ ਸਿਆਣਪ ਦੀ ਬਹੁਤ ਜਰੂਰਤ ਹੈ। ਸਿਆਣਪ ਨਾਲ ਬਹੁਤ ਸਾਰੇ ਮਸਲੇ ਹੱਲ ਹੋ ਜਾਂਦੇ ਨੇ। ਸਾਨੂੰ ਟੂਣੇ ਟਾਮਣ ਕਰਨ ਵਾਲੇ ਅਖੌਤੀ ਸਿਆਣਿਆਂ ਕੋਲ ਨਹੀਂ ਜਾਣਾ ਚਾਹੀਦਾ ਸਗੋਂ ਸਾਨੂੰ ਗੁਰਬਾਣੀ ਵਿਚੋਂ ਸੇਧ ਲੈਕੇ ਗੁਰੂ ਆਸੇ ਅਨੁਸਾਰ ਵਿਚਰਨਾ ਚਾਹੀਦਾ ਹੈ। ਤਰਕ ਦੀ ਕਸਵੱਟੀ ਉਤੇ ਨਿਭਦੀ ਸਿਆਣਪ ਸਾਡੇ ਸਮਾਜ ਦਾ ਗਹਿਣਾ ਹੈ। ਉਹਨਾਂ ਨੇ ਸੁਰਜੀਤ ਪਾਤਰ ਦੀ ਇਕ ਰਚਨਾ ਵੀ ਸੁਣਾਈ:

ਨੇਰ੍ਹ ਨਾ ਸਮਝੇ ਕਿ ਚਾਨਣ ਡਰ ਗਿਆ ਹੈ, ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ। ਬਾਲ ਜੋਤਾਂ ਆਸ ਭਰੀਆਂ ਮਾਣ ਮੱਤੀਆਂ, ਤੂੰ ਉਠ ਜਗਾਦੇ ਮੋਮਬੱਤੀਆਂ।

ਜਗਜੀਤ ਸਿੰਘ ਥਿੰਦ ਨੇ ਗਲੈਨਵੁੱਡ ਗੁਰਦੁਆਰਾ ਸਾਹਿਬ ਦੇ ਇਤਿਹਾਸ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਡੇ ਸਿਖ ਸਮਾਜ ਨੇ ਬੜੀ ਹਿੰਮਤ ਕਰਕੇ ਇਹ ਸਾਨਦਾਰ ਗੁਰੂ ਘਰ ਅਤੇ ਪੰਜਾਬੀ ਸਕੂਲ ਦੀ ਸਥਾਪਨਾ ਕੀਤੀ ਸੀ ਉਹਨਾਂ ਦੀਆਂ ਗੱਲਾਂ ਤੋਂ ਇਸ ਤਰਾਂ ਲੱਗ ਰਿਹਾ ਸੀ ਕਿ ਥਿੰਦ ਸਾਹਿਬ ਦਾ ਵੀ ਇਸ ਵਿਚ ਕਾਫੀ ਯੋਗਦਾਨ ਰਿਹਾ ਹੈ। ਦੇਸ ਅਤੇ ਪੰਜਾਬ ਦੀ ਨੁਮਾਇੰਦਗੀ ਕਰਦੇ ਰੇਡੀਓ ਚੈਨਲ ਨੂੰ ਸੁਰੂ ਕਰਨ ਵਾਲਿਆਂ ਵਿਚੋਂ ਵੀ ਇਹ ਮੋਢੀ ਰਹੇ ਹਨ। ਉਹਨਾਂ ਆਪਣੀ ਨਨਕਾਣਾ ਸਾਹਿਬ ਦੀ ਫੇਰੀ ਨੂੰ ਯਾਦ ਕਰਦਿਆਂ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਤੇ ਚਾਨਣਾਂ ਪਾਇਆ। ਉਹਨਾਂ ਇਤਿਹਾਸ ਫਰੋਲਦਿਆਂ ਦੱਸਿਆ ਕਿ ਅਸੀਂ ਸਾਨਾਂਮੱਤੀ ਆਰੀਆ ਕੌਮ ਵਿਚੋਂ ਹਾਂ। ਕਿਸੇ ਵੇਲੇ ਧਰਤੀ ਉਤੇ ਇਕ ਵੱਡਾ ਇਲਾਕਾ ਅਰਮਾਨਸਤਾਨ ਹੋਇਆ ਕਰਦਾ ਸੀ ਜੋ ਬਾਅਦ ਵਿਚ ਸੱਤ ਮੁਲਕਾ ਉਜਬੇਕਿਸਤਾਨ, ਕਜਾਖਸਤਾਨ ਆਦਿ ਵਿਚ ਵੰਡਿਆ ਗਿਆ। ਦੁਨੀਆਂ ਦੇ ਲਗਪਗ 33 ਮੁਲਕਾਂ ਵਿਚ ਆਰੀਆ ਨਸਲ ਦੇ ਲੋਕ ਵਸਦੇ ਹਨ ਜੋ ਬਹੁਤ ਸਿਆਣੇ, ਜੁਝਾਰੂ ਮਿਹਨਤੀ ਕਿਸਮ ਦੀ ਨਸਲ ਹੈ। ਉਹਨਾਂ ਇਤਿਹਾਸ ਦੇ "ਚਾਰ" ਅਤੇ "ਪੰਜ" ਦੇ ਅੰਕੜੇ ਦੀ ਮਹੱਤਤਾ ਤੇ ਵੀ ਚਾਨਣਾ ਪਾਇਆ।

ਰਘਬੀਰ ਸਿੰਘ ਚਹਿਲ ਨੇ ਇਸ ਸਾਹਿਤਕ ਦਰਬਾਰ ਦੀ ਸਿਫਤ ਕਰਦਿਆਂ ਕਿਹਾ ਕਿ ਖੁਸੀ ਦੀ ਗੱਲ ਹੈ ਆਪਾਂ ਪਰਦੇਸਾਂ ਦੇ ਵਿਚ ਵੀ ਆਪਣਾ ਕਲਚਰ ਸੰਭਾਲਿਆ ਹੋਇਆ ਹੈ। ਸਾਡਾ ਫਰਜ ਹੈ ਕਿ ਅਸੀਂ ਆਉਣ ਵਾਲੀ ਪੀੜੀ ਅਤੇ ਆਪਣੇ ਬਚਿਆਂ ਨੂੰ ਵੀ ਇਸ ਵਾਰੇ ਜਾਗਰੂਕ ਕਰਦੇ ਰਹੀਏ। ਉਹਨਾਂ ਕਿਹਾ ਆਸਟ੍ਰੇਲੀਆ ਇਕ ਸਾਫ ਸੁਥਰਾ ਦੇਸ ਹੋਣ ਦੇ ਨਾਲ ਸਾਨੂੰ ਵਧੀਆ ਰੁਜਗਾਰ ਵੀ ਦਿੰਦਾ ਹੈ ਸੋ ਸਾਨੂੰ ਇਸ ਦੇਸ ਵਾਰੇ ਮਾੜਾ ਨਹੀਂ ਸੋਚਣਾ ਚਾਹੀਦਾ।

ਭੁਪਿੰਦਰ ਸਿੰਘ ਜੰਡੂ ਨੇ ਗੁਰਦਾਸ ਮਾਨ ਦਾ ਗੀਤ ਸੁਣਾਕੇ ਸਭ ਦਾ ਦਿਲ ਖੁਸ ਕਰ ਦਿਤਾ :

ਜਿਹੜੇ ਦੇਸ ਦਾ ਖਾਈਏ ਉਸਦਾ ਬੁਰਾ ਨੀ ਮੰਗੀਦਾ।

ਲੱਖ ਪਰਦੇਸੀ ਹੋਈਏ ਆਪਣਾਂ ਦੇਸ ਨੀ ਭੰਡੀਦਾ ਮਾੜੇ ਬੰਦੇ ਵਿਚ ਵੀ ਕੋਈ ਗੁਣ ਚੰਗਾ ਹੋਵੇਗਾ।

ਇਸ ਸਾਹਿਤਕ ਦਰਬਾਰ ਵਿੱਚ ਕੈਪਟਨ ਪੂਰਨ ਸਿੰਘ ਗਗੜਾ, ਪ੍ਰਧਾਨ ਮਹਿਫਲੇ ਅਦੀਬ ਜਗਰਾਉਂ ਦਾ ਕਾਵਿ ਸੰਗ੍ਰਹਿ "ਬਹੁਰੰਗੀ ਪਰਵਾਜ" ਵੀ ਰਿਲੀਜ ਕੀਤੀ ਗਈ।

ਇਸ ਸਾਹਿਤਕ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਭਗਵੰਤ ਕੌਰ ਜੌਹਲ, ਕੁਲਵੰਤ ਕੌਰ ਸਿੱਧੂ, ਸੁਰਿੰਦਰਪਾਲ ਦੁਸਾਂਝ, ਸਤਨਾਮ ਕੌਰ, ਪਰਵਿੰਦਰ ਕੌਰ ਸੰਧੂ, ਛਿੰਦਰਪਾਲ ਕੌਰ, ਹਰਚਰਨ ਸਿੰਘ ਬੋਲਾ, ਕਰਮਜੀਤ ਸਿੰਘ ਚਾਹਲ, ਡਾਕਟਰ ਕਸਮੀਰ ਸਿੰਘ, ਦਲਬੀਰ ਸਿੰਘ ਚੱਠਾ, ਬਹਾਦਰ ਸਿੰਘ ਆਦਿ ਨੇ ਵੀ ਆਪਣੀ ਵਡਮੁਲੀ ਹਾਜਰੀ ਲਗਵਾਈ। ਕੁਲ ਮਿਲਾਕੇ ਇਹ ਪੰਜਾਬੀ ਸਾਹਿਤਕ ਦਰਬਾਰ ਆਪਣੀਆਂ ਨਿਵੇਕਲੀਆਂ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ। ਅਖੀਰ ਵਿਚ ਇਕ ਫੋਟੋ ਸੈਸਨ ਵੀ ਆਯੋਜਤ ਕੀਤਾ ਗਿਆ। ਸਾਰੇ ਸੱਜਣਾਂ ਨੇ ਫਤਹਿ ਦੀ ਸਾਂਝ ਪਾਉਂਦਿਆਂ ਅਗਲੀ ਵਾਰ ਫਿਰ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਵਿਦਾਇਗੀ ਲਈ ।। ਧੰਨਵਾਦ ਜੀ।।

# ਹਕੀਕਤ ਤੋਂ ਮੂੰਹ ਮੋੜਦੀ ਆਧੁਨਿਕਤਾ

ਸੁਪਰੀਮ ਕੋਰਟ ਦੀ ਇਹ ਹਾਲੀਆ ਟਿੱਪਣੀ ਚਰਚਾ ਦਾ ਵਿਸ਼ਾ ਬਣੀ ਕਿ 'ਕਿਸੇ ਸਬੰਧ ਦੇ ਖਤਮ ਹੋ ਜਾਣ ਜਾਂ ਸਿਰਫ ਨਾਪਸੰਦ ਹੋ ਜਾਣ ਨਾਲ ਉਸ ਨੂੰ ਬਾਅਦ 'ਚ ਜਬਰ ਜਨਾਹ ਦੇ ਰੂਪ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ। ਵਿਆਹ ਦੇ ਝੂਠੇ ਵਾਅਦੇ 'ਤੇ ਲਗਾਏ ਗਏ ਜਬਰ ਜਨਾਹ ਦੇ ਦੋਸ਼ ਤਦ ਮਨਜ਼ੂਰ ਹੋਣਗੇ, ਜਦ ਉਹ ਸਪੱਸ਼ਟ ਤੇ ਪੁਖਤਾ ਸਬੂਤ ਸਮੇਤ ਹੋਣਗੇ। ਬਾਲਗਾਂ ਵਿਚਾਲੇ ਸਹਿਮਤੀ ਨਾਲ ਬਣੇ ਸਬੰਧ ਦਾ ਟੁੱਟ ਜਾਣਾ ਮਰਦ ਦੇ ਖਿਲਾਫ ਜਬਰ ਜਨਾਹ ਦੇ ਅਪਰਾਧਕ ਮਾਮਲੇ ਦਾ ਆਧਾਰ ਨਹੀਂ ਬਣ ਸਕਦਾ।'

ਔਰੰਗਾਬਾਦ ਦੇ ਇਕ ਵਕੀਲ 'ਤੇ ਜਬਰ ਜਨਾਹ ਦੇ ਮਾਮਲੇ ਨੂੰ ਰੱਦ ਕਰਦੇ ਹੋਏ ਜਸਟਿਸ ਬੀਵੀ ਨਾਗਰਤਨਾ ਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਨੇ ਇਹ ਵੀ ਕਿਹਾ, 'ਹਰ ਵਿਗੜੇ ਹੋਏ ਸਬੰਧ ਨੂੰ ਜਬਰ ਜਨਾਹ ਦੇ ਅਪਰਾਧ 'ਚ ਤਬਦੀਲ ਕਰਨਾ ਨਾ ਸਿਰਫ ਅਪਰਾਧ ਦੀ ਗੰਭੀਰਤਾ ਨੂੰ ਘੱਟ ਕਰਦਾ ਹੈ, ਬਲਕਿ ਮੁਲਜ਼ਮ 'ਤੇ ਅਮਿੱਟ ਕਲੰਕ ਤੇ ਗੰਭੀਰ ਬੇਇਨਸਾਫੀ ਵੀ ਥੋਪਦਾ ਹੈ। ਅਪਰਾਧਕ ਨਿਆ ਪ੍ਰਣਾਲੀ ਦੀ ਅਜਿਹੀ ਦੁਰਵਰਤੋਂ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ।'

ਇਹ ਪਹਿਲਾ ਮੌਕਾ ਨਹੀਂ ਹੈ ਕਿ ਅਦਾਲਤ ਨੇ ਲਿਵ-ਇਨ 'ਚ ਰਹਿ ਰਹੇ ਜੋੜਿਆਂ 'ਤੇ ਅਜਿਹੀ ਤਲਖ ਟਿੱਪਣੀ ਕੀਤੀ ਹੋਵੇ। ਜੂਨ 2025 'ਚ ਸ਼ਾਨੇ ਆਲਮ ਬਨਾਮ ਉੱਤਰ ਪ੍ਰਦੇਸ਼ ਰਾਜ ਮਾਮਲੇ 'ਚ ਇਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ 'ਲਿਵ-ਇਨ ਸਬੰਧ ਭਾਰਤੀ ਮੱਧ ਵਰਗੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਉਲਟ ਹੈ ਤੇ ਇਹ ਅਕਸਰ ਕਾਨੂੰਨੀ ਵਿਵਾਦ ਦਾ ਕਾਰਨ ਬਣਦੇ ਹਨ, ਜਿਸ ਦਾ ਔਰਤਾਂ 'ਤੇ ਉਲਟ ਅਸਰ ਪੈਂਦਾ ਹੈ।'

ਅਜੇ ਭਾਰਤੀ ਸਮਾਜਿਕ, ਸੱਭਿਆਚਾਰਕ ਵਿਵਸਥਾ ਅਜਿਹੇ ਇਨਫੈਕਸ਼ਨ ਕਾਲ 'ਚੋਂ ਲੰਘ ਰਹੀ ਹੈ, ਜਿੱਥੇ ਕਥਿਤ ਨਾਰੀਵਾਦੀ ਸਮੂਹ ਇਹ ਸਿੱਧ ਕਰਨ 'ਚ ਲੱਗੇ ਹਨ ਕਿ ਔਰਤ ਦੀ ਅਸਲੀ ਆਜ਼ਾਦੀ ਵਿਆਹ ਤੋਂ ਮੁਕਤੀ 'ਚ ਹੈ। ਇਹੀ ਕਾਰਨ ਹੈ ਕਿ ਦੇਸ਼ 'ਚ ਅਜਿਹੀਆਂ ਲੜਕੀਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ, ਜੋ ਵਿਆਹ ਨੂੰ ਬੰਧਨ ਤੇ ਰੂੜੀਵਾਦੀ ਧਾਰਨਾ ਮੰਨ ਕੇ ਉਸ ਨੂੰ ਨਕਾਰ ਰਹੀਆਂ ਹਨ ਤੇ ਉਸ ਦੇ ਬਦਲ 'ਚ ਲਿਵ-ਇਨ ਰਿਲੇਸ਼ਨਸ਼ਿਪ ਨੂੰ ਮਹੱਤਵ ਦੇ ਰਹੀਆਂ ਹਨ।

ਅੱਜ ਦੀ ਭਾਰਤੀ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਆਧੁਨਿਕ ਮੰਨਦੇ ਹੋਏ ਰਵਾਇਤੀ ਨਿਯਮਾਂ ਦੀ ਅਣਦੇਖੀ ਕਰ ਕੇ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਆਜ਼ਾਦ ਸੋਚ ਦਾ ਹਸਤਾਖਰ ਮੰਨ ਕੇ ਆਪਣੇ ਆਪ ਦੀ ਪਿੱਠ ਥਾਪੜਦੀ ਦਿਸਦੀ ਹੈ, ਪਰ ਕੁਝ ਸਮੇਂ ਬਾਅਦ ਉਹ ਆਪਣੇ ਆਪ ਨੂੰ ਅਜਿਹੇ ਚੱਕਰਵਿਊ 'ਚ ਫਸਿਆ ਹੋਇਆ ਦੇਖਦੀ ਹੈ, ਜਿਸ ਤੋਂ ਬਾਹਰ ਨਿਕਲਣਾ ਸੌਖਾ ਨਹੀਂ। ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਹੋਰ (2023) ਮਾਮਲੇ 'ਚ ਅਦਾਲਤ ਨੇ ਕਿਹਾ ਸੀ, 'ਪਹਿਲੀ ਨਜ਼ਰ 'ਚ ਲਿਵ-ਇਨ-ਰਿਸ਼ਤਾ ਬਹੁਤ ਆਕਰਸ਼ਕ ਲੱਗਦਾ ਹੈ, ਪਰ ਸਮਾਂ ਬੀਤਣ 'ਤੇ ਅਜਿਹੇ ਜੋੜਿਆਂ ਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਉਨ੍ਹਾਂ ਦੇ ਰਿਸ਼ਤੇ ਨੂੰ ਸਮਾਜਿਕ ਮਨਜ਼ੂਰੀ ਨਹੀਂ ਮਿਲੀ ਹੈ ਤੇ ਉਹ ਜੀਵਨ ਭਰ ਨਹੀਂ ਚੱਲ ਸਕਦਾ।



ਮਾਨਵ ਵਿਗਿਆਨੀ ਜੇਡੀ ਅਨਵਿਨ ਇਕ ਵਿਸਥਾਰਤ ਤੇ ਡੂੰਘੀ ਖੋਜ ਤੋਂ ਬਾਅਦ ਇਸ ਨਤੀਜੇ 'ਤੇ ਪੁੱਜੇ ਸਨ ਕਿ ਕਿਸੇ ਵੀ ਸਮਾਜ ਦੇ ਸੱਭਿਆਚਾਰਕ ਪਤਨ ਦੇ ਪਿੱਛੇ ਮੁੱਖ ਕਾਰਨ ਜਿਨਸੀ ਪਰੰਪਰਾ 'ਚ ਢਿੱਲ ਹੈ। ਅਨਵਿਨ ਮੁਤਾਬਕ ਸੱਭਿਆਚਾਰ ਦਾ ਸਿਖਰ ਸਭ ਤੋਂ ਸ਼ਕਤੀਸ਼ਾਲੀ ਤਾਲਮੇਲ ਵਿਆਹ ਤੋਂ ਪਹਿਲਾਂ ਸ਼ੁੱਧਤਾ ਦੇ ਨਾਲ 'ਪੂਰੀ ਤਰ੍ਹਾਂ ਵਫਾਦਾਰੀ' ਸੀ। ਉਹ ਸੱਭਿਆਚਾਰ ਜਿਨ੍ਹਾਂ ਨੇ ਘੱਟੋ-ਘੱਟ ਤਿੰਨ ਪੀੜ੍ਹੀਆਂ ਤੱਕ ਇਸ ਤਾਲਮੇਲ ਨੂੰ ਬਣਾਈ ਰੱਖਿਆ, ਉਹ ਸਾਹਿਤ, ਕਲਾ, ਵਿਗਿਆਨ, ਵਾਸਤੂਕਲਾ ਤੇ ਖੇਤੀ ਸਮੇਤ ਹਰ ਖੇਤਰ 'ਚ ਸਾਰੇ ਤਰ੍ਹਾਂ ਦੇ ਸੱਭਿਆਚਾਰਾਂ ਤੋਂ ਅੱਗੇ ਰਹੇ। ਯਕੀਨੀ ਤੌਰ 'ਤੇ ਉਹ ਨੌਜਵਾਨ ਪੀੜ੍ਹੀ ਜੋ ਨਿੱਜੀ ਆਜ਼ਾਦੀ ਨੂੰ ਹੀ ਵਿਕਾਸ ਤੇ ਆਤਮ-ਸੰਤੁਸ਼ਟੀ ਦਾ ਆਖਰੀ ਮਾਪਦੰਡ ਮੰਨਦੀ ਹੈ, ਉਸ ਲਈ ਸਮਾਜ, ਸੱਭਿਆਚਾਰ ਤੇ ਸਮੂਹਿਕ ਜ਼ਿੰਮੇਵਾਰੀ ਦਾ ਸਵਾਲ ਅਪ੍ਰਸੰਗਕ ਤੇ ਕਦੀ-ਕਦੀ ਦਮਨਕਾਰੀ ਤੱਕ ਪ੍ਰਤੀਤ ਹੁੰਦਾ ਹੈ।

ਜੇ ਲਿਵ-ਇਨ ਸਬੰਧਾਂ ਨੂੰ ਵਿਆਹ ਦੀ ਤੁਲਨਾ 'ਚ ਵੱਧ ਸੁਰੱਖਿਅਤ, ਆਜ਼ਾਦ ਤੇ ਆਧੁਨਿਕ ਬਦਲ ਮੰਨਿਆ ਜਾਵੇ, ਤਾਂ ਇਹ ਵਿਚਾਰਯੋਗ ਹੈ ਕਿ ਅਜਿਹੇ ਸਬੰਧ ਟੁੱਟਣ ਤੋਂ ਬਾਅਦ ਸਾਰੇ ਨੌਜਵਾਨ ਮੁੰਡੇ-ਕੁੜੀਆਂ ਅਪਰਾਧਕ ਦੋਸ਼ਾਂ, ਭਾਵਨਾਤਮਕ ਵਿਵਾਦਾਂ ਤੇ ਕਾਨੂੰਨੀ ਸੰਘਰਸ਼ਾਂ 'ਚ ਕਿਉਂ ਉਲਝ ਜਾਂਦੇ ਹਨ? ਜੇ ਇਹ ਵਿਵਸਥਾ ਅਸਲ 'ਚ ਉਨ੍ਹਾਂ ਦੇ ਹਿੱਤਾਂ ਦੀ ਰਖੀ ਕਰਦੀ, ਤਾਂ ਅਦਾਲਤਾਂ 'ਚ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਨਾ ਵਧਦੀ। ਇਸ ਦਾ ਸਭ ਤੋਂ ਵੱਧ ਵਿਰੋਧ ਤਾਂ ਤਦ ਦਿਸਦਾ ਹੈ, ਜਦ ਲਿਵ-ਇਨ ਨੂੰ 'ਸਸ਼ਕਤੀਕਰਨ' ਤੇ 'ਆਜ਼ਾਦੀ' ਦਾ ਪ੍ਰਤੀਕ ਮੰਨਣ ਵਾਲੀਆਂ ਲੜਕੀਆਂ ਕੁਝ ਸਾਲਾਂ ਦੇ ਸਹਿ-ਜੀਵਨ ਤੋਂ ਬਾਅਦ ਉਸੇ ਸਾਥੀ ਨਾਲ ਵਿਆਹ ਦੀ ਉਮੀਦ ਕਰਨ ਲੱਗਦੀਆਂ ਹਨ। ਆਜ਼ਾਦੀ ਦੇ ਨਾਂ 'ਤੇ ਵਿਆਹ ਜਿਹੀ ਸੰਸਥਾ ਨੂੰ ਪੁਰਾਤਨ ਜਾਂ ਅੜਿੱਕਾ ਦੱਸਣ ਵਾਲੀਆਂ ਔਰਤਾਂ ਆਖਰ ਇਸੇ ਵਿਆਹ ਸੰਸਥਾ 'ਚ ਸਥਿਰਤਾ, ਸੁਰੱਖਿਆ ਤੇ ਸਮਾਜਿਕ ਮਨਜ਼ੂਰੀ ਲੱਭਣ ਲੱਗਦੀਆਂ ਹਨ। ਇਹ ਦਰਸਾਉਂਦਾ ਹੈ ਕਿ ਲਿਵ-ਇਨ ਦਾ ਆਕਰਸ਼ਣ ਚਾਹੇ ਹੀ ਸ਼ੁਰੂਆਤ 'ਚ ਆਧੁਨਿਕ ਤੇ ਆਸਾਨ ਲੱਗੇ, ਪਰ ਸਮੇਂ ਦੇ ਨਾਲ ਸਮਾਜਿਕ ਹਕੀਕਤਾਂ ਤੇ ਭਾਵਨਾਤਮਕ ਉਮੀਦਾਂ ਉਨ੍ਹਾਂ ਨੂੰ ਮੁੜ ਉਸੇ ਢਾਂਚੇ ਵੱਲ ਮੁੜਨ ਲਈ ਪ੍ਰੇਰਿਤ ਕਰਦੀਆਂ ਹਨ, ਜਿਸ ਨੂੰ ਉਹ ਪਹਿਲਾਂ ਗੈਰ-ਜ਼ਰੂਰੀ ਬੰਧਨ ਮੰਨ ਕੇ ਨਾਮਨਜ਼ੂਰ ਕਰ ਚੁੱਕੀਆਂ ਹੁੰਦੀਆਂ ਹਨ।

ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਤਿੰਨ ਹੋਰ ਦੇ ਮਾਮਲੇ 'ਚ ਹੀ ਇਲਾਹਾਬਾਦ ਹਾਈ ਕੋਰਟ ਨੇ ਤਲਖ ਟਿੱਪਣੀ 'ਚ ਕਿਹਾ ਸੀ, 'ਵਿਆਹ ਵਿਅਕਤੀ ਨੂੰ ਜੋ ਸੁਰੱਖਿਆ, ਸਮਾਜਿਕ ਮਨਜ਼ੂਰੀ, ਤਰੱਕੀ ਤੇ ਸਥਿਰਤਾ ਪ੍ਰਦਾਨ ਕਰਦਾ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਕਦੀ ਨਹੀਂ ਦੇ ਸਕਦਾ। ਲਿਵ-ਇਨ ਨੂੰ ਇਸ ਦੇਸ਼ 'ਚ ਵਿਆਹ ਸੰਸਥਾ ਦੇ ਪੁਰਾਣੇ ਹੋ ਜਾਣ ਤੋਂ ਬਾਅਦ ਹੀ ਆਮ ਮੰਨਿਆ ਜਾਵੇਗਾ, ਜਿਵੇਂ ਕਈ ਕਥਿਤ ਤੌਰ 'ਤੇ ਵਿਕਸਿਤ ਦੇਸ਼ਾਂ 'ਚ ਵਿਆਹ ਸੰਸਥਾ ਦੀ ਰਾਖੀ ਕਰਨਾ ਉਨ੍ਹਾਂ ਲਈ ਇਕ ਵੱਡੀ ਮੁਸ਼ਕਲ ਬਣ ਗਈ ਹੈ। ਅਸੀਂ ਭਵਿੱਖ 'ਚ ਆਪਣੇ ਲਈ ਵੱਡੀ ਮੁਸ਼ਕਲ ਪੈਦਾ ਕਰਨ ਜਾ ਰਹੇ ਹਾਂ। ਇਸ ਦੇਸ਼ 'ਚ ਵਿਆਹ ਸੰਸਥਾ ਨੂੰ ਖਤਮ ਕਰਨ ਤੇ ਸਮਾਜ ਨੂੰ ਅਸਥਿਰ ਕਰਨ ਸਮੇਤ ਦੇਸ਼ ਦੀ ਤਰੱਕੀ 'ਚ ਅੜਿੱਕਾ ਪਾਉਣ ਦੀ ਵਿਵਸਥਿਤ ਯੋਜਨਾ ਹੈ। ਕੁਝ ਫਿਲਮਾਂ ਤੇ ਟੀਵੀ ਸੀਰੀਅਲਾਂ 'ਚ ਵਿਆਹ ਸੰਸਥਾ ਦਾ ਖ਼ਾਤਮਾ ਹੋ ਰਿਹਾ ਹੈ।

ਵਿਆਹੁਤਾ ਰਿਸ਼ਤਿਆਂ 'ਚ ਸਾਥੀ ਦੇ ਨਾਲ ਬੇਵਫਾਈ ਤੇ ਆਜ਼ਾਦ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਪ੍ਰਗਤੀਸ਼ੀਲ ਸਮਾਜ ਦੀ ਨਿਸ਼ਾਨੀ ਦੱਸਿਆ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਅਜਿਹੇ ਦਰਸ਼ਨ ਵੱਲ ਆਕਰਸ਼ਿਤ ਹੋ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਪਤਾ ਨਹੀਂ ਹੈ। ਇਕ ਰਿਸ਼ਤੇ ਤੋਂ ਦੂਜੇ ਰਿਸ਼ਤੇ 'ਚ ਜਾਣਾ ਕਿਸੇ ਵੀ ਤਰ੍ਹਾਂ ਤਸੱਲੀਬਖ਼ਸ਼ ਜੀਵਨ ਨਹੀਂ ਹੈ। ਹਰ ਮੌਸਮ 'ਚ ਸਾਥੀ ਬਦਲਣ ਦੀ ਧਾਰਨਾ ਨੂੰ ਸਥਿਰ ਤੇ ਸਿਹਤਮੰਦ ਸਮਾਜ ਦੀ ਪਛਾਣ ਨਹੀਂ ਮੰਨਿਆ ਜਾ ਸਕਦਾ। ਵਿਆਹ ਸੰਸਥਾ ਵਿਅਕਤੀ ਦੇ ਜੀਵਨ ਨੂੰ ਜੋ ਸੁਰੱਖਿਆ ਤੇ ਸਥਿਰਤਾ ਪ੍ਰਦਾਨ ਕਰਦੀ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਨਾਲ ਸੰਭਵ ਨਹੀਂ। ਅਜਿਹੇ ਰਿਸ਼ਤਿਆਂ ਨਾਲ ਪੈਦਾ ਹੋਣ ਵਾਲੇ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਦਾਲਤ ਦੀ ਇਹ ਟਿੱਪਣੀ ਚਿਤਾਵਨੀ ਦਿੰਦੀ ਹੈ ਕਿ ਜੇ ਨੌਜਵਾਨ ਪੀੜ੍ਹੀ ਆਧੁਨਿਕਤਾ ਦੇ ਨਾਂ 'ਤੇ ਹਕੀਕਤ ਤੋਂ ਅੱਖਾਂ ਬੰਦ ਕਰਦੀ ਰਹੀ, ਤਾਂ ਭਵਿੱਖ 'ਚ ਇਸ ਭੁਲੇਖੇ ਦੀ ਕੀਮਤ ਉਸ ਨੂੰ ਭਾਰੀ ਸਮਾਜਿਕ ਤੇ ਨਿੱਜੀ ਮੁਸ਼ਕਲਾਂ ਦੇ ਰੂਪ 'ਚ ਸਹਿਣ ਕਰਨੀ ਪਵੇਗੀ। ਤਦ ਵਾਪਸੀ ਦਾ ਕੋਈ ਰਾਹ ਵੀ ਬਾਕੀ ਨਹੀਂ ਰਹੇਗਾ।

ਡਾ. ਰਿਤੂ ਸਾਰਸਵਤ

# ਚੱਲਣੀ ਚਾਹੀਦੀ ਹੈ ਸੰਸਦ



ਸੰਸਦ ਦੇ ਸਰਦ ਰੁੱਤ ਇਜਲਾਸ ਤੋਂ ਪਹਿਲਾਂ ਕਰਵਾਈ ਸਰਬ ਪਾਰਟੀ ਮੀਟਿੰਗ 'ਚ ਵਿਰੋਧੀ ਧਿਰ ਵੱਲੋਂ ਜੋ ਕੁਝ ਕਿਹਾ ਗਿਆ, ਉਸ ਨਾਲ ਇਹੀ ਸਾਫ ਹੋਇਆ ਕਿ ਇਸ ਸੈਸ਼ਨ 'ਚ ਹੋਰ ਕਈ ਮੁੱਦਿਆਂ ਦੇ ਨਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਸਮੀਖਿਆ ਭਾਵ ਐੱਸਆਈਆਰ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉੱਠੇਗਾ।

ਵਿਰੋਧੀ ਧਿਰ ਨੂੰ ਸੰਸਦ 'ਚ ਕਿਸੇ ਵੀ ਮੁੱਦੇ ਨੂੰ ਚੁੱਕਣ ਦਾ ਹੱਕ ਹੈ, ਪਰ ਆਖਰ ਵਿਰੋਧੀ ਪਾਰਟੀਆਂ ਐੱਸਆਈਆਰ ਨੂੰ ਲੈ ਕੇ ਸਰਕਾਰ ਤੋਂ ਅਜਿਹਾ ਕੀ ਜਾਣਨਾ ਚਾਹੁੰਦੀਆਂ ਹਨ, ਜੋ ਉਨ੍ਹਾਂ ਨੂੰ ਨਹੀਂ ਪਤਾ? ਇਹ ਵੀ ਧਿਆਨ 'ਚ ਰਹੇ ਕਿ ਇਹ ਸਰਕਾਰ ਵੱਲੋਂ ਸੰਚਾਲਿਤ ਪ੍ਰਕਿਰਿਆ ਨਹੀਂ ਹੈ। ਇਸ ਨੂੰ ਤਾਂ ਚੋਣ ਕਮਿਸ਼ਨ ਆਪਣੇ ਸੰਵਿਧਾਨਕ ਹੱਕ ਦੇ ਤਹਿਤ ਕਰਵਾ ਰਿਹਾ ਹੈ ਤੇ ਇਸ ਲਈ ਕਰਵਾ ਰਿਹਾ ਹੈ, ਕਿਉਂਕਿ ਬੀਤੇ ਲਗਪਗ ਦੋ ਦਹਾਕੇ 'ਚ ਇਸ ਨੂੰ ਨਹੀਂ ਕਰਵਾਇਆ ਗਿਆ।

ਇਸ ਕਾਰਨ ਵੋਟਰ ਸੂਚੀਆਂ 'ਚ ਉਨ੍ਹਾਂ ਸਾਰੇ ਲੋਕਾਂ ਦੇ ਨਾਂ ਦਰਜ ਹਨ, ਜੋ ਜਾਂ ਤਾਂ ਮਰ ਗਏ ਜਾਂ ਹੋਰ ਸਥਾਨ 'ਤੇ ਚਲੇ ਗਏ। ਇਸ ਤੋਂ ਇਲਾਵਾ ਕਈ ਨਾਵਾਂ ਦਾ ਦੁਹਰਾਅ ਹੈ। ਵੋਟਰ ਸੂਚੀਆਂ ਤਦ ਠੀਕ ਹੋ ਸਕਦੀਆਂ ਹਨ, ਜਦ ਐੱਸਆਈਆਰ ਕਰਵਾਇਆ ਜਾਵੇ, ਪਰ ਵਿਰੋਧੀ ਪਾਰਟੀਆਂ ਨੂੰ ਇਸ 'ਤੇ ਹੀ ਇਤਰਾਜ਼ ਹੈ।

ਇਹ ਕੋਈ ਗੱਲ ਨਾ ਹੋਈ ਕਿ ਵੋਟਰ ਸੂਚੀਆਂ ਨੂੰ ਠੀਕ ਕਰਨ ਦੀ ਮੰਗ ਵੀ ਕੀਤੀ ਜਾਵੇ ਤੇ ਐੱਸਆਈਆਰ 'ਤੇ ਇਤਰਾਜ਼ ਵੀ ਚੁੱਕਿਆ ਜਾਵੇ। ਵਿਰੋਧੀ ਧਿਰ ਇਸ ਤੋਂ ਅਣਜਾਣ ਨਹੀਂ ਹੋ ਸਕਦੀ ਕਿ ਬਿਹਾਰ 'ਚ ਐੱਸਆਈਆਰ ਨੂੰ ਲੈ ਕੇ ਸੁਪਰੀਮ ਕੋਰਟ 'ਚ ਲੰਬੀ ਸੁਣਵਾਈ ਦੌਰਾਨ ਉਨ੍ਹਾਂ ਦੇ ਵਕੀਲਾਂ ਵੱਲੋਂ ਇਸ ਸੰਵਿਧਾਨਕ ਪ੍ਰਕਿਰਿਆ ਦੇ ਵਿਰੋਧ 'ਚ ਜੋ ਵੀ ਦਲੀਲਾਂ ਦਿੱਤੀਆਂ ਗਈਆਂ, ਉਹ ਟਿਕ ਨਹੀਂ ਸਕੀਆਂ।

ਇਸੇ ਕਾਰਨ ਬਿਹਾਰ 'ਚ ਐੱਸਆਈਆਰ ਦੀ ਪ੍ਰਕਿਰਿਆ ਸੰਭਵ ਹੋ ਸਕੀ। ਹਾਲਾਂਕਿ ਵਿਰੋਧੀ ਧਿਰ 12 ਸੂਬਿਆਂ 'ਚ ਜਾਰੀ ਐੱਸਆਈਆਰ ਦਾ ਵੀ ਵਿਰੋਧ ਕਰ ਰਹੀ ਹੈ, ਪਰ ਇਸ ਦੇ ਕਿਤੇ ਕੋਈ ਸੰਕੇਤ ਨਹੀਂ ਹਨ ਕਿ ਉਹ ਉਸ ਨੂੰ ਰੁਕਵਾ ਸਕੇਗੀ। ਸੰਸਦ ਦੇ ਇਸ ਸੈਸ਼ਨ 'ਚ ਵਿਰੋਧੀ ਧਿਰ ਐੱਸਆਈਆਰ 'ਤੇ ਜਿਵੇਂ ਚਾਹੇ ਉਵੇਂ ਸਵਾਲ ਚੁੱਕ ਸਕਦੀ ਹੈ, ਪਰ ਅਜਿਹਾ ਕਰਦੇ ਹੋਏ ਉਸ ਨੂੰ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਸੰਸਦੀ ਕਾਰਵਾਈ 'ਚ ਰੁਕਾਵਟ ਪਵੇ।

ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਹੁਣ ਕੋਈ ਮੁੱਦਾ ਚੁੱਕਣ ਜਾਂ ਸਵਾਲ ਪੁੱਛਣ ਦੇ ਨਾਂ 'ਤੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਾਂਦੇ ਹਨ ਜਿਸ ਨਾਲ ਸਦਨ ਦੀ ਕਾਰਵਾਈ ਚਲਾਉਣਾ ਮੁਸ਼ਕਲ ਹੋ ਜਾਂਦਾ ਹੈ। ਵਿਰੋਧੀ ਪਾਰਟੀਆਂ ਦੇ ਆਗੂ ਚਾਹੇ ਹੀ ਆਪਣੀ ਗੱਲ ਦੀ ਸੁਣਵਾਈ ਨਾ ਹੋਣ ਦੀ ਸ਼ਿਕਾਇਤ ਕਰਦੇ ਹੋਣ, ਪਰ ਸੱਚ ਇਹ ਹੈ ਕਿ ਉਹ ਚਾਹੁੰਦੇ ਹੀ ਨਹੀਂ ਕਿ ਉਨ੍ਹਾਂ ਵੱਲੋਂ ਚੁੱਕੇ ਗਏ ਕਿਸੇ ਮੁੱਦੇ 'ਤੇ ਸਦਨ 'ਚ ਕੋਈ ਗੰਭੀਰ ਚਰਚਾ ਹੋ ਸਕੇ। ਕਿਉਂਕਿ ਹੁਣ ਸੰਸਦ ਦਾ ਹਰੇਕ ਸੈਸ਼ਨ ਹੰਗਾਮੇ ਲਈ ਜਾਣਿਆ ਜਾਂਦਾ ਹੈ, ਇਸ ਲਈ ਸੰਸਦ ਨੂੰ ਚਲਾਉਣ ਦੇ ਕੁਝ ਨਵੇਂ ਤੌਰ-ਤਰੀਕੇ ਅਪਨਾਉਣੇ ਪੈਣਗੇ।

ਵਾਜਬ ਇਹੀ ਹੋਵੇਗਾ ਕਿ ਸੰਸਦ ਦੀ ਕਾਰਵਾਈ ਚਲਾਉਣ ਲਈ ਸਲਾਹਕਾਰ ਕਮੇਟੀ ਦੀ ਬੈਠਕ 'ਚ ਜੋ ਕੁਝ ਤੈਅ ਹੁੰਦਾ ਹੈ, ਉਸ ਦਾ ਵੇਰਵਾ ਵੀ ਜਨਤਕ ਕੀਤਾ ਜਾਵੇ। ਅਜਿਹੇ ਕਿਸੇ ਉਪਾਅ ਦੀ ਜ਼ਰੂਰਤ ਇਸ ਲਈ ਹੈ, ਕਿਉਂਕਿ ਕਮੇਟੀ 'ਚ ਬਣੀ ਸਹਿਮਤੀ ਸਦਨ 'ਚ ਕਿਤੇ ਨਜ਼ਰ ਨਹੀਂ ਆਉਂਦੀ। ਜੇ ਸੰਸਦ ਚਲਾਉਣ ਦੇ ਨਵੇਂ ਤੌਰ-ਤਰੀਕੇ ਨਾ ਲੱਭੇ ਗਏ ਤਾਂ ਉਸ ਦਾ ਚੱਲਣਾ ਮੁਸ਼ਕਲ ਹੀ ਹੋਵੇਗਾ।

# ਸਰਕਾਰਾਂ ਅਤੇ ਸਿਆਸੀ ਲੋਕਾਂ ਹਥਿਆਈਆਂ ਸਥਾਨਕ ਸਰਕਾਰਾਂ

ਪੰਜਾਬ ਵਿੱਚ ਸਾਲ 2025 'ਚ ਹੋਣ ਵਾਲੀਆਂ ਪੇਂਡੂ ਖੇਤਰ ਨਾਲ ਸੰਬੰਧਿਤ ਸਥਾਨਕ ਸਰਕਾਰਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਾਉਣ ਲਈ 14 ਦਸੰਬਰ 2025 ਦਾ ਦਿਨ, ਕਾਫ਼ੀ ਅੜਚਨਾਂ, ਅਦਾਲਤੀ ਕੇਸਾਂ ਦੇ ਨਿਪਟਾਰੇ ਤੋਂ ਬਾਅਦ, ਚੋਣ ਕਮਿਸ਼ਨ ਪੰਜਾਬ ਵੱਲੋਂ ਮਿਥਿਆ ਗਿਆ ਹੈ।

ਪੰਜਾਬ ਵਿੱਚ ਮੁੜ ਫਿਰ ਚੋਣ ਅਖਾੜਾ ਭਖੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੰਡਾਂ ਦੇ ਲੋਕਾਂ 'ਚ ਆਪਣਾ ਅਧਾਰ ਲੱਭਣ ਲਈ ਸਰਗਰਮ ਹੋ ਗਈਆਂ ਹਨ। ਉਹਨਾਂ ਆਪੋ-ਆਪਣੇ ਚੋਣਾਵੀਂ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਬਿਗਲ ਵਜਾ ਦਿੱਤਾ ਹੈ। ਇੱਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਜਿਸ ਦਾ " ਕਿਸਾਨ ਅੰਦੋਲਨ" ਵੇਲੇ ਪਿੰਡਾਂ 'ਚ ਦਾਖ਼ਲਾ ਬੰਦ ਸੀ, ਉਹ ਵੀ ਇਹਨਾਂ ਚੋਣਾਂ 'ਚ ਸਰਗਰਮ ਹੋਈ ਦਿਸਦੀ ਹੈ।

ਕਾਰਨ ਸਪਸ਼ਟ ਹੈ, ਉਹ ਇਹ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਆਪਣੇ 'ਪਰ' ਤੋਲਣਾ ਚਾਹੁੰਦੀਆਂ ਹਨ। ਇਹਨਾਂ ਚੋਣਾਂ 'ਚ ਇੱਕ ਕਰੋੜ ਛੱਤੀ ਲੱਖ ਵੋਟਰ ਹਿੱਸਾ ਲੈਣਗੇ ਅਤੇ 50 ਫ਼ੀਸਦੀ ਮਹਿਲਾ ਉਮੀਦਵਾਰ ਇਸ ਵਿੱਚ ਲਾਜ਼ਮੀ ਬਣਾਏ ਗਏ ਹਨ। ਕੀ ਇਹ 2027 ਦੀਆਂ ਚੋਣਾਂ ਦਾ ਸੈਮੀਫਾਈਨਲ ਹੋ ਨਿਬੜੇਗਾ?

ਕੇਂਦਰ ਦੀ ਸਰਕਾਰ ਨੇ ਸਾਲ 1992 ਵਿੱਚ 73ਵੀਂ ਸੋਧ ਕੀਤੀ ਸੀ। ਇਹ ਸੋਧ ਪੰਚਾਇਤੀ ਰਾਜ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਲਈ ਸੀ। ਇਸ ਵਾਸਤੇ ਇੱਕ ਵਿਧੀ-ਵਿਧਾਨ ਬਣਾਇਆ ਗਿਆ ਸੀ। ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵੱਲ ਇਹ ਵੱਡਾ ਕਦਮ ਸੀ। ਇਸ ਸੋਧ ਅਧੀਨ ਪੇਂਡੂ ਸਥਾਨਕ ਸਰਕਾਰਾਂ ਨੂੰ ਵੱਡੇ-ਵੱਡੇ ਕੰਮ ਸੌਂਪਣਾ ਮਿਥਿਆ ਗਿਆ ਸੀ ਤਾਂ ਕਿ ਪਿੰਡਾਂ ਦੀਆਂ ਇਹ ਸੰਸਥਾਵਾਂ, ਪਿੰਡਾਂ ਦੇ ਢਾਂਚੇ ਦੇ ਵਿਕਾਸ, ਲਈ ਕੰਮ ਕਰ ਸਕਣ। ਪਿੰਡਾਂ 'ਚ ਨੌਜਵਾਨਾਂ ਲਈ ਰੁਜ਼ਗਾਰ ਮੁਖੀ ਪੜ੍ਹਾਈ ਲਈ ਮਦਦ ਕਰ ਸਕਣ। ਪਿੰਡਾਂ ਦੀ ਸਫ਼ਾਈ, ਪਿੰਡਾਂ 'ਚ ਸਿਹਤ ਸਹੂਲਤਾਂ, ਇੱਥੋਂ ਤੱਕ ਕਿ ਪਿੰਡਾਂ 'ਚ ਪੜ੍ਹਾਈ ਦਾ ਯੋਗ ਪ੍ਰਬੰਧ ਕਰਨ ਲਈ ਮੋਹਰੀ ਰੋਲ ਅਦਾ ਕਰ ਸਕਣ। ਪਰ ਤੇਤੀ ਵਰ੍ਹੇ ਬੀਤਣ ਬਾਅਦ ਵੀ ਇਹ ਸੰਸਥਾਵਾਂ ਜਾਪਦਾ ਹੈ ਮਿੱਥੇ ਨਿਸ਼ਾਨਿਆਂ ਵੱਲ ਸਾਰਥਕ ਕਦਮ ਨਹੀਂ ਪੁੱਟ ਸਕੀਆਂ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹਨਾਂ ਪੇਂਡੂ ਸਥਾਨਕ ਸਰਕਾਰਾਂ (ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ) ਨੂੰ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ ਅਤੇ ਤਤਕਾਲੀ ਸਰਕਾਰਾਂ ਦੀ ਸਿਰੇ ਦੀ ਦਖ਼ਲ-ਅੰਦਾਜੀ ਨੇ ਇਹਨਾਂ ਸੰਸਥਾਵਾਂ ਦਾ ਰੂਪ ਹੀ ਬਿਗਾੜ ਕੇ ਰੱਖ ਦਿੱਤਾ ਹੈ।

ਆਓ, ਵੇਖੀਏ,ਪੰਜਾਬ ਦੇ ਪੇਂਡੂ ਸਮਾਜ ਦੇ ਹਾਲਾਤ ਕਿਹੋ ਜਿਹੇ ਹਨ। ਪੇਂਡੂ ਸਮਾਜ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੈ। ਜਾਤ-ਬਰਾਦਰੀ ਦੇ ਨਾਮ 'ਤੇ ਵੰਡਿਆ ਪਿਆ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਦਾ ਨਾਸ ਮਾਰਿਆ ਹੋਇਆ ਹੈ। ਉਹ ਨਸ਼ਿਆਂ ਦੀ ਮਾਰ ਹੇਠ, ਗੈਂਗਸਟਰਾਂ ਦੇ ਪ੍ਰਭਾਵ ਹੇਠ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ 'ਚ ਫਸਕੇ ਪੰਜਾਬੀ ਸਮਾਜ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਭੁਲਾਕੇ ਵੈਰ-ਵਿਰੋਧ, ਲੁੱਟ-ਖੋਹ, ਕਰਨ ਜਿਹੇ ਕਾਰਿਆਂ ਵੱਲ ਰੁਚਿਤ ਹੋਏ ਵਿਖਾਈ ਦਿੰਦੇ ਹਨ। ਇਸ ਪੇਂਡੂ ਭੈੜੇ ਮਾਹੌਲ ਦਾ ਲਾਹਾ "ਸਿਆਸੀ ਨੇਤਾ" ਚੁੱਕ ਰਹੇ ਹਨ, ਜਿਹੜੇ ਸਾਮ-ਦਾਮ-ਦੰਡ, ਜਿਹੇ ਹਥਿਆਰਾਂ ਨਾਲ ਤਾਕਤ ਹਥਿਆਕੇ ਸੱਤਾ 'ਤੇ ਕਾਬਜ਼ ਹੋਣਾ ਆਪਣਾ ਆਖ਼ਰੀ ਨਿਸ਼ਾਨਾ ਮਿਥੀ ਬੈਠੇ ਹਨ, ਜਿਹਨਾਂ ਲਈ ਸਮਾਜਕ ਸਾਰੋਕਾਰ, ਭਾਈਚਾਰਾ, ਸਮਾਜ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ।

ਜਿਹੜੀ ਵੀ ਸਿਆਸੀ ਧਿਰ ਪੰਜਾਬ ਸੂਬੇ ਦੀ ਗੱਦੀ ਉੱਤੇ ਕਾਬਜ਼ ਹੋਈ, ਉਸ ਵੱਲੋਂ ਪੇਂਡੂ ਸਥਾਨਕ ਸਰਕਾਰਾਂ ਨੂੰ ਨਿਸ਼ਾਨਾ ਬਣਾਇਆ




ਗਿਆ। ਸੰਵਿਧਾਨ ਦੀ 73ਵੀਂ ਸੋਧ ਵਿੱਚ ਜਿਹੜੇ ਹੱਕ ਪੇਂਡੂ ਸੰਸਥਾਵਾਂ ਨੂੰ ਮਿਲੇ, ਉਹਨਾਂ ਨੂੰ ਆਪਣੇ ਸਰਕਾਰੀ ਨਿਯਮਾਂ, ਨੇਮਾਂ ਨਾਲ ਘਟਾਇਆ ਅਤੇ ਇਹਨਾਂ ਸੰਸਥਾਵਾਂ ਨੂੰ ਸਿਰਫ਼ ਸਰਕਾਰ ਉੱਤੇ ਨਿਰਭਰ ਹੋਣ 'ਤੇ ਮਜ਼ਬੂਰ ਕਰ ਦਿੱਤਾ।

ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸ਼ਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਹਨਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਾਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਹਨਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਤੇ ਫੰਡ ਵੀ ਇਹਨਾਂ ਸੰਸਥਾਵਾਂ ਲਈ ਮਿਲਦੇ ਹਨ।

73ਵੀਂ ਸੋਧ ਅਨੁਸਾਰ ਸਰਕਾਰ ਦੇ 29 ਵਿਭਾਗਾਂ ਦਾ ਕੰਮ ਕਾਰ ਵੀ ਇਹਨਾਂ ਸੰਸਥਾਵਾਂ ਨੂੰ ਸੌਂਪਿਆ ਗਿਆ ਦੱਸਿਆ ਜਾਂਦਾ ਹੈ। ਇਸਦਾ ਪ੍ਰਬੰਧਨ ਜ਼ਿਲਾ ਪ੍ਰੀਸ਼ਦ ਰਾਹੀਂ ਕੀਤਾ ਜਾਣਾ ਮਿਥਿਆ ਗਿਆ ਹੈ।

ਪਰ ਆਓ ਵੇਖੀਏ ਅਸਲੀਅਤ ਕੀ ਹੈ। ਪਿੰਡ ਪੰਚਾਇਤਾਂ ਅਸਲ ਅਰਥਾਂ 'ਚ ਪੰਗੂ ਬਣਾ ਦਿੱਤੀਆਂ ਗਈਆਂ ਹਨ। ਪਿੰਡ ਪੰਚਾਇਤਾਂ ਦਾ ਸਾਰਾ ਕਾਰੋਬਾਰ ਅਤੇ ਵਿਕਾਸ ਕਾਰਜ ਅਸਿੱਧੇ ਤੌਰ 'ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੇ ਹੱਥ ਕਰ ਦਿੱਤਾ ਹੋਇਆ ਹੈ। ਪਿੰਡ ਦਾ ਸਰਪੰਚ ਆਪਣੀ ਮਰਜ਼ੀ ਨਾਲ ਪੰਚਾਇਤ ਫੰਡ ਵਿੱਚੋਂ ਇੱਕ ਪੈਸਾ ਵੀ ਖ਼ਰਚਣ ਦਾ ਅਧਿਕਾਰੀ ਨਹੀਂ ਹੈ। ਪੰਚਾਇਤ ਸਕੱਤਰ, ਬਲਾਕ ਵਿਕਾਸ ਅਧਿਕਾਰੀ ਤੋਂ ਬਿਨ੍ਹਾਂ ਇੱਕ ਪੈਸਾ ਵੀ ਖ਼ਾਤੇ 'ਚੋਂ ਕੱਢਿਆ ਨਹੀਂ ਜਾ ਸਕਦਾ ਜਾਂ ਖ਼ਰਚਿਆ ਨਹੀਂ ਜਾ ਸਕਦਾ। ਉਹ ਵਿਅਕਤੀ ਜਿਸਨੂੰ ਸਮੁੱਚਾ ਪਿੰਡ ਵੋਟਾਂ ਪਾਕੇ ਚੁਣਦਾ ਹੈ, ਉਸ ਕੋਲ ਆਖ਼ਿਰ ਫਿਰ ਸ਼ਕਤੀ ਕਿਹੜੀ ਹੈ? ਇਹੋ ਹਾਲ ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦਾ ਹੈ, ਜਿਹਨਾਂ ਦੀਆਂ ਸ਼ਕਤੀਆਂ ਅਫ਼ਸਰਸ਼ਾਹੀ ਅਤੇ ਹਾਕਮਾਂ ਨੇ ਆਪਣੇ ਲੜ ਬੰਨੀਆ ਹੋਈਆਂ ਹਨ। ਮੈਂਬਰ ਤਾਂ ਸਿਰਫ਼ ਮੀਟਿੰਗ ਦਾ "ਅਜੰਡਾ" ਬਣਾ ਕੇ ਰੱਖ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹਨਾਂ ਚੁਣੇ ਨੁਮਾਇੰਦਿਆਂ ਨੂੰ ਮਹੀਨਾ ਆਨਰੇਰੀਅਮ ਵੀ ਨਹੀਂ ਮਿਲਦਾ, ਜਿਵੇਂ ਕਾਰਪੋਰੇਸ਼ਨਾਂ ਦੇ ਮੈਂਬਰਾਂ ਨੂੰ ਮਿਲਦਾ ਹੈ।

ਇਹ ਸਪਸ਼ਟ ਕੀਤਾ ਗਿਆ ਸੀ ਸੋਧ ਵਿੱਚ ਕਿ ਪੇਂਡੂ ਭਾਰਤ 'ਚ ਸਧਾਰਨ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਮਿਥਿਆ ਸੀ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਹਨਾ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿੱਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫ਼ੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿੱਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ।

ਅੱਜ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼ ਦੀ ਕਮੀ ਹੈ, ਦਵਾਈਆਂ ਦੀ ਘਾਟ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਪੇਂਡੂ ਵਿਕਾਸ ਦੇ ਨਾਹਰੇ ਵੱਡੇ ਹਨ, ਪਰ ਉਹਨਾਂ ਦੇ ਪੱਲੇ ਕੁਝ ਪਾਇਆ ਨਹੀਂ ਜਾ ਰਿਹਾ। ਪਿੰਡਾਂ ਦੇ ਸੁਧਾਰ ਦਾ ਜ਼ੁੰਮਾ ਸਥਾਨਕ ਸਰਕਾਰ ਦਾ ਸੀ, ਪਰ ਇਹਨਾਂ ਕੋਲ ਇੰਨੀਆਂ ਸ਼ਕਤੀਆਂ ਹੀ ਨਹੀਂ ਰਹਿਣ ਦਿੱਤੀਆਂ ਗਈਆਂ, ਜਿਸ ਕਾਰਨ ਇਹ ਸੰਸਥਾਵਾਂ ਬਲਾਕ ਸੰਪਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਕਿਧਰੇ ਨਜ਼ਰ ਨਹੀਂ ਪੈਂਦੀਆਂ।

ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ। ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ, ਕਰਵਾਈਆਂ ਜਾਂਦੀਆਂ ਹਨ, ਇਹਨਾਂ ਪੰਚਾਇਤ ਚੋਣਾਂ ਵੇਲੇ ਵੀ ,ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਹਨਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ, ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਹਨਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ। ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਸੰਸਥਾਵਾਂ ਨੂੰ ਤਕੜਿਆ ਕੀਤਾ ਜਾਵੇ। ਉਹਨਾਂ ਨੂੰ ਵੱਧ ਅਧਿਕਾਰੀ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਹਨਾਂ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਨ ਦਾ ਹੱਕ ਮਿਲੇ, ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਤੇ ਪੇਂਡੂ ਸੰਸਥਾਵਾਂ ਦੀ 'ਸਿਹਤ' ਠੀਕ ਹੋ ਸਕਦੀ ਹੈ।

ਅੱਜ ਉਸ ਸਮੇਂ ਲੋੜ ਇਹਨਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ "ਪੰਜਾਬ ਦਾ ਪਿੰਡ" ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪਿੰਡ ਪ੍ਰਬੰਧ ਰਸਾਤਲ ਵੱਲ ਵੱਧ ਰਿਹਾ ਹੈ।

ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ, ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਇਹਨਾਂ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ।

ਸੰਵਿਧਾਨ ਦੇ ਆਰਟੀਕਲ-40 ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਮਿਲਿਆ ਹੈ ਅਤੇ ਅਧਿਕਾਰ ਸੂਬਾ ਸਰਕਾਰ, ਕੇਂਦਰ ਸਰਕਾਰ ਦੇ ਬਰਾਬਰ ਦੇ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰੀਕਿਰਿਆ 'ਚ ਉਹ ਹਿੱਸੇਦਾਰ ਬਨਣ।

ਗੁਰਮੀਤ ਸਿੰਘ ਪਲਾਹੀ

ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖ਼ਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਕੀ ਮਾਈ ਭਾਗੋ ਦੇ ਵਾਰਸ ਬਣਨਾ ਇੰਨਾ ਆਸਾਨ ਹੈ...?

ਮਾਈ ਭਾਗੋ, ਇਹ ਨਾਂ ਸਿਰਫ ਇਤਿਹਾਸ ਦੀ ਕਿਤਾਬ ਦਾ ਪੰਨਾ ਨਹੀਂ, ਸਗੋਂ ਪੰਜਾਬ ਦੀ ਧਰਤੀ ਤੇ ਲਿਖੀ ਗਈ ਇੱਕ ਅਜਿਹੀ ਦਾਸਤਾਨ ਹੈ ਜਿਸ ਵਿੱਚ ਇੱਕ ਔਰਤ ਨੇ ਆਪਣੇ ਪਤੀ, ਭਰਾ, ਪੁੱਤਰਾਂ ਨੂੰ ਗਵਾ ਕੇ ਵੀ ਹਾਰ ਨਹੀਂ ਮੰਨੀ। ਜਦੋਂ ਚਾਲੀ ਮੁਕਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡਣ ਦਾ ਫੈਸਲਾ ਕਰਿਆ ਸੀ, ਤਦ ਮਾਈ ਭਾਗੋ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਿਛਾਵਰ ਕਰ ਦਿੱਤਾ। ਉਹ ਘੋੜੀ ਤੇ ਚੜ੍ਹੀ, ਹਥਿਆਰ ਫੜ੍ਹ ਕੇ ਮੁਕਤਸਰ ਦੀ ਜੰਗ ਵਿੱਚ ਲੜੀ, ਜਖਮੀ ਹੋਈ, ਪਰ ਧਰਮ ਅਤੇ ਇਨਸਾਨੀਅਤ ਦੀ ਰੱਖਿਆ ਲਈ ਆਪਣੀ ਜਾਨ ਵੀ ਦੇਣ ਤੋਂ ਨਹੀਂ ਡਰੀ। ਉਸ ਦੀ ਕੁਰਬਾਨੀ ਨੇ ਚਾਲੀ ਮੁਕਤਿਆਂ ਨੂੰ ਵੀ ਸਰਮਿੰਦਾ ਕੀਤਾ ਅਤੇ ਉਹ ਫਿਰ ਲੜਨ ਲਈ ਉੱਠੇ। ਇਹ ਸੀ ਮਾਈ ਭਾਗੋ ਦਾ ਜਜਬਾ, ਜੋ ਜੁਲਮ ਦੇ ਖਿਲਾਫ ਖੜ੍ਹੀ ਹੋਈ, ਪਰ ਕਦੇ ਵੀ ਬਦਤਮੀਜੀ, ਹੰਕਾਰ ਜਾਂ ਧਮਕੀ ਦਾ ਸਹਾਰਾ ਨਹੀਂ ਲਿਆ। ਪਰ ਅੱਜ ਦਾ ਸਮਾਂ ਵੇਖੋ, ਸਿਰਫ ਦੋ-ਚਾਰ ਲਲਕਾਰੇ ਮਾਰਨੇ, ਗੁੱਸੇ ਵਿੱਚ ਦੋ ਸਬਦ ਬੋਲ ਦੇਣੇ ਜਾਂ ਕਿਸੇ ਅਧਿਕਾਰੀ ਨਾਲ ਉੱਚੀ ਆਵਾਜ ਵਿੱਚ ਗੱਲ ਕਰ ਲੈਣ ਨੂੰ ਹੀ ਕਈ ਲੋਕ "ਮਾਈ ਭਾਗੋ ਦੀ ਵਾਰਸ"ਜਾਂ "ਪੰਜਾਬ ਦੀ ਸੇਰਨੀ" ਐਲਾਨ ਕੇ ਅਵਾਰਡ ਤੱਕ ਦੇ ਦਿੰਦੇ ਹਨ। ਸੋਸਲ ਮੀਡੀਆ ਤੇ ਦੋ ਘੰਟੇ ਵਿੱਚ ਵਾਇਰਲ ਹੋ ਜਾਣਾ, ਕੁਝ ਰਾਜਨੇਤਾ ਜਾਂ ਜਥੇਬੰਦੀਆਂ ਦੀ ਹਵਾ ਲੱਗ ਜਾਣੀ, ਬੱਸ ਫਿਰ ਕੀ, ਇੱਕ ਆਮ ਕੁੜੀ ਨੂੰ ਮਾਈ ਭਾਗੋ ਦੀ ਵਾਰਸ ਬਣਾ ਕੇ ਪੇਸ ਕਰ ਦਿੱਤਾ ਜਾਂਦਾ ਹੈ। ਪਰ ਕੀ ਅਸਲ ਵਿੱਚ ਮਾਈ ਭਾਗੋ ਦੀ ਵਾਰਸ ਬਣਨਾ ਇੰਨਾ ਸੌਖਾ ਹੈ?

ਮੌਜੂਦਾ ਸਮੇਂ ਵਿੱਚ ਦੋ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪਹਿਲੀ ਘਟਨਾ ਰਾਜਸਥਾਨ ਹਾਈਕੋਰਟ ਦੀ ਜੱਜ ਬਣਨ ਦੀ ਪ੍ਰੀਖਿਆ ਵਾਲੀ ਹੈ। ਇੱਕ ਸਿੱਖ ਕੁੜੀ ਨੂੰ ਸਿਰਫ ਇਸ ਲਈ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ ਕਿਉਂਕਿ ਉਸ ਨੇ ਛੋਟੀ ਕਿਰਪਾਨ ਅਤੇ ਕੜਾ ਪਹਿਨਿਆ ਹੋਇਆ ਸੀ। ਇਹ ਗਲਤ ਸੀ, ਬਿਲਕੁਲ ਗਲਤ। ਇਹ ਧਾਰਮਿਕ ਅਜਾਦੀ ਦਾ ਸਵਾਲ ਸੀ ਅਤੇ ਉਸ ਦਾ ਵਿਰੋਧ ਕਰਨਾ ਉਸ ਕੁੜੀ ਦਾ ਹੱਕ ਵੀ ਸੀ। ਪਰ ਉਸ ਵਿਰੋਧ ਨੂੰ ਕਾਨੂੰਨੀ ਲੜਾਈ ਵਿੱਚ ਬਦਲਣ ਦੀ ਬਜਾਏ ਕੁਝ ਲੋਕਾਂ ਨੇ ਉਸ ਨੂੰ "ਮਾਈ ਭਾਗੋ ਦੀ ਵਾਰਸ" ਐਲਾਨ ਕੇ ਅੱਗੇ ਕਰ ਦਿੱਤਾ। ਫਿਰ ਕੀ ਹੋਇਆ? ਉਹ ਕੁੜੀ ਸਵੇਰੇ-ਸਵੇਰੇ ਹਨੇਰੇ ਵਿੱਚ ਪਰਿਵਾਰ ਸਮੇਤ ਪਿੰਡਾਂ ਵਿੱਚ ਘੁੰਮਣ ਲੱਗ ਪਈ, ਜਲਸਿਆਂ ਵਿੱਚ ਸਨਮਾਨ ਲੈਣ ਲੱਗ ਪਈ, ਅਵਾਰਡ ਲੈਣ ਲੱਗ ਪਈ। ਪਰ ਉਸ ਦੀ ਅਸਲ ਮੰਜਿਲ, ਜੱਜ ਬਣਨਾ, ਕਾਨੂੰਨੀ ਤੌਰ ਤੇ ਆਪਣਾ ਹੱਕ ਹਾਸਲ ਕਰਨਾ, ਉਹ ਤਾਂ ਪਿੱਛੇ ਰਹਿ ਗਿਆ। ਉਹ ਰਾਹ ਭਟਕ ਗਈ। ਅੱਜ ਉਸ ਦੀ ਲੜਾਈ ਕਿੱਥੇ ਪਹੁੰਚੀ? ਕੋਈ ਨਹੀਂ ਜਾਣਦਾ। ਪਰ ਮੀਡੀਆ ਵਿੱਚ ਉਹ ਕੁਝ ਦਿਨਾਂ ਦੀ "ਸੇਰਨੀ" ਜਰੂਰ ਬਣੀ ਰਹੀ।



ਦੂਜੀ ਘਟਨਾ ਤਾਜਾ ਹੈ, ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਵਿਰੋਧ ਲਹਿਰ ਦੀ ਹੈ। ਇੱਕ ਕੁੜੀ ਨੇ ਗੇਟ ਅੰਦਰ ਜਾਣ ਲਈ ਪੁਲਿਸ ਨਾਲ ਧੱਕਾ-ਮੁੱਕੀ ਕੀਤੀ ਅਤੇ ਬੋਲੀ, "ਅਗਰ ਮੈਨੂੰ ਕੁਝ ਕਿਹਾ ਤਾਂ ਆਪਣਾ ਹਿਸਾਬ ਲਾ ਲਿਓ"। ਕਾਨੂੰਨ ਦੀ ਨਜਰ ਵਿੱਚ ਇਹ ਸਬਦ ਸਿੱਧੇ ਧਮਕੀ ਦੇ ਦਾਇਰੇ ਵਿੱਚ ਆਉਂਦੇ ਹਨ। ਭਾਰਤੀ ਦੰਡਾਵਲੀ ਦੀ ਧਾਰਾ 503, ਧਾਰਾ 506 (ਧਮਕੀ ਦੇਣ ਦੀ ਸਜਾ) ਅਤੇ ਜੇ ਡਿਊਟੀ ਤੇ ਮੌਜੂਦ ਸਰਕਾਰੀ ਮੁਲਾਜਮ ਨਾਲ ਹੋਵੇ ਤਾਂ ਧਾਰਾ 186 (ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣਾ) ਅਤੇ 353 (ਡਿਊਟੀ ਕਰ ਰਹੇ ਅਧਿਕਾਰੀ ਤੇ ਜੋਰ ਜਾਂ ਧਮਕੀ ਵਰਤਣਾ) ਲੱਗ ਸਕਦੀ ਹੈ। ਇਹ ਕੋਈ ਛੋਟੀ ਗੱਲ ਨਹੀਂ। ਪਰ ਇਸ ਤੋਂ ਬਾਅਦ ਜੋ ਹੋਇਆ ਉਹ ਹੈਰਾਨ ਕਰਨ ਵਾਲਾ ਸੀ। ਕਈ ਰਾਜਨੇਤਾ, ਜਥੇਬੰਦੀਆਂ ਅਤੇ ਮੀਡੀਆ ਨੇ ਉਸ ਨੂੰ "ਪੰਜਾਬ ਦੀ ਸੇਰਨੀ" ਅਤੇ "ਮਾਈ ਭਾਗੋ ਦੀ ਵਾਰਸ"ਐਲਾਨ ਦਿੱਤਾ। ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਜੇ ਮਹਿਲਾ ਪੁਲਿਸ ਵਾਲੀ ਨੇ ਹੱਥ ਚੁੱਕਿਆ ਹੁੰਦਾ ਤਾਂ ਕੀ ਕਰਦੀ? ਉਸ ਨੇ ਕਿਹਾ, "ਫਿਰ ਮੈਂ ਵੀ ਚਪੇੜਾਂ ਮਾਰਦੀ"। ਇਹ ਸਬਦ ਵੀ ਕੈਮਰੇ ਤੇ ਰਿਕਾਰਡ ਹਨ। ਕਾਨੂੰਨੀ ਤੌਰ ਤੇ ਇਹ ਵੀ ਧਾਰਾ 506 ਅਤੇ ਸੰਭਵ ਤੌਰ ਤੇ ਧਾਰਾ 355 (ਹਮਲੇ ਜਾਂ ਅਪਰਾਧਿਕ ਮਾਨਸਿਕਤਾ ਨਾਲ ਸਰਕਾਰੀ ਮੁਲਾਜਮ ਨੂੰ ਡਿਊਟੀ ਤੋਂ ਰੋਕਣ ਦੀ ਧਮਕੀ) ਅਧੀਨ ਆਉਂਦੇ ਹਨ। ਪਰ ਇਸ ਸਭ ਦੇ ਬਾਵਜੂਦ ਉਸ ਨੂੰ ਮਾਈ ਭਾਗੋ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਐਮ.ਐਲ.ਏ. ਬਣਾਉਣ ਦੇ ਸੁਪਨੇ ਦਿਖਾਏ ਗਏ। ਇੱਕ ਪਲ ਲਈ ਸੋਚੋ, ਜੇ ਉਸ ਦੇ ਖਿਲਾਫ ਪਰਚਾ ਦਰਜ ਹੋ ਜਾਂਦਾ, ਜੇ ਉਹ ਜੱਜ ਸਾਹਮਣੇ ਖੜ੍ਹੀ ਹੁੰਦੀ, ਤਾਂ ਕੀ ਜੱਜ ਉਸ ਨੂੰ ਇਹ ਕਹਿ ਕੇ ਛੱਡ ਦਿੰਦਾ ਕਿ "ਬਹੁਤ ਦਲੇਰੀ ਕੀਤੀ ਬੇਟੀ"? ਬਿਲਕੁਲ ਨਹੀਂ। ਡਿਊਟੀ ਤੇ ਮੌਜੂਦ ਮਹਿਲਾ ਪੁਲਿਸ ਮੁਲਾਜਮ ਤੇ ਹੱਥ ਚੁੱਕਣ ਦੀ ਧਮਕੀ ਦੇਣ ਵਾਲੇ ਨੂੰ ਕਾਨੂੰਨ ਸਖਤ ਸਜਾ ਦਿੰਦਾ ਹੈ। ਇੱਕ ਵਿਦਿਆਰਥਣ ਜੋ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਨ ਦੀ ਯੋਗਤਾ ਰੱਖਦੀ ਹੈ, ਉਸ ਦਾ ਕਰੀਅਰ ਇੱਕ ਪਲ ਵਿੱਚ ਖਤਮ ਹੋ ਸਕਦਾ ਹੈ। ਪਰ ਸਾਡੇ ਸਮਾਜ ਨੇ ਫੋਕੀ ਹਵਾ ਦੇਕੇ ਉਸ ਨੂੰ ਸੇਰਨੀ ਬਣਾ ਕੇ ਉਸ ਦੇ ਹੱਥ ਵਿੱਚ ਅਜਿਹਾ ਹਥਿਆਰ ਫੜਾ ਦਿੱਤਾ ਜਿਸ ਦਾ ਨੁਕਸਾਨ ਉਸ ਨੂੰ ਖੁਦ ਭੁਗਤਣਾ ਪਵੇਗਾ।

ਸੰਘਰਸ ਕਰਨਾ ਹਰ ਨਾਗਰਿਕ ਦਾ ਹੱਕ ਹੈ। ਪਰ ਸੰਘਰਸ ਅਤੇ ਬਦਤਮੀਜੀ ਵਿੱਚ ਫਰਕ ਹੁੰਦਾ ਹੈ। ਹੰਕਾਰ ਅਤੇ ਧਮਕੀ ਦਾ ਰਾਹ ਕਦੇ ਵੀ ਸਤਿਕਾਰਯੋਗ ਨਹੀਂ ਹੁੰਦਾ। ਜਿਸ ਕੁੜੀ ਨੂੰ ਪੜ੍ਹ ਕੇ ਸਮਾਜ ਲਈ ਮਿਸਾਲ ਬਣਨਾ ਚਾਹੀਦਾ ਸੀ, ਉਸ ਦੇ ਅਜਿਹੇ ਵਿਵਹਾਰ ਨੇ ਕਿੰਨੇ ਹੀ ਮਾਪਿਆਂ ਦੇ ਮਨ ਵਿੱਚ ਡਰ ਪੈਦਾ ਕਰ ਦਿੱਤਾ ਹੋਵੇਗਾ ਕਿ "ਸਾਡੀ ਧੀ ਵੀ ਜੇ ਅਜਿਹੀ ਹਵਾ ਵਿੱਚ ਉੱਡ ਗਈ ਤਾਂ?"। ਅਸਲ ਮਾਈ ਭਾਗੋ ਦੀ ਵਾਰਸ ਕੌਣ ਹੈ? ਜੇ ਸੱਚਮੁੱਚ ਕਿਸੇ ਨੂੰ ਇਹ ਸਨਮਾਨ ਦੇਣਾ ਹੈ ਤਾਂ ਪੰਜਾਬ ਦੀਆਂ ਉਹਨਾਂ ਮਾਵਾਂ ਨੂੰ ਦੋ ਜੋ ਸਾਰੀ ਉਮਰ ਦੁੱਖ-ਤਕਲੀਫਾਂ ਸਹਿੰਦੀਆਂ ਹਨ, ਪਰਿਵਾਰ ਨੂੰ ਜੋੜ ਕੇ ਰੱਖਦੀਆਂ ਹਨ, ਬੱਚਿਆਂ ਨੂੰ ਪਾਲਦੀਆਂ-ਪੋਸਦੀਆਂ ਹਨ, ਰਿਸਤੇ ਨਿਭਾਉਂਦੀਆਂ ਹਨ ਅਤੇ ਆਪਣੇ ਆਪ ਨੂੰ ਪਰਿਵਾਰ ਲਈ ਪੂਰੀ ਤਰ੍ਹਾਂ ਨਿਛਾਵਰ ਕਰ ਦਿੰਦੀਆਂ ਹਨ। ਉਹ ਕਦੇ ਸਟੇਜ ਤੇ ਨਹੀਂ ਚੜ੍ਹਦੀਆਂ, ਕੋਈ ਅਵਾਰਡ ਨਹੀਂ ਲੈਂਦੀਆਂ, ਪਰ ਉਨ੍ਹਾਂ ਦੀ ਕੁਰਬਾਨੀ ਮਾਈ ਭਾਗੋ ਤੋਂ ਘੱਟ ਨਹੀਂ ਹੁੰਦੀ। ਪਰ ਉਨ੍ਹਾਂ ਨੂੰ ਕੋਈ "ਸੇਰਨੀ" ਨਹੀਂ ਆਖਦਾ, ਕਿਉਂਕਿ ਉਨ੍ਹਾਂ ਦਾ ਸੰਘਰਸ ਚੁੱਪ-ਚੁਪੀਤੇ ਹੁੰਦਾ ਹੈ, ਉਹ ਰਾਜਨੀਤੀ ਦੀ ਰੋਟੀ ਸੇਕਣ ਲਈ ਵਰਤੀਆਂ ਨਹੀਂ ਜਾ ਸਕਦੀਆਂ। ਮਾਈ ਭਾਗੋ ਦਾ ਨਾਂ ਇਤਿਹਾਸ ਨੇ ਬਹੁਤ ਵੱਡੀਆਂ ਕੁਰਬਾਨੀਆਂ ਦੇ ਬਦਲੇ ਲਿਖਿਆ ਹੈ। ਉਸ ਨਾਂ ਨੂੰ ਹਲਕਾ ਕਰਨਾ ਸਾਡੇ ਮਹਾਨ ਇਤਿਹਾਸ ਨਾਲ ਧੱਕਾ ਹੈ। ਸਿਰਫ ਦੋ ਲਲਕਾਰੇ ਮਾਰਨ ਨਾਲ, ਦੋ ਗੁੱਸੇ ਵਾਲੇ ਬੋਲ ਬੋਲਣ ਨਾਲ ਕੋਈ ਮਾਈ ਭਾਗੋ ਦੀ ਵਾਰਸ ਨਹੀਂ ਬਣ ਸਕਦਾ। ਜਿਹੜੇ ਲੋਕ ਅਜਿਹਾ ਕਰ ਰਹੇ ਹਨ, ਉਹ ਅਸਲ ਵਿੱਚ ਉਨ੍ਹਾਂ ਨੌਜਵਾਨਾਂ ਦਾ ਸਭ ਤੋਂ ਵੱਡਾ ਨੁਕਸਾਨ ਕਰ ਰਹੇ ਹਨ ਜਿਨ੍ਹਾਂ ਨੂੰ ਆਪਣੇ ਭਵਿੱਖ ਵਿੱਚ ਅੱਗੇ ਵਧਣਾ ਚਾਹੀਦਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਮਹਾਨ ਕਿਰਦਾਰਾਂ ਦੇ ਨਾਂ ਨੂੰ ਬਚਾਈਏ। ਉਨ੍ਹਾਂ ਨੂੰ ਰਾਜਨੀਤੀ ਦੀ ਭੇਟ ਨਾ ਚੜ੍ਹਾਈਏ। ਸੱਚੀ ਦਲੇਰੀ ਚੁੱਪ-ਚਾਪ ਜਿਊਣ ਵਿੱਚ ਵੀ ਹੁੰਦੀ ਹੈ, ਸਹੀ ਰਾਹ ਤੇ ਚੱਲਣ ਵਿੱਚ ਵੀ ਹੁੰਦੀ ਹੈ ਅਤੇ ਸਭ ਤੋਂ ਵੱਡੀ ਦਲੇਰੀ ਤਾਂ ਆਪਣੀ ਗਲਤੀ ਸਵੀਕਾਰ ਕਰਨ ਅਤੇ ਸੁਧਾਰ ਕਰਨ ਵਿੱਚ ਹੁੰਦੀ ਹੈ। ਮਾਈ ਭਾਗੋ ਦੀ ਵਾਰਸ ਬਣਨਾ ਬਹੁਤ ਔਖਾ ਹੈ। ਇਹ ਸਿਰਫ ਲਲਕਾਰੇ ਮਾਰਨ ਨਾਲ ਨਹੀਂ ਹੁੰਦਾ। ਇਹ ਤਾਂ ਜੀਵਨ ਨੂੰ ਪੂਰੀ ਤਰ੍ਹਾਂ ਨਿਛਾਵਰ ਕਰਨ ਨਾਲ ਹੁੰਦਾ ਹੈ ਅਤੇ ਉਹ ਜਜਬਾ ਅੱਜ ਵੀ ਜਿਊਂਦਾ ਹੈ, ਸਾਡੀਆਂ ਮਾਵਾਂ ਵਿੱਚ, ਸਾਡੀਆਂ ਧੀਆਂ ਵਿੱਚ, ਜੋ ਚੁੱਪ-ਚਾਪ, ਸਤਿਕਾਰ ਨਾਲ, ਪਰ ਅਡੋਲ ਹੋ ਕੇ ਜਿੰਦਗੀ ਦੀ ਜੰਗ ਲੜ ਰਹੀਆਂ ਹਨ। ਉਨ੍ਹਾਂ ਨੂੰ ਸਲਾਮ ਕਰੋ। ਉਨ੍ਹਾਂ ਨੂੰ ਮਾਈ ਭਾਗੋ ਦੀ ਅਸਲ ਵਾਰਸ ਮੰਨੋ। ਬਾਕੀ ਸਿਰਫ ਸੋਰ ਹੈ, ਸੱਚ ਨਹੀਂ।

ਸੰਦੀਪ ਕੁਮਾਰ

# ਕਿਲੋਮੀਟਰ ਸਕੀਮ ਵਿਰੁੱਧ ਪ੍ਰਦਰਸਨ ਜਾਰੀ; ਯੂਨੀਅਨ ਆਗੂਆਂ ਦੀ ਹਿਰਾਸਤ ਦੀ ਨਿਖੇਧੀ

ਪੀਆਰਟੀਸੀ ਵਿੱਚ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਾਉਣ ਖਿਲਾਫ਼ ਕੱਚੇ ਕਾਮਿਆਂ ਦਾ ਸੰਘਰਸ਼ ਦੂਜੇ ਦਿਨ ਵੀ ਜਾਰੀ ਹੈ। ਸਰਕਾਰੀ ਬੱਸਾਂ ਘੱਟ ਚੱਲਣ ਕਾਰਨ ਯਾਤਰੀਆਂ ਨੂੰ ਪ੍ਰਾਈਵੇਟ ਆਪਰੇਟਰਾਂ 'ਤੇ ਨਿਰਭਰ ਰਹਿਣਾ ਪਿਆ। ਮਹਿਲਾ ਯਾਤਰੀ, ਜੋ ਆਮ ਤੌਰ 'ਤੇ ਸਰਕਾਰੀ ਬੱਸਾਂ ਵਿੱਚ ਮੁਫਤ ਸਫਰ ਦੀ ਸਹੂਲਤ ਲੈਂਦੀਆਂ ਹਨ, ਨੇ ਕਿਹਾ ਕਿ ਸਰਕਾਰੀ ਸੇਵਾਵਾਂ ਦੀ ਅਣਹੋਂਦ ਵਿੱਚ ਉਨ੍ਹਾਂ ਨੂੰ ਪ੍ਰਾਈਵੇਟ ਬੱਸਾਂ ਵਿੱਚ ਟਿਕਟਾਂ ਖਰੀਦਣ ਲਈ ਮਜਬੂਰ ਹੋਣਾ ਪਿਆ ਹੈ।

ਪੰਜਾਬ ਵਿੱਚ ਸਰਕਾਰੀ ਬੱਸ ਸੇਵਾਵਾਂ ਦੇ ਕਈ ਠੇਕਾ ਕਰਮਚਾਰੀਆਂ ਨੂੰ ਕਿਲੋਮੀਟਰ-ਆਧਾਰਿਤ ਬੱਸ ਸਕੀਮ ਨਾਲ ਸਬੰਧਤ ਟੈਂਡਰ ਖੋਲ੍ਹਣ ਵਿਰੁੱਧ ਕੀਤੇ ਪ੍ਰਦਰਸਨ ਦੌਰਾਨ ਹਿਰਾਸਤ ਵਿੱਚ ਲਏ ਜਾਣ ਤੋਂ ਇੱਕ ਦਿਨ ਬਾਅਦ ਲੁਧਿਆਣਾ ਵਿੱਚ ਪ੍ਰਦਰਸਨਕਾਰੀਆਂ ਨੇ ਪੁਲੀਸ ਕਾਰਵਾਈ ਦੀ ਨਿੰਦਾ ਕੀਤੀ।

ਹੁਸਿਆਰਪੁਰ ਵਿੱਚ ਪਨਬੱਸ ਕੰਟਰੈਕਟ ਵਰਕਰਜ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸੰਦੀਪ ਸਿੰਘ ਨੇ ਦੋਸ ਲਾਇਆ ਕਿ ਉਨ੍ਹਾਂ ਦੇ ਚਾਰ ਆਗੂ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ, ਜਿਲ੍ਹਾ ਪ੍ਰਧਾਨ ਰਮਿੰਦਰ ਸਿੰਘ, ਸਕੱਤਰ ਨਰਿੰਦਰ ਸਿੰਘ ਅਤੇ ਖਜਾਨਚੀ ਧਰਮਿੰਦਰ ਸਿੰਘ ਅਜੇ ਵੀ ਹਿਰਾਸਤ ਵਿੱਚ ਹਨ। ਉਨ੍ਹਾਂ ਕਿਹਾ, "ਜਦੋਂ ਤੱਕ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਕਿਲੋਮੀਟਰ-ਸਕੀਮ ਦੇ ਟੈਂਡਰ ਰੱਦ ਨਹੀਂ ਕੀਤੇ ਜਾਂਦੇ ਅਤੇ ਠੇਕਾ ਅਧਾਰਿਤ ਕਰਮਚਾਰੀਆਂ ਨੂੰ ਪੱਕਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਾਡਾ ਧਰਨਾ ਅਤੇ ਹੜਤਾਲ ਜਾਰੀ ਰਹੇਗੀ।"



ਉਨ੍ਹਾਂ ਦਾਅਵਾ ਕੀਤਾ, "ਪਿਛਲੇ ਚਾਰ ਸਾਲਾਂ ਵਿੱਚ, ਸਰਕਾਰ ਨੇ ਪੰਜਾਬ ਰੋਡਵੇਜ ਨੂੰ ਇੱਕ ਵੀ ਨਵੀਂ ਬੱਸ ਮੁਹੱਈਆ ਨਹੀਂ ਕਰਵਾਈ। 500 ਤੋਂ ਵੱਧ ਪੁਰਾਣੀਆਂ ਬੱਸਾਂ ਸੜਕਾਂ ਤੋਂ ਉੱਤਰ ਚੁੱਕੀਆਂ ਹਨ ਅਤੇ ਜਿਹੜੀਆਂ ਅਜੇ ਵੀ ਚੱਲ ਰਹੀਆਂ ਹਨ, ਉਹ ਵੱਡੀਆਂ ਮੁਰੰਮਤ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਵਿਭਾਗ ਕੋਲ ਟਾਇਰਾਂ ਅਤੇ ਜਰੂਰੀ ਮੁਰੰਮਤ ਲਈ ਵੀ ਫੰਡ ਨਹੀਂ ਹਨ।"

ਪੰਜਾਬ ਰੋਡਵੇਜ, ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬੱਸ) ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ (ਪੀਆਰਟੀਸੀ) ਦੇ ਕਰਮਚਾਰੀਆਂ ਵੱਲੋਂ ਦੂਜੇ ਦਿਨ ਵੀ ਪ੍ਰਦਰਸਨ ਜਾਰੀ ਰਹਿਣ ਕਾਰਨ ਸੂਬੇ ਦੇ ਕੁਝ ਹਿੱਸਿਆਂ ਵਿੱਚ ਬੱਸ ਸੇਵਾਵਾਂ ਪ੍ਰਭਾਵਿਤ ਰਹੀਆਂ।

ਕਰਮਚਾਰੀਆਂ ਨੇ ਸੁੱਕਰਵਾਰ ਨੂੰ ਕਿਲੋਮੀਟਰ-ਆਧਾਰਿਤ ਬੱਸ ਸਕੀਮ ਨਾਲ ਸਬੰਧਤ ਟੈਂਡਰ ਖੋਲ੍ਹਣ ਦੇ ਵਿਰੁੱਧ ਹੜਤਾਲ ਸੁਰੂ ਕੀਤੀ, ਜਿਸ ਬਾਰੇ ਉਨ੍ਹਾਂ ਦਾ ਦਾਅਵਾ ਹੈ ਕਿ ਇਹ "ਪ੍ਰਾਈਵੇਟ ਬੱਸਾਂ ਲਿਆਉਣ ਅਤੇ ਸਰਕਾਰੀ ਟਰਾਂਸਪੋਰਟ ਪ੍ਰਣਾਲੀ ਨੂੰ ਖਤਮ ਕਰਨ ਦੀ ਇੱਕ ਪਿਛਲੇ ਦਰਵਾਜੇ ਰਾਹੀਂ ਕੀਤੀ ਜਾ ਰਹੀ ਕੋਸਿਸ ਹੈ, ਜਿਸ ਨਾਲ ਪ੍ਰਾਈਵੇਟ ਆਪਰੇਟਰਾਂ ਨੂੰ ਸਰਕਾਰ ਵੱਲੋਂ ਸੂਚਿਤ ਰੂਟਾਂ 'ਤੇ ਬੱਸਾਂ ਚਲਾਉਣ ਦੇ ਯੋਗ ਬਣਾਇਆ ਜਾਵੇਗਾ।"

ਬੀਤੇ ਦਿਨ ਯੂਨੀਅਨਾਂ ਦੇ ਪ੍ਰਦਰਸਨ ਤੋਂ ਪਹਿਲਾਂ ਪੁਲੀਸ ਨੇ ਕਈ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਸੀ, ਜਿਸ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਹੰਗਾਮੇ ਵਾਲੀ ਸਥਿਤੀ ਬਣ ਗਈ ਸੀ। ਅੱਜ ਲੁਧਿਆਣਾ ਵਿੱਚ ਇੱਕ ਪ੍ਰਦਰਸਨਕਾਰੀ ਨੇ ਪ੍ਰਦਰਸਨ ਕਰ ਰਹੇ ਕਰਮਚਾਰੀਆਂ ਵਿਰੁੱਧ ਪੁਲੀਸ ਕਾਰਵਾਈ ਦੀ ਸਖਤ ਨਿੰਦਾ ਕੀਤੀ।

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਆਨਲਾਈਨ ਪ੍ਰਿੰਟ ਮੀਡੀਆ ਕਾਰੋਬਾਰੀ ਇਸ਼ਤਿਹਾਰਾਂ ਨਾਲ ਆਪਣੀ ਸਾਂਝ ਕਿਵੇਂ ਕਾਇਮ ਰੱਖੇ




ਚੀਜ਼ਾਂ, ਵਰਤਾਰੇ ਤੇ ਰਿਵਾਜ ਪੁਰਾਣੇ ਜਰੂਰ ਹੋ ਜਾਂਦੇ ਹਨ ਪਰੰਤੂ ਪੂਰੀ ਤਰ੍ਹਾਂ ਗੈਰਪ੍ਰਸੰਗਿਕ ਨਹੀਂ ਹੁੰਦੇ। ਜੇ ਅੱਜ ਤੇਜ਼ ਤਰਾਰ ਕਾਰਾਂ ਦਾ ਯੁਗ ਆ ਗਿਆ ਏ ਤਾਂ ਬਾਈਸਾਈਕਲ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਬਿਜਲੀ ਨਾਲ ਚਾਰਜ ਹੋਣ ਵਾਲੀਆਂ ਕਾਰਾਂ ਤੇਲ ਨਾਲ ਚੱਲਣ ਵਾਲੀਆਂ ਕਾਰਾਂ ਤੇ ਦਿਨਾਂ ਮਹੀਨਿਆਂ ਵਿੱਚ ਆਪਣਾ ਗਲਬਾ ਨਹੀਂ ਪਾ ਸਕਦੀਆਂ। ਜੇ ਅੱਜ ਸੋਸ਼ਲ ਮੀਡੀਆ ਦਾ ਯੁਗ ਆ ਗਿਆ ਤਾਂ ਆਕਾਸ਼ਵਾਣੀ ਤੇ ਦੂਰਦਰਸ਼ਨ ਖਤਮ ਨਹੀਂ ਹੋਏ। ਜੇ ਅੱਜ ਫਾਈਲਾਂ ਕੰਪਿਊਟਰ ਵਿੱਚ ਖੁੱਲਣ ਲੱਗ ਪਈਆਂ ਤਾਂ ਦਫਤਰਾਂ ਵਿੱਚ ਮੇਜਾਂ ਤੇ ਪਈਆਂ ਫਾਈਲਾਂ ਦਾ ਵਰਤਾਰਾ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਟਰੈਕਟਰਾਂ ਦੇ ਨਾਲ ਨਾਲ ਗੱਡੇ ਰੇੜੀਆਂ ਟਾਂਵੇ ਟਾਂਵੇ ਅੱਜ ਵੀ ਨਜ਼ਰ ਆ ਰਹੇ ਹਨ। ਬਿੱਲ ਆਨਲਾਈਨ ਵੀ ਦਿੱਤੇ ਜਾ ਰਹੇ ਹਨ ਤੇ ਡਾਕਖਾਨੇ ਵਿੱਚ ਜਾ ਕੇ ਵੀ।

ਇਹੀ ਹਾਲ ਪ੍ਰਿੰਟ ਮੀਡੀਆ ਦਾ ਵੀ ਹੈ। ਅੱਧਖੜ੍ਹ ਤੇ ਵਡੇਰੀ ਉਮਰ ਦੇ ਲੋਕ ਉਦੋਂ ਸੰਤੁਸ਼ਟੀ ਮਹਿਸੂਸ ਕਰਦੇ ਹਨ ਜਦ ਉਹ ਅਖਬਾਰ ਦੀ ਹਾਰਡ ਕਾਪੀ ਘਰ ਲਿਜਾ ਕੇ ਬੈਡ ਤੇ ਟੇਢੇ ਹੋ ਕੇ ਜਾਂ ਲੰਮੇ ਪੈ ਕੇ ਪੜ੍ਹਨ। ਉਹਨਾਂ ਨੂੰ ਆਨਲਾਈਨ ਕਾਪੀ ਦੇਖੀ ਹੋਈ ਅਖਬਾਰ ਪੜ੍ਹਨ ਵਾਂਗ ਲੱਗਦੀ ਹੀ ਨਹੀਂ। ਕਈਆਂ ਨੂੰ ਤਾਂ ਆਨਲਾਈਨ ਅਖਬਾਰ ਖੋਲ੍ਹਣੀ ਯੱਬਖਾਨਾ ਲੱਗਦੀ ਰਹਿੰਦੀ ਹੈ। ਅੱਧਖੜ੍ਹ ਤੇ ਵਡੇਰੀ ਉਮਰ ਦੇ ਕਾਰੋਬਾਰੀ ਲੋਕ ਇਹ ਵੀ ਸੋਚਦੇ ਹਨ ਕਿ ਆਨਲਾਈਨ ਅਖਬਾਰ ਵਿੱਚ ਦਿੱਤਾ ਹੋਇਆ ਇਸ਼ਤਿਹਾਰ ਓਨੇ ਲੋਕਾਂ ਤੱਕ ਨਹੀਂ ਪਹੁੰਚਦਾ ਜਿੰਨਿਆਂ ਪਾਸ ਉਹ ਹਾਰਡ ਕਾਪੀ ਦੇ ਰੂਪ ਵਿੱਚ ਪਹੁੰਚ ਜਾਂਦਾ ਹੈ। ਉਹਨਾਂ ਦਾ ਇੰਜ ਸੋਚਣਾ ਨਾ ਪੂਰੀ ਤਰ੍ਹਾਂ ਠੀਕ ਹੈ ਨਾ ਹੀ ਗਲਤ। ਇਹਦੇ ਵਿੱਚ ਮਨੁੱਖੀ ਬਿਰਤੀ ਤੇ ਮਨੋਵਿਗਿਆਨ ਦਾ ਰੋਲ ਹੈ। ਵੱਡੇ ਸਾਰੇ ਖਿਲਾਰੇ, ਵੱਡੇ ਸਾਰੇ ਢੇਰ, ਚਮਕ ਦਮਕ, ਵਾਧੂ ਅੰਬਾਰ ਦਾ ਮਨੁੱਖ ਦੇ ਮਨ ਤੇ ਜਾਦੂਮਈ ਤੇ ਤੁਰੰਤ ਪ੍ਰਭਾਵ ਪੈਂਦਾ ਹੈ। ਪ੍ਰਿੰਟ ਅਖਬਾਰਾਂ ਦੀ ਤੁਰੰਤ ਕਾਪੀ ਚੁੱਕ ਕੇ ਨਜ਼ਰ ਮਾਰਨੀ ਬੜੀ ਆਸਾਨ ਹੈ। ਉਸ ਨੂੰ ਮੋਬਾਈਲ ਫੋਨ ਤੇ ਕੰਪਿਊਟਰ ਵਿੱਚ ਖੋਲਣ ਨੂੰ ਕੁਝ ਸਮਾਂ ਲੱਗਦਾ ਹੈ। ਕਈ ਜਗ੍ਹਾ ਇੰਟਰਨੈਟ ਵੀ ਕਮਜ਼ੋਰ ਹੁੰਦਾ ਹੈ। ਵੈਸੇ ਆਸਟਰੇਲੀਆ ਜਿਹੇ ਵਿਕਸਿਤ ਦੇਸ਼ਾਂ ਵਿੱਚ ਇਹੋ ਜਿਹੀ ਪਰੇਸ਼ਾਨੀ ਬਹੁਤ ਘੱਟ ਪੇਸ਼ ਆਉਂਦੀ ਹੈ।

ਅਸਲੀ ਗੱਲ ਇੱਕ ਹੋਰ ਹੈ ਜਿਸਤੋਂ ਕਾਰੋਬਾਰੀ ਅਦਾਰੇ ਕੁਝ ਅਣਜਾਣ ਤੇ ਅਵੇਸਲੇ ਹਨ। ਤਕਰੀਬਨ ਸਾਰੀਆਂ ਦੇਸੀ ਅਖਬਾਰਾਂ ਪੰਜ ਹਜ਼ਾਰ ਕਾਪੀਆਂ ਤੋਂ ਘੱਟ ਹੀ ਛਪਦੀਆਂ ਰਹੀਆਂ ਹਨ। ਸਿਡਨੀ ਜਿਹੇ ਵੱਡੇ ਸ਼ਹਿਰ ਵਿੱਚ ਇਹਨਾਂ ਵਿੱਚੋਂ ਮਸਾਂ ਤਿੰਨ ਕੁ ਹਜ਼ਾਰ ਅਖਬਾਰਾਂ ਹੀ ਖਾਸ ਖਾਸ ਥਾਵਾਂ ਤੇ ਰੱਖੀਆਂ ਜਾ ਵੰਡੀਆਂ ਜਾਂਦੀਆਂ ਰਹੀਆਂ ਹਨ। ਮੰਨ ਲਓ 30 ਕਿਲੋਮੀਟਰ ਦੇ ਇਲਾਕੇ ਵਿੱਚ ਇੱਕ ਗੁਰੂਘਰ ਹੈ ਤੇ ਇਸ 30 ਕਿਲੋਮੀਟਰ ਵਿੱਚ 15 ਉਹ ਕਾਰੋਬਾਰੀ ਅਦਾਰੇ ਹਨ ਜਿਨਾਂ ਨੇ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਹੈ। ਅਖਬਾਰ ਵਾਲਾ ਇਸ ਗੁਰੂ ਘਰ ਵਿੱਚ 20-20 ਕਾਪੀਆਂ ਦੇ 40 ਬੰਡਲ ਰੱਖਦਾ ਹੈ। ਇਸ ਪ੍ਰਕਾਰ ਇੱਥੇ 800 ਕਾਪੀ ਰੱਖੀ ਗਈ। ਇਸ 800 ਕਾਪੀ ਵਿੱਚੋਂ ਸਿਰਫ ਪੰਜ ਕੁ ਸੋ ਲੋਕ ਹੀ ਐਸੇ ਹਨ ਜਿਨਾਂ ਦੀ ਨਜ਼ਰ ਇਸ ਇਸ਼ਤਿਹਾਰ ਤੇ ਪਈ। ਬਾਕੀ ਕਾਪੀਆਂ ਉਨ੍ਹਾਂ ਪਾਠਕਾਂ ਨੇ ਚੁੱਕੀਆਂ ਜਿਹੜੇ ਲੇਖ, ਕਹਾਣੀਆਂ, ਸੰਪਾਦਕੀ ਨੋਟ, ਕਵਿਤਾਵਾਂ ਤੇ ਖਬਰਾਂ ਹੀ ਪੜ੍ਹਦੇ ਹਨ।

ਕਾਰੋਬਾਰੀ ਅਦਾਰਿਆਂ ਦਾ ਧਿਆਨ ਖਿੱਚਣ ਲਈ ਅਖਬਾਰਾਂ ਦਾ ਮਾਲਕ ਕੀ ਕਰੇ ? ਇਹ ਗੱਲ ਧਿਆਨ ਦੇਣ ਯੋਗ ਹੈ। ਮਾਲਕ ਇਵੇਂ ਕਰੇ:-

(1). ਆਪਣੇ ਤਕਰੀਬਨ 5000 ਫੇਸਬੁੱਕ ਦੋਸਤ ਬਣਾਵੇ। ਇਨ੍ਹਾਂ ਵਿੱਚੋਂ ਬਹੁਤੇ ਦੋਸਤ ਉਸ ਇਲਾਕੇ ਦੇ ਹੋਣ ਜਿੱਥੇ ਇਹ ਅਖਬਾਰ ਰੱਖਿਆ ਜਾਂ ਵੰਡਿਆ ਜਾਂਦਾ ਹੈ। ਇਸ਼ਤਿਹਾਰਾਂ ਵਾਲੇ ਸਾਰੇ ਸਫੇ ਫੇਸਬੁੱਕ ਤੇ ਪਾਵੇ। ਜੇ ਇਲਾਕੇ ਦੇ ਫੇਸਬੁੱਕ ਦੋਸਤਾਂ ਦੀ ਗਿਣਤੀ ਤਿੰਨ ਹਜ਼ਾਰ ਵੀ ਹੋਵੇ ਤਾਂ ਸਮਝੋ ਇਹ ਇਸ਼ਤਿਹਾਰ 3000 ਪਾਸ ਤਾਂ ਪਹੁੰਚ ਹੀ ਗਏ। ਜਦ ਅਸੀਂ ਅਖਬਾਰ ਦੀਆਂ ਕਾਪੀਆਂ ਦਾ ਗੁਰੂਘਰ ਵਿਖੇ ਢੇਰ ਲਗਾਇਆ ਸੀ ਤਾਂ ਇਹ ਸਿਰਫ 500 ਲੋਕਾਂ ਪਾਸ ਹੀ ਪਹੁੰਚਿਆ ਸੀ। ਹੁਣ ਇਹ 3000 ਪਾਸ ਪਹੁੰਚ ਗਿਆ। ਇਸ ਪ੍ਰਕਾਰ ਸਾਫ ਜ਼ਾਹਿਰ ਹੈ ਕਿ ਆਨਲਾਈਨ ਵਰਤਾਰੇ ਨਾਲ ਫੇਸਬੁੱਕ ਨੂੰ ਵਧੀਆ ਤਰੀਕੇ ਨਾਲ ਜੋੜਨ ਨਾਲ ਅਖਬਾਰ ਵੱਧ ਲੋਕਾਂ ਤੱਕ ਪਹੁੰਚਦੀ ਹੈ। ਉਸ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਅਖਬਾਰ ਵਾਲਾ ਇਹਨਾਂ ਸਾਰੇ ਦੋਸਤਾਂ ਨੂੰ ਅਖਬਾਰਾਂ ਦੀ ਪੀ. ਡੀ. ਐਫ. ਫਾਈਲ ਵੀ ਭੇਜ ਸਕਦਾ ਹੈ।

(2). ਅਖਬਾਰ ਦਾ ਮਾਲਕ ਆਪਣੇ ਵੱਧ ਤੋਂ ਵੱਧ ਵਹੱਟਸਅੱਪ ਪਾਰਟਨਰਜ਼ ਬਣਾਵੇ। ਇਹਨਾਂ ਸਾਰਿਆਂ ਨੂੰ ਉਹ ਅਖਬਾਰ ਦੀ ਪੀ. ਡੀ. ਐਫ. ਫਾਈਲ ਭੇਜੇ।

(3). ਅਖਬਾਰ ਦਾ ਮਾਲਕ ਇਸ਼ਤਿਹਾਰਾਂ ਦਾ ਰੇਟ ਘਟਾਵੇ। ਜੇ ਰੇਟ ਅੱਧਾ ਕਰ ਦੇਵੇ ਤਾਂ ਹੋਰ ਵੀ ਚੰਗਾ ਹੋਵੇਗਾ। ਕੀਮਤਾਂ ਵਿੱਚ ਥੋੜਾ ਜਿਹਾ ਵਖਰੇਵਾਂ ਸਫੇ ਦੀ ਸਥਿਤੀ ਦੇਖ ਕੇ ਵੀ ਕੀਤਾ ਜਾ ਸਕਦਾ ਹੈ। ਫਰੰਟ ਸਫਾ ਤੇ ਸਫੇ ਦਾ ਸੱਜਾ ਪਾਸਾ ਥੋੜਾ ਜਿਹਾ ਮਹਿੰਗਾ ਵੀ ਰੱਖਿਆ ਜਾ ਸਕਦਾ ਹੈ।

ਅਖਬਾਰਾਂ ਦੇ ਮਾਲਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਸ ਨੂੰ ਅਖਬਾਰ ਛਪਵਾਉਣ ਦੇ ਕਸ਼ਟ ਤੋਂ ਰਾਹਤ ਮਿਲ ਗਈ ਹੈ, ਉਸ ਨੂੰ ਅਖਬਾਰ ਵੰਡਣ ਤੋਂ ਵੀ ਰਾਹਤ ਮਿਲ ਗਈ ਹੈ।

ਮੈਂ ਇੱਕ ਹੋਰ ਮੱਧ ਰਸਤਾ ਵੀ ਅਪਣਾਇਆ ਹੈ। ਦਿਵਾਲੀ ਤੇ ਵਿਸਾਖੀ ਦੀ ਮੈਂ ਪ੍ਰਿੰਟ ਕਾਪੀ/ਹਾਰਡ ਕਾਪੀ ਵੀ ਕੱਢ ਦਿੰਦਾ ਹਾਂ। ਇਹਨਾਂ ਦੋਹਾਂ ਕਾਪੀਆਂ ਵਿੱਚ ਇਸ਼ਤਿਹਾਰਾਂ ਦੇ ਰੇਟ ਪੂਰੇ ਰੱਖੇ ਜਾਂਦੇ ਹਨ। ਇਸ ਪ੍ਰਕਾਰ ਕਾਰੋਬਾਰੀ ਅਦਾਰਿਆਂ ਨੂੰ ਮੁੜ ਤੋਂ ਅਖਬਾਰਾਂ ਨਾਲ ਜੋੜਿਆ ਜਾ ਸਕਦਾ ਹੈ।

# - ਮਿੱਟੀ ਦੀ ਮਹਿਕ -

## ਗੁਰਚਰਨ ਕੌਰ ਥਿੰਦ



ਪਿਛਲੇ ਦਿਨੀਂ ਮੈਨੂੰ ਇੱਕ ਦੋਸਤ ਦਾ ਫੋਨ ਆਇਆ। ਕਹਿਣ ਲੱਗਾ: ਕੈਲਗਰੀ, ਕੈਨੇਡਾ ਤੋਂ ਸਾਡੇ ਘਰ ਇੱਕ ਜੋੜਾ ਆਇਆ ਹੋਇਆ ਏ। ਮਰਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਪ੍ਰੋਫੈਸਰ ਹੁੰਦੇ ਸਨ। ਹੁਣ ਉਹ ਸੇਵਾ ਮੁਕਤ ਹਨ। ਇਸਤਰੀ ਲੁਧਿਆਣਾ ਦੇ ਨੇੜੇ ਦੋ ਹਾਈ ਸਕੂਲਾਂ (ਸਰਾਭਾ ਤੇ ਦਾਖਾਂ) ਵਿਖੇ ਸਾਇੰਸ ਅਧਿਆਪਕਾ ਹੋਇਆ ਕਰਦੇ ਸਨ। ਵੈਸੇ ਉਹ ਐਮ. ਏ ਅੰਗਰੇਜ਼ੀ ਵੀ ਹਨ। ਇਸਤਰੀ ਦਾ ਨਾਮ ਗੁਰਚਰਨ ਕੌਰ ਥਿੰਦ ਏ।

ਜਦ ਮੈਂ ਇਹ ਨਾਮ ਸੁਣਿਆ ਤਾਂ ਆਪਣੇ ਦੋਸਤ ਨੂੰ ਕਿਹਾ ਕਿ ਨਾਮ ਤਾਂ ਮੇਰਾ ਸੁਣਿਆ ਤੇ ਪੜ੍ਹਿਆ ਹੋਇਆ ਏ। ਪਾਠਕਾਂ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਸ਼੍ਰੀਮਤੀ ਥਿੰਦ ਪੰਜਾਬੀ ਦੇ ਚੰਗੇ ਗਲਪਕਾਰ ਹਨ। ਇਹਨਾਂ ਨੇ ਇੱਕ ਪੁਸਤਕ ਅੰਗਰੇਜ਼ੀ ਵਿੱਚ ਵੀ ਛਪਵਾਈ ਹੋਈ ਏ। ਵੈਸੇ ਨਾਵਲਕਾਰ ਤੇ ਕਹਾਣੀਕਾਰ ਹਨ। ਮੈਂ ਇਹਨਾਂ ਦੀ ਇੰਟਰਵਿਊ ਲੈ ਕੇ ਆਪਣੇ ਅਵਤਾਰ ਸੰਘਾ ਯੂਟਿਊਬ ਚੈਨਲ ਤੇ ਵੀ ਪਾ ਦਿੱਤੀ ਹੈ। ਉਹਨਾਂ ਬਾਰੇ ਬਹੁਤੀ ਜਾਣਕਾਰੀ ਤੁਸੀਂ ਇਸ ਇੰਟਰਵਿਊ ਤੋਂ ਲੈ ਸਕਦੇ ਹੋ।

ਇਹਨਾਂ ਦੁਆਰਾ ਰਚਿਤ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ:-

1). ਪਰਛਾਵਿਆਂ ਦੀ ਮਹਿਕ --
2). ਰਿਸ਼ਤਿਆਂ ਦੀ ਤਾਸੀਰ -- ਕਹਾਣੀ ਸੰਗ੍ਰਹਿ
3). ਸਿਵ ਦੀ ਗੌਰਜਾਂ -- ਕਹਾਣੀ ਸੰਗ੍ਰਹਿ
4). ਕੈਨੇਡੀਅਨ ਕੂੰਜਾਂ -- ਕਹਾਣੀ ਸੰਗ੍ਰਹਿ
5). ਔਰ ਚੂਲਹਾ ਜਲਤਾ ਰਹਾ -- ਕਹਾਣੀ ਸੰਗ੍ਰਹਿ
6). ਅੰਮ੍ਰਿਤ -- ਨਾਵਲ
7). ਚੰਦਰਯਾਨ ਤਿਸਕਿਨ -- ਨਾਵਲ
8). ਜਾਗਦੇ ਬੁਝਦੇ ਜੁਗਨੂੰ -- ਨਾਵਲ
9). ਸਾਡੇ ਪਿੱਪਲ ਦੀ ਠੰਡੀ ਠੰਡੀ ਛਾਂ -- ਲੇਖ
10). **Blinking Fireflies** - ਲੇਖ
11). ਮਿਸ਼ਨ ਰੈਡਸਟਾਰ -- ਨਾਵਲ
12). ਸੂਲਾਂ -- ਕਹਾਣੀ ਸੰਗ੍ਰਹਿ
13). ਸਮਾਜ ਤੇ ਸੱਭਿਆਚਾਰ ਦੀ ਭਾਸ਼ਾ -- ਲੇਖ ਸੰਗ੍ਰਹਿ
14). ਲਹਿੰਦੇ ਪੰਜਾਬ 'ਚ 14 ਦਿਨ -- ਲੇਖ ਸੰਗ੍ਰਹ


ਅਵਤਾਰ ਐੱਸ. ਸੰਘਾ
Avtar S Sangha
0437641033




ਲੇਖਿਕਾ ਦੇ ਜਿਆਦਾ ਵਿਸ਼ੇ ਸਮਾਜਿਕ ਸਰੋਕਾਰਾਂ ਅਤੇ ਵਰਤਾਰਿਆਂ ਦੀ ਡੂੰਘੀ ਪੜਚੋਲ ਨਾਲ ਸੰਬੰਧ ਰੱਖਦੇ ਹਨ। ਇਹਨਾਂ ਸਰੋਕਾਰਾਂ ਵਿੱਚ ਮਨੁੱਖੀ ਰਿਸ਼ਤੇ, ਸਦਾਚਾਰ, ਸੱਭਿਆਚਾਰਕ ਵਰਤਾਰੇ, ਲਹਿੰਦੇ ਪੰਜਾਬ ਦੇ ਵਿਵਹਾਰਕ ਤਜ਼ਰਬੇ, ਕੈਨੇਡੀਅਨ ਜੀਵਨ ਦੇ ਕੌੜੇ ਮਿੱਠੇ ਤਜਰਬੇ, ਨਵੀਂ ਪੀੜ੍ਹੀ ਨੂੰ ਸੇਧ ਆਦਿ ਸ਼ਾਮਿਲ ਹਨ। ਲੇਖਿਕਾ ਨੇ ਕੁਝ ਲਿਖਤਾਂ ਵਿਗਿਆਨਿਕ ਸਰੋਕਾਰਾਂ ਤੇ ਅਧਾਰਿਤ ਵੀ ਲਿਖੀਆਂ ਹਨ। ਲੇਖਿਕਾ ਲੰਬਾ ਸਮਾਂ ਸਾਇੰਸ ਅਧਿਆਪਕਾ ਰਹੀ ਹੈ। ਇਸ ਲਈ ਕੁਝ ਲਿਖਤਾਂ ਦੇ ਸਾਇੰਸ ਦਾ ਅਸਰ ਵੀ ਦੇਖਿਆ ਜਾ ਸਕਦਾ ਹੈ। ਲਹਿੰਦੇ ਪੰਜਾਬ ਵਿੱਚ 14 ਦਿਨ ਇੱਕ ਖੂਬਸੂਰਤ ਸਫਰਨਾਮਾ ਹੈ। ਲੇਖਿਕਾ ਨੂੰ ਵਧਾਈ ਦਿੰਦਾ ਹੋਇਆ ਤੇ ਉਸ ਲਈ ਹੋਰ ਉੱਚੀਆਂ ਸਾਹਿਤਕ ਬੁਲੰਦੀਆਂ ਦੀ ਕਾਮਨਾ ਕਰਦਾ ਹੋਇਆ। ਅਵਤਾਰ ਐਸ ਸੰਘਾ

## ਮਹਿਮਾਨ

ਅਸੀਂ ਬਿਨ ਬੁਲਾਏ ਮਹਿਮਾਨ ਨਹੀਂ ਹੁੰਦੇ
ਜਿਵੇਂ ਪਾਣੀ ਤੋਂ ਬਿਨਾਂ ਕਦੇ ਇਸ਼ਨਾਨ ਨਹੀਂ ਹੁੰਦੇ
ਕੋਈ ਚੜ੍ਹਦੇ ਸੂਰਜ ਜਿਹੀ ਜਵਾਨੀ ਦੇਖ ਕੇ ਡੁੱਲ ਜਾਂਦੇ ਨੇ
ਉਹ ਗਿਰਗਿਟ ਦੇ ਗਿਰਗਿਟ ਹੀ ਰਹਿੰਦੇ ਨੇ, ਇਨਸਾਨ ਨਹੀਂ ਹੁੰਦੇ।

ਜੇ. ਐੱਸ. ਤਲਾਵਾਂ


ਆਪਣੇ ਬਿਜ਼ਨਸ ਵਿਚ ਵਾਧਾ ਕਰਨ ਲਈ ਅੱਜ ਹੀ ਆਪਣਾ ਇਸ਼ਤਿਹਾਰ 'ਦਾ ਪੰਜਾਬ ਹੈਰਲਡ' ਵਿਚ ਛਪਵਾਉ।

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). **'Storm in a Tea Cup & Other Stories'** (An Anthology of English Short Stories), Azad Book Depot,Amritsar (2022)
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ ਤੇ ਓਵਰਟਾਈਮ** (ਦੋ ਲਘੂ ਨਾਟਕ) (2022) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 20 ਕਹਾਣੀਆਂ ਪੰਜਾਬੀ ਟ੍ਰਿਬਿਊਨ, 5 ਪ੍ਰੀਤ ਲੜੀ, 2 ਪੰਜ ਦਰਿਆ (UK), 5 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 2 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ
ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ ਪੁਸਤਕਾਂ '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ।
27). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '.....**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਅੰਬਰ ਗਰੁੱਪ ਵੱਲੋਂ ਖੋਜ ਤੇ ਵਿਕਾਸ ਕੇਂਦਰ ਵਿੱਚ 500 ਕਰੋੜ ਰੁਪਏ ਦੇ ਨਿਵੇਸ ਦਾ ਐਲਾਨ

ਅੰਬਰ ਗਰੁੱਪ ਆਫ ਇੰਡਸਟਰੀਜ ਨੇ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ ਨਾਲ ਅਤਿ-ਆਧੁਨਿਕ ਖੋਜ ਅਤੇ ਵਿਕਾਸ ਕੇਂਦਰ ਦੀ ਸਥਾਪਨਾ ਰਾਹੀਂ ਇੱਕ ਵੱਡੇ ਵਿਸਥਾਰ ਦਾ ਐਲਾਨ ਕੀਤਾ ਹੈ।



ਇਸ ਐਲਾਨ ਦਾ ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ ਪ੍ਰੋਤਸਾਹਨ, ਬਿਜਲੀ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸਵਾਗਤ ਕੀਤਾ।

ਉਨ੍ਹਾਂ ਕਿਹਾ ਕਿ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ ਨਾਲ ਇੱਕ ਵੱਡੇ ਪੱਧਰ ਦਾ ਖੋਜ ਅਤੇ ਵਿਕਾਸ ਕੇਂਦਰ ਸਥਾਪਤ ਕਰਨ ਦਾ ਅੰਬਰ ਗਰੁੱਪ ਦਾ ਫੈਸਲਾ ਪੰਜਾਬ ਦੀਆਂ ਪ੍ਰਗਤੀਸੀਲ ਉਦਯੋਗਿਕ ਨੀਤੀਆਂ, ਹੁਨਰਮੰਦ ਕਿਰਤੀਆਂ ਅਤੇ ਨਿਵੇਸਕ-ਪੱਖੀ ਵਾਤਾਵਰਣ ਪ੍ਰਣਾਲੀ ਦਾ ਮਜਬੂਤ ਸਮਰਥਨ ਕਰਦਾ ਹੈ।

ਇਸ ਪ੍ਰੋਜੈਕਟ ਨਾਲ ਲਗਪਗ 1,000 ਉੱਚ-ਗੁਣਵੱਤਾ ਤੇ ਚੰਗੀ ਤਨਖਾਹ ਵਾਲੀਆਂ ਰੋਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾ ਸਕਣਗੇ ਅਤੇ ਉੱਨਤ ਇੰਜੀਨੀਅਰਿੰਗ ਤੇ ਉਤਪਾਦ ਡਿਜ਼ਾਈਨ ਦੇ ਖੇਤਰ ਵਿੱਚ ਪੰਜਾਬ ਦੀ ਸਥਿਤੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤੀ ਮਿਲੇਗੀ। ਅੰਬਰ ਗਰੁੱਪ ਆਫ ਇੰਡਸਟਰੀਜ ਇੱਕ ਮੋਹਰੀ ਨਿਰਮਾਣ ਸਮੂਹ ਹੈ ਜਿਸ ਵਿੱਚ ਭਾਰਤ ਅਤੇ ਵਿਦੇਸਾਂ ਵਿੱਚ 33 ਨਿਰਮਾਣ ਸਹੂਲਤਾਂ ਅਤੇ 12 ਵਿਕਰੀ ਦਫਤਰ ਹਨ, ਜਿਨ੍ਹਾਂ ਦਾ ਸਾਲਾਨਾ ਮਾਲੀਆ ਲਗਪਗ 10,000 ਕਰੋੜ ਰੁਪਏ ਹੈ ਅਤੇ ਬਾਜਾਰ ਪੂੰਜੀਕਰਨ ਲਗਭਗ 27,000 ਕਰੋੜ ਰੁਪਏ ਹੈ।

ਇਹ ਸਮੂਹ ਪੀਸੀਬੀਜ਼, ਏਅਰ ਕੰਡੀਸਨਰ, ਪਾਵਰ ਇਲੈਕਟ੍ਰਾਨਿਕਸ, ਐੱਚਵੀਏਸੀ ਸਿਸਟਮ, ਰੇਲਵੇ, ਰੱਖਿਆ, ਬੱਸਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਲਈ ਸਟੀਕ ਕੂਲਿੰਗ ਹੱਲ ਸਮੇਤ ਅਨੇਕਾਂ ਮੁੱਖ ਖੇਤਰਾਂ ਵਿੱਚ ਸਰਗਰਮ ਹੈ।

# ਪਾਕਿਸਤਾਨ ਲਈ ਜਾਸੂਸੀ ਕਰਨ ਵਾਲੇ ਫੌਜ ਦੇ ਦੋ ਜਵਾਨ ਗ੍ਰਿਫਤਾਰ

ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ 'ਚ ਜੇਲ੍ਹ 'ਚ ਬੰਦ ਤਰਨਤਾਰਨ ਦੇ ਚੋਹਲਾ ਸਾਹਿਬ ਦੇ ਵਸਨੀਕ ਅੰਮ੍ਰਿਤਪਾਲ ਸਿੰਘ (ਫੌਜੀ) ਤੇ ਮਾਨਸਾ ਦੇ ਸਰਦੂਲੇਵਾਲ ਪਿੰਡ ਦੇ ਵਸਨੀਕ ਸੰਦੀਪ ਸਿੰਘ (ਨਾਇਕ) ਨੂੰ ਫਤਿਹਪੁਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਵਾਂ ਮੁਲਜ਼ਮਾਂ ਨੂੰ ਮੰਗਲਵਾਰ ਸ਼ਾਮ ਨੂੰ ਜੱਜ ਗਰਿਮਾ ਗੁਪਤਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਅਦਾਲਤ ਨੇ ਉਨ੍ਹਾਂ ਨੂੰ ਤਿੰਨ ਦਿਨਾਂ ਦੀ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਹੈ।



ਸੁਰੱਖਿਆ ਅਧਿਕਾਰੀਆਂ ਨੇ ਦੋਵਾਂ ਮੁਲਜ਼ਮਾਂ ਨੂੰ ਪੁੱਛਗਿੱਛ ਲਈ ਮਾਲ ਮੰਡੀ ਦੇ ਜੁਆਇੰਟ ਇੰਟੈਰੋਗੇਸ਼ਨ ਸੈਂਟਰ ਵਿਚ ਲਿਆਂਦਾ। ਇਹ ਦੱਸਿਆ ਜਾਂਦਾ ਹੈ ਕਿ ਦੋਵਾਂ ਮੁਲਜ਼ਮਾਂ ਨੂੰ ਇਸ ਸਾਲ ਮਾਰਚ ਵਿਚ ਦਰਜ ਕੀਤੀ ਗਈ ਇਕ ਐੱਫਆਈਆਰ ਦੇ ਸਬੰਧ ਵਿੱਚ ਪੁੱਛਗਿੱਛ ਲਈ ਜੇਲ੍ਹ ਤੋਂ ਲਿਆਂਦਾ ਗਿਆ ਸੀ। ਇਹ ਐੱਫਆਈਆਰ ਹਥਿਆਰਾਂ ਅਤੇ ਵਿਸਫੋਟਕਾਂ ਦੀ ਸਪਲਾਈ ਦੇ ਨਾਲ-ਨਾਲ ਪਾਕਿਸਤਾਨ ਵਿਚ ਸਥਿਤ ਅੱਤਵਾਦੀ ਰਿੰਦਾ ਦੇ ਕਾਰਕੁੰਨਾਂ ਨਾਲ ਸਬੰਧਤ ਹੈ।

ਇਸ ਐੱਫਆਈਆਰ ਵਿਚ ਕੁੱਲ ਸੱਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁਲਜ਼ਮਾਂ ਤੋਂ ਵਿਸਫੋਟਕ, ਹਥਿਆਰ ਅਤੇ ਹੈਰੋਇਨ ਬਰਾਮਦ ਕੀਤੀ ਗਈ ਸੀ। ਹੁਣ ਜਿਵੇਂ ਹੀ ਮਾਮਲੇ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ, ਦੋਵਾਂ ਜਾਸੂਸਾਂ ਦੇ ਨਾਂ ਇਕ ਵਾਰ ਫਿਰ ਸਾਹਮਣੇ ਆਏ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਲੇਹ ਵਿਚ ਉਨ੍ਹਾਂ ਦੀ ਰੈਜੀਮੈਂਟ ਵਿਚ ਤਾਇਨਾਤ ਸੰਦੀਪ ਸਿੰਘ ਅਤੇ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ, ਮਾਧਵ ਸ਼ਰਮਾ, ਰਾਜਬੀਰ ਸਿੰਘ ਅਤੇ ਮਨਦੀਪ, ਰਾਜਸਥਾਨ ਦੇ ਡੂੰਗਰਗੜ੍ਹ ਜ਼ਿਲ੍ਹੇ ਦੇ ਗੁਸਾਈਂਸਰ ਮੁਹੱਲਾ ਦੇ ਰਹਿਣ ਵਾਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਦੇ ਕਬਜ਼ੇ 'ਚੋਂ ਦਸ ਲੱਖ ਰੁਪਏ ਦੀ ਡਰੱਗ ਮਨੀ, ਇਕ ਵਿਦੇਸ਼ੀ ਪਿਸਤੌਲ ਤੇ 500 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ।

ਜਾਂਚ ਤੋਂ ਪਤਾ ਲੱਗਾ ਹੈ ਕਿ ਸੰਦੀਪ ਸਿੰਘ ਅਤੇ ਅੰਮ੍ਰਿਤਪਾਲ ਪਾਕਿਸਤਾਨ ਵਿਚ ਸਥਿਤ ਆਈਐੱਸਆਈ ਏਜੰਟ ਅਬਦੁੱਲਾ ਦੇ ਸੰਪਰਕ ਵਿਚ ਹਨ। ਉਹ ਫੌਜੀ ਜਾਣਕਾਰੀ, ਨਕਸ਼ੇ ਅਤੇ ਹੋਰ ਗੁਪਤ ਟਿਕਾਣੇ ਭੇਜ ਰਹੇ ਸਨ। ਮੁਲਜ਼ਮਾਂ ਨੇ ਆਪ੍ਰੇਸ਼ਨ ਸਿੰਦੂਰ ਤੋਂ ਪਹਿਲਾਂ ਇਹ ਸਾਰੀ ਜਾਣਕਾਰੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਨੂੰ ਭੇਜੀ ਸੀ। ਬਦਲੇ ਵਿਚ ਆਈਐਸਆਈ ਏਜੰਟ ਨੇ ਹਵਾਲਾ ਰਾਹੀਂ ਦੋਵਾਂ ਮੁਲਜ਼ਮਾਂ ਨੂੰ ਪੈਸਿਆਂ ਦਾ ਭੁਗਤਾਨ ਵੀ ਕੀਤਾ ਸੀ।

# ਪੰਜਾਬ ਵੱਲੋਂ ਨਵੇਂ ਬਿਲਡਿੰਗ ਬਾਈਲਾਅਜ ਦਾ ਨੋਟੀਫਿਕੇਸ਼ਨ ਜਾਰੀ

ਪੰਜਾਬ ਸਰਕਾਰ ਨੇ ਨਵੇਂ ਯੂਨੀਫਾਈਡ ਬਿਲਡਿੰਗ ਬਾਈਲਾਅਜ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਨਾਲ ਸੂਬੇ ਭਰ ਦੇ ਸਹਿਰੀ ਖੇਤਰਾਂ ਵਿੱਚ ਸਾਰੇ ਨਵੇਂ ਰਿਹਾਇਸੀ ਖੇਤਰਾਂ ਵਿੱਚ ਸਟੀਲਟ-ਪਲੱਸ-ਚਾਰ ਮੰਜਿਲਾਂ (ਬੇਸਮੈਂਟ ਵਿਚ ਪਾਰਕਿੰਗ ਤੇ ਬਾਕੀ ਚਾਰ ਮੰਜਿਲਾਂ 'ਤੇ ਰਿਹਾਇਸ਼) ਦੀ ਇਜਾਜਤ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਇਸ ਨੂੰ 28 ਅਕਤੂਬਰ ਨੂੰ ਪਾਸ ਕੀਤਾ ਸੀ ਤੇ ਇਹ ਨਿਯਮ ਹੁਣ ਅਧਿਸੂਚਿਤ ਕੀਤੇ ਗਏ ਹਨ।

ਇਨ੍ਹਾਂ ਨਿਯਮਾਂ ਤਹਿਤ 200 ਵਰਗ ਗਜ ਤੱਕ ਦੇ ਪਲਾਟ ਲਈ ਘੱਟੋ-ਘੱਟ 30 ਫੁੱਟ ਚੌੜੀਆਂ ਸੜਕਾਂ ਚਾਹੀਦੀਆਂ ਹਨ ਅਤੇ 200 ਵਰਗ ਗਜ ਤੋਂ ਵੱਧ ਦੇ ਪਲਾਟਾਂ ਲਈ ਘੱਟੋ-ਘੱਟ ਸੜਕ ਦੀ ਚੌੜਾਈ 40 ਫੁੱਟ ਹੋਣੀ ਚਾਹੀਦੀ ਹੈ।

ਇਨ੍ਹਾਂ ਨਿਯਮਾਂ ਦੀ ਪਹਿਲਾਂ ਹੀ ਸਹਿਰੀ ਯੋਜਨਾਕਾਰਾਂ ਅਤੇ ਆਰਕੀਟੈਕਟਾਂ ਵੱਲੋਂ ਆਲੋਚਨਾ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਸਹਿਰੀ ਖੇਤਰਾਂ ਵਿੱਚ ਘਣਤਾ ਵਧੇਗੀ। ਸਰਕਾਰ ਨੇ ਪਹਿਲਾਂ ਤੋਂ ਯੋਜਨਾਬੱਧ ਖੇਤਰਾਂ ਵਿੱਚ ਤਿੰਨ ਮੰਜਿਲਾਂ ਬਣਾਉਣ ਦੀ ਇਜਾਜਤ ਦਿੱਤੀ ਹੈ। ਇਹ ਕਦਮ ਸਰਕਾਰ ਲਈ ਸੂਬੇ ਵਿੱਚ ਅਪਾਰਟਮੈਂਟ ਐਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਲੋਕ ਘਰਾਂ ਦੀਆਂ ਵੱਖਰੀਆਂ ਮੰਜਿਲਾਂ ਖਰੀਦ ਸਕਣਗੇ ਕਿਉਂਕਿ ਜਮੀਨ ਦੀ ਉਪ-ਵਿਭਾਜਨ ਦੀ ਇਸ ਸਮੇਂ ਆਗਿਆ ਨਹੀਂ ਹੈ।



ਸਰਕਾਰ ਨੇ ਸੁਰੂ ਵਿੱਚ ਸਾਰੇ ਸਹਿਰੀ ਖੇਤਰਾਂ ਵਿੱਚ ਸਟੀਲਟ-ਪਲੱਸ-ਫੋਰ ਫਲੋਰ ਸਕੀਮ ਦੀ ਆਗਿਆ ਦੇਣ ਦੀ ਯੋਜਨਾ ਬਣਾਈ ਸੀ। ਹਾਲਾਂਕਿ, ਹਿੱਸੇਦਾਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ ਮੌਜੂਦਾ ਬੁਨਿਆਦੀ ਢਾਂਚੇ 'ਤੇ ਜਿਆਦਾ ਬੋਝ ਪੈਣ ਤੋਂ ਬਚਣ ਲਈ ਸਹਿਰੀ ਅਸਟੇਟਾਂ ਵਿੱਚ ਨਵੀਆਂ ਬਣੀਆਂ ਲਾਇਸੰਸਸੁਦਾ ਕਲੋਨੀਆਂ ਅਤੇ ਸੈਕਟਰਾਂ ਤੱਕ ਇਸ ਵਿਵਸਥਾ ਨੂੰ ਸੀਮਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਦੇ ਮੁਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸਹਿਰਾਂ ਵਿੱਚ ਰਿਹਾਇਸ 'ਤੇ ਅਸਰ ਪੈਣ ਦੀ ਉਮੀਦ ਹੈ।

ਪੁਰਾਣੇ ਅਤੇ ਮੌਜੂਦਾ ਸਹਿਰੀ ਖੇਤਰਾਂ ਵਿੱਚ ਮਾਲਕ ਸਟੀਲਟ-ਪਲੱਸ-ਥ੍ਰੀ ਫਲੋਰਾਂ ਦਾ ਨਿਰਮਾਣ ਕਰ ਸਕਦੇ ਹਨ, ਜਿਸ ਵਿੱਚ ਵੱਧ ਤੋਂ ਵੱਧ ਆਗਿਆਯੋਗ ਇਮਾਰਤ ਦੀ ਉਚਾਈ 11 ਮੀਟਰ ਤੋਂ ਵਧਾ ਕੇ 13 ਮੀਟਰ ਕੀਤੀ ਗਈ ਹੈ।

# ਅਦਾਲਤ ਨੇ ਜਮੀਨੀ ਮਾਲਕੀ ਦੇ ਇਕ ਅਹਿਮ ਮਾਮਲੇ 'ਚ ਸੁਣਾਇਆ ਫੈਸਲਾ, ਹਿੱਸੇ ਤੋਂ ਵੱਧ ਵੇਚੀ ਗਈ ਜਮੀਨ ਦੀ ਰਜਿਸਟਰੀ ਰੱਦ

ਮੋਹਾਲੀ ਦੀ ਮਾਨਯੋਗ ਅਦਾਲਤ ਨੇ ਜਮੀਨੀ ਮਾਲਕੀ ਦੇ ਇਕ ਅਹਿਮ ਮਾਮਲੇ 'ਚ ਫੈਸਲਾ ਸੁਣਾਉਂਦਿਆਂ ਸਪੱਸਟ ਕੀਤਾ ਹੈ ਕਿ ਕੋਈ ਵੀ ਵਿਅਕਤੀ ਆਪਣੇ ਮਾਲਕੀ ਹਿੱਸੇ ਤੋਂ ਵੱਧ ਜਮੀਨ ਨਹੀਂ ਵੇਚ ਸਕਦਾ। ਵਧੀਕ ਜਿਲ੍ਹਾ ਤੇ ਸੈਸਨ ਜੱਜ ਦੀ ਅਦਾਲਤ ਨੇ ਮੈਸਰਜ ਐਸਟਰਾ ਲਾਈਟਿੰਗ ਲਿਮਟਿਡ ਵੱਲੋਂ ਦਾਇਰ ਕੀਤੀ ਅਪੀਲ ਨੂੰ ਖਾਰਜ ਕਰਦਿਆਂ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ ਹੈ, ਜਿਸ 'ਚ ਪਲਾਟ ਦੀਆਂ ਪੁਰਾਣੀਆਂ ਰਜਿਸਟਰੀਆਂ ਨੂੰ ਨਾਜਾਇਜ ਕਰਾਰ ਦਿੱਤਾ ਗਿਆ ਸੀ।



**ਕੀ ਸੀ ਪੂਰਾ ਮਾਮਲਾ ?**

ਲਾਲੜੂ ਵਾਸੀ ਸੰਜੇ ਕੁਮਾਰ ਨੇ ਅਦਾਲਤ 'ਚ ਦਾਅਵਾ ਕੀਤਾ ਸੀ ਕਿ ਉਸ ਨੇ ਸਾਲ 2008 'ਚ ਕ੍ਰਿਸਨ ਸਿੰਘ ਤੋਂ 4 ਬੀਘੇ 2 ਬਿਸਵੇ ਜਮੀਨ ਖਰੀਦੀ ਸੀ, ਜਦੋਂ ਉਸ ਨੇ ਜਮੀਨ ਦੀ ਵੰਡ ਲਈ ਅਰਜੀ ਦਿੱਤੀ ਤਾਂ ਮਾਲ ਵਿਭਾਗ (ਕਾਨੂੰਨਗੋ) ਦੀ ਰਿਪੋਰਟ 'ਚ ਖੁਲਾਸਾ ਹੋਇਆ ਕਿ ਅਜਮਤ ਸਿੰਘ (ਜੋ ਕਿ ਸਾਂਝੇ ਖਾਤੇ ਦਾ ਹਿੱਸੇਦਾਰ ਸੀ) ਨੇ ਆਪਣੇ ਹਿੱਸੇ ਤੋਂ 11 ਬੀਘੇ 8 ਬਿਸਵੇ ਵੱਧ ਜਮੀਨ ਪਹਿਲਾਂ ਹੀ ਵੇਚ ਦਿੱਤੀ ਸੀ। ਇਸੇ ਵਾਧੂ ਵੇਚੀ ਗਈ ਜਮੀਨ ਵਿਚੋਂ ਇਕ ਹਿੱਸਾ ਐਸਟਰਾ ਲਾਈਟਿੰਗ ਲਿਮਟਿਡ ਨੇ ਖਰੀਦਿਆ ਸੀ।

**ਅਦਾਲਤ ਦੇ ਮੁੱਖ ਨੁਕਤੇ**

ਅਦਾਲਤ ਨੇ ਕਿਹਾ ਕਿ ਅਜਮਤ ਸਿੰਘ ਕੋਲ ਆਪਣੇ ਹਿੱਸੇ ਤੋਂ ਵੱਧ ਜਮੀਨ ਵੇਚਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਸੀ। ਇਸ ਲਈ, ਉਸ ਦੁਆਰਾ ਸਾਲ 1990 ਵਿਚ ਸਾਮ ਲਾਲ ਨੂੰ ਕੀਤੀ ਗਈ ਵਿਕਰੀ ਅਤੇ ਅੱਗੇ ਸਾਮ ਲਾਲ ਵੱਲੋਂ 1997 ਵਿਚ ਐਸਟਰਾ ਲਾਈਟਿੰਗ ਲਿਮਟਿਡ ਨੂੰ ਕੀਤੀ ਗਈ ਰਜਿਸਟਰੀ ਕਾਨੂੰਨੀ ਤੌਰ ਤੇ ਜੀਰੋ ਹੈ। ਅਦਾਲਤ ਨੇ ਟਿੱਪਣੀ ਕੀਤੀ ਕਿ ਕੰਪਨੀ ਨੂੰ ਜਮੀਨ ਖਰੀਦਦਣ ਵੇਲੇ ਮਾਲ ਰਿਕਾਰਡ ਦੀ ਚੰਗੀ ਤਰ੍ਹਾਂ ਜਾਂਚ ਕਰਨੀ ਚਾਹੀਦੀ ਸੀ। ਜੇਕਰ ਵੇਚਣ ਵਾਲੇ ਕੋਲ ਖੁਦ ਮਾਲਕੀ ਹੱਕ ਨਹੀਂ ਸੀ, ਤਾਂ ਉਹ ਅੱਗੇ ਵਧੀਆ ਟਾਈਟਲ ਨਹੀਂ ਦੇ ਸਕਦਾ। ਅਪੀਲਕਰਤਾ ਕੰਪਨੀ ਨੇ ਦਲੀਲ ਦਿੱਤੀ ਸੀ ਕਿ ਇਹ ਕੇਸ ਬਹੁਤ ਦੇਰ ਨਾਲ ਦਾਇਰ ਕੀਤਾ ਗਿਆ ਹੈ, ਪਰ ਅਦਾਲਤ ਨੇ ਇਸ ਨੂੰ ਖਾਰਜ ਕਰਦਿਆਂ ਕਿਹਾ ਕਿ ਸੰਜੇ ਕੁਮਾਰ ਨੂੰ ਇਸ ਧੋਖਾਧੜੀ ਦਾ ਪਤਾ 2014 ਵਿਚ ਵੰਡ ਦੀ ਕਾਰਵਾਈ ਦੌਰਾਨ ਲੱਗਿਆ, ਇਸ ਲਈ ਇਹ ਕੇਸ ਕਾਨੂੰਨੀ ਮਿਆਦ ਦੇ ਅੰਦਰ ਹੈ।

**ਅਦਾਲਤ ਦਾ ਅੰਤਿਮ ਹੁਕਮ**

ਅਦਾਲਤ ਨੇ ਸਿਵਲ ਜੱਜ (ਜੂਨੀਅਰ ਡਿਵੀਜਨ) ਡੇਰਾਬੱਸੀ ਦੇ 4 ਦਸੰਬਰ 2018 ਦੇ ਫੈਸਲੇ ਨੂੰ ਸਹੀ ਠਹਿਰਾਇਆ। ਅਦਾਲਤ ਨੇ ਸੰਜੇ ਕੁਮਾਰ ਨੂੰ ਜਮੀਨ ਦਾ ਮਾਲਕ ਮੰਨਦੇ ਹੋਏ ਕੰਪਨੀ ਦੀ ਅਪੀਲ ਖਾਰਜ ਕਰ ਦਿੱਤੀ।

# ਪਲਾਟ ਦੀ ਰਜਿਸਟਰੀ ਦੇ ਨਾਂ 'ਤੇ ਸਿਵਲ ਲਾਈਨ ਨਿਵਾਸੀ ਨਾਲ ਧੋਖਾਧੜੀ, ਕੇਸ ਦਰਜ

ਸਿਵਲ ਲਾਈਨ ਦੇ ਰਹਿਣ ਵਾਲੇ ਵਿਪੁਲ ਜੈਨ ਪੁੱਤਰ ਵਿਨੋਦ ਜੈਨ ਨੇ ਥਾਣਾ ਸਲੇਮ ਟਾਬਰੀ ਵਿੱਚ ਇੱਕ ਲਿਖਤੀ ਸਿਕਾਇਤ ਦਰਜ ਕਰਵਾਈ ਹੈ, ਜਿਸ ਵਿੱਚ ਉਸ ਨੇ ਦੋਸ ਲਗਾਇਆ ਹੈ ਕਿ ਪਟਿਆਲਾ ਦੇ ਖਲੀਫਾ ਕੋਠੀ ਨਿਵਾਸੀ ਟਾਰਜਨ ਨੇ ਉਸ ਨਾਲ ਪਲਾਟ ਦੀ ਖਰੀਦ-ਫਰੋਖਤ ਦੇ ਨਾਮ 'ਤੇ ਧੋਖਾਧੜੀ ਕੀਤੀ ਹੈ।




ਸਿਕਾਇਤ ਮੁਤਾਬਕ, ਦੋਸੀ ਨੇ ਆਪਣਾ ਪਲਾਟ ਨੰਬਰ 110 ਰਕਬਾ 50 ਵਰਗ ਗਜ ਵੇਚਣ ਦਾ ਸੌਦਾ ਤੈਅ ਕਰਕੇ ਸਿਕਾਇਤਕਰਤਾ ਤੋਂ ਪੰਜ ਲੱਖ ਰੁਪਏ ਹਾਸਲ ਕਰ ਲਏ, ਪਰ ਇਸ ਦੇ ਬਾਵਜੂਦ ਪਲਾਟ ਦੀ ਰਜਿਸਟਰੀ ਨਹੀਂ ਕਰਵਾਈ। ਮਾਮਲੇ ਦੀ ਜਾਂਚ ਕਰ ਰਹੇ ਤਫਤੀਸੀ ਅਫਸਰ ਹੌਲਦਾਰ ਮਨੋਜ ਕੁਮਾਰ ਨੇ ਸਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਦੋਸੀ ਖਿਲਾਫ ਬਣਦੀਆਂ ਕਾਨੂੰਨੀ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਪੁਲਿਸ ਵੱਲੋਂ ਦੋਸੀ ਦੀ ਗ੍ਰਿਫਤਾਰੀ ਲਈ ਸੰਭਾਵਿਤ ਥਾਵਾਂ 'ਤੇ ਛਾਪੇਮਾਰੀ ਸੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ ਅਤੇ ਦੋਸੀ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਭਗੌੜੇ ਮੇਹੁਲ ਚੋਕਸੀ ਨੂੰ ਬੈਲਜੀਅਮ ਦੀ ਅਦਾਲਤ ਤੋਂ ਵੱਡਾ ਝਟਕਾ, ਭਾਰਤ ਹਵਾਲਗੀ ਵਿਰੁੱਧ ਦਾਇਰ ਪਟੀਸ਼ਨ ਖਾਰਜ

ਹਜਾਰਾਂ ਕਰੋੜਾਂ ਦੇ ਬੈਂਕਿੰਗ ਘੋਟਾਲੇ ਵਿੱਚ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਦੀ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਬੈਲਜੀਅਮ ਦੀ ਸਰਵਉੱਚ ਅਦਾਲਤ, ਕੋਰਟ ਆਫ ਕੈਸੇਸਨ ਨੇ ਮੇਹੁਲ ਚੋਕਸੀ ਦੀ ਭਾਰਤ ਹਵਾਲਗੀ ਵਿਰੁੱਧ ਦਾਇਰ ਪਟੀਸਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਪਟੀਸਨ ਖਾਰਜ ਕਰਦਿਆਂ ਕਿਹਾ ਕਿ ਚੋਕਸੀ ਦੀਆਂ ਦਲੀਲਾਂ ਵਿੱਚ ਕੋਈ ਦਮ ਨਹੀਂ ਹੈ ਅਤੇ ਉਹ ਹਵਾਲਗੀ ਰੋਕਣ ਲਈ ਕੋਈ ਵੀ ਕਾਨੂੰਨੀ ਜਾਂ ਤੱਥਾਂ 'ਤੇ ਅਧਾਰਤ ਆਧਾਰ ਸਾਬਤ ਨਹੀਂ ਕਰ ਸਕਿਆ। ਅਦਾਲਤ ਨੇ ਕਿਹਾ ਕਿ ਹਵਾਲਗੀ ਦੀ ਪ੍ਰਕਿਰਿਆ ਭਾਰਤੀ ਕਾਨੂੰਨਾਂ ਅਤੇ ਯੂਰਪੀ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਦੇ ਅਨੁਕੂਲ ਹੈ।



ਚੋਕਸੀ 'ਤੇ ਜੁਰਮਾਨਾ ਅਤੇ ਅਦਾਲਤ ਦੀ ਟਿੱਪਣੀ

ਅਦਾਲਤ ਨੇ ਮੇਹੁਲ ਚੋਕਸੀ 'ਤੇ 104 ਯੂਰੋ ਦਾ ਜੁਰਮਾਨਾ ਲਗਾਉਂਦੇ ਹੋਏ ਐਂਟਵਰਪ ਕੋਰਟ ਆਫ ਅਪੀਲ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਅਦਾਲਤ ਨੇ ਮੰਨਿਆ ਕਿ ਚੋਕਸੀ ਵੱਲੋਂ ਪੇਸ ਕੀਤੇ ਗਏ ਦਸਤਾਵੇਜ ਇਹ ਸਾਬਤ ਕਰਨ ਲਈ ਨਾਕਾਫੀ ਸਨ ਕਿ ਭਾਰਤ ਵਿੱਚ ਉਸ ਨੂੰ ਨਿਆਂ ਤੋਂ ਵਾਂਝੇ ਰੱਖਿਆ ਜਾਵੇਗਾ ਜਾਂ ਉਸ ਨੂੰ ਤਸੀਹੇ ਅਤੇ ਅਣਮਨੁੱਖੀ ਵਿਵਹਾਰ ਦਾ ਕੋਈ ਗੰਭੀਰ ਖਤਰਾ ਹੈ।

ਚੋਕਸੀ ਨੇ ਆਪਣੀ ਅਪੀਲ ਵਿੱਚ ਐਂਟੀਗੁਆ ਤੋਂ ਕਥਿਤ ਅਗਵਾ ਦੀ ਕੋਸਿਸ, ਇੰਟਰਪੋਲ ਫਾਈਲਾਂ ਦੇ ਕੰਟਰੋਲ ਕਮਿਸਨ ਦੇ ਦ੍ਰਿਸਟੀਕੋਣ, ਮੀਡੀਆ ਕਵਰੇਜ ਅਤੇ ਭਾਰਤ ਵਿੱਚ ਨਿਰਪੱਖ ਸੁਣਵਾਈ ਨਾ ਹੋਣ ਦੀ ਸੰਭਾਵਨਾ ਵਰਗੀਆਂ ਕਈ ਦਲੀਲਾਂ ਪੇਸ ਕੀਤੀਆਂ ਸਨ।

ਨਿਰਪੱਖ ਸੁਣਵਾਈ ਦਾ ਅਧਿਕਾਰ

ਅਦਾਲਤ ਨੇ ਸਪੱਸਟ ਕੀਤਾ ਕਿ 'ਚੈਂਬਰ ਆਫ ਇੰਡਿਕਟਮੈਂਟ' ਕੋਲ ਪੂਰੀ ਸਕਤੀ ਹੁੰਦੀ ਹੈ ਅਤੇ ਉਹ ਨਿਰਪੱਖ ਸੁਣਵਾਈ ਯਕੀਨੀ ਬਣਾਉਂਦਾ ਹੈ, ਜਿਸ ਨਾਲ ਮੁਲਜਮ ਆਪਣੇ ਸਾਰੇ ਜਰੂਰੀ ਸਬੂਤ ਪੇਸ ਕਰ ਸਕਦਾ ਹੈ। ਇਸ ਲਈ, ਅਦਾਲਤ ਨੇ ਮੰਨਿਆ ਕਿ ਯੂਰਪੀ ਮਨੁੱਖੀ ਅਧਿਕਾਰ ਕਨਵੈਨਸਨ ਦੇ ਆਰਟੀਕਲ 6 ਤਹਿਤ ਚੋਕਸੀ ਦੇ ਅਧਿਕਾਰਾਂ ਦੀ ਕੋਈ ਉਲੰਘਣਾ ਨਹੀਂ ਹੋਈ ਹੈ।

ਭਾਰਤ ਸਰਕਾਰ ਦੇ ਭਰੋਸੇ 'ਤੇ ਯਕੀਨ

ਭਾਰਤ ਵਿੱਚ ਅਣਮਨੁੱਖੀ ਵਿਵਹਾਰ ਦੇ ਦੋਸਾਂ 'ਤੇ ਕੋਰਟ ਆਫ ਕੈਸੇਸਨ ਨੇ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਸਪੱਸਟ ਭਰੋਸੇ 'ਤੇ ਭਰੋਸਾ ਜਤਾਇਆ। ਭਾਰਤ ਨੇ ਬੈਲਜੀਅਮ ਨੂੰ ਚੋਕਸੀ ਦੀ ਸੁਰੱਖਿਆ, ਜੇਲ੍ਹ ਵਿਵਸਥਾ, ਮਨੁੱਖੀ ਅਧਿਕਾਰਾਂ ਅਤੇ ਡਾਕਟਰੀ ਸਹੂਲਤਾਂ ਬਾਰੇ ਕਈ ਪੁਖਤਾ ਭਰੋਸੇ ਦਿੱਤੇ ਹਨ।

ਸੀ.ਬੀ.ਆਈ. ਦੀ ਚਾਰਜਸੀਟ ਅਨੁਸਾਰ, 13,000 ਕਰੋੜ ਰੁਪਏ ਦੇ ਪੰਜਾਬ ਨੈਸਨਲ ਬੈਂਕ ਘੋਟਾਲੇ ਵਿੱਚੋਂ ਇਕੱਲੇ ਚੋਕਸੀ ਨੇ 6,400 ਕਰੋੜ ਰੁਪਏ ਦੀ ਹੇਰਾਫੇਰੀ ਕੀਤੀ ਹੈ। ਭਾਰਤ ਨੇ ਮੁੰਬਈ ਦੀ ਵਿਸੇਸ ਅਦਾਲਤ ਵੱਲੋਂ ਜਾਰੀ ਗ੍ਰਿਫਤਾਰੀ ਵਾਰੰਟ ਦੇ ਆਧਾਰ 'ਤੇ 27 ਅਗਸਤ, 2024 ਨੂੰ ਬੈਲਜੀਅਮ ਨੂੰ ਹਵਾਲਗੀ ਦੀ ਬੇਨਤੀ ਭੇਜੀ ਸੀ।

# ਲਵ ਮੈਰਿਜ ਤੋਂ ਨਾਰਾਜ ਲੜਕੀ ਵਾਲਿਆਂ ਨੇ ਨੌਜਵਾਨ ਦਾ ਵੱਢਿਆ ਨੱਕ, ਗੁੱਸੇ 'ਚ ਲੜਕੇ ਵਾਲਿਆਂ ਨੇ ਲੜਕੀ ਦੇ ਚਾਚੇ ਦਾ ਕੱਟ ਦਿੱਤਾ ਪੈਰ

ਰਾਜਸਥਾਨ ਦੇ ਬਾੜਮੇਰ 'ਚ ਲਵ ਮੈਰਿਦ ਤੋਂ ਨਾਰਾਜ ਲੜਕੀ ਦੇ ਪਰਿਵਾਰ ਨੇ ਲੜਕੇ ਦੇ ਵੱਡੇ ਭਰਾ ਦਾ ਨੱਕ ਵੱਢ ਦਿੱਤਾ। ਇਸ ਦੇ ਜਵਾਬ ਵਿਚ ਲੜਕੇ ਵਾਲਿਆਂ ਨੇ ਵੀ ਲੜਕੀ ਦੇ ਘਰ ਪਹੁੰਚ ਕੇ ਚਾਚੇ ਦਾ ਪੈਰ ਵੱਢ ਦਿੱਤਾ। ਮਾਮਲਾ ਬਾੜਮੇਰ ਦੇ ਗੁੜਾਮਾਲਾਨੀ ਥਾਣਾ ਖੇਤਰ ਦਾ ਹੈ।



ਹਮਲੇ ਵਿਚ ਜਖਮੀ ਲੜਕੀ ਦੇ ਚਾਚਾ ਧਰਮ ਸਿੰਘ ਨੂੰ ਇਲਾਜ ਲਈ ਜੋਧਪੁਰ ਭੇਜਿਆ ਗਿਆ ਹੈ। ਹਮਲਾ ਕਰਨ ਤੋਂ ਬਾਅਦ ਦੋਵੇਂ ਪਰਿਵਾਰਾਂ ਦੇ ਮੁਲਜਮ ਮੌਕੇ ਤੋਂ ਫਰਾਰ ਹੋ ਗਏ, ਜਿਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਦੇ ਮੁਤਾਬਕ ਲਵ ਮੈਰਿਜ ਕਰਨ ਵਾਲਾ ਸ਼੍ਰਵਣ ਸਿੰਘ ਪਤਨੀ ਨਾਲ ਗੁਜਰਾਤ ਰਹਿੰਦਾ ਹੈ। ਦੋਵਾਂ ਧਿਰਾਂ ਵੱਲੋਂ ਮਾਮਲੇ ਦਰਜ ਕਰਵਾਏ ਗਏ ਹਨ। ਜਾਣਕਾਰੀ ਮੁਤਾਬਕ ਬਾੜਮੇਰ ਨਿਵਾਸੀ ਸ਼੍ਰਵਣ ਸਿੰਘ ਨੇ ਢਾਈ ਸਾਲ ਪਹਿਲਾਂ ਗਵਾਂਢ 'ਚ ਰਹਿੰਦੀ ਲੜਕੀ ਨਾਲ ਲਵ ਮੈਰਿਜ ਕਰਵਾ ਲਈ ਸੀ। ਇਸ ਤੋਂ ਬਾਅਦ ਦੋਵਾਂ ਪਰਿਵਾਰਾਂ ਵਿਚ ਲੜਾਈ ਚੱਲ ਰਹੀ ਸੀ। ਨਾਰਾਜ ਲੜਕੀ ਦੇ ਘਰਵਾਲੇ ਲਵ ਮੈਰਿਜ ਦਾ ਬਦਲਾ ਲੈਣ ਦੀ ਕੋਸ਼ਿਸ਼ ਵਿਚ ਸਨ।

# 970 ਕਰੋੜ ਦੀ ਠੱਗੀ ਮਾਮਲੇ 'ਚ ਪੁਲਿਸ ਨੇ ਸੋਨੂ ਸੂਦ ਦੀ ਈ-ਮੇਲ ਨੂੰ ਮੰਨਿਆ ਨਾਕਾਫੀ

ਭਾਰਤ, ਯੂਏਈ, ਜਾਪਾਨ ਸਮੇਤ 10 ਦੇਸਾਂ ਦੇ ਇੱਕ ਹਜਾਰ ਲੋਕਾਂ ਨਾਲ 970 ਕਰੋੜ ਦੀ ਠੱਗੀ ਕਰਨ ਦੇ ਮੁਲਜਮ ਮਹਾਠੱਗ ਰਵਿੰਦਰਨਾਥ ਸੋਨੀ ਦਾ ਸਾਥ ਦੇਣ ਦੇ ਮੁਲਜਮ ਫਿਲਮ ਅਦਾਕਾਰ ਸੋਨੂ ਸੂਦ ਦੀਆਂ ਮੁਸਕਲਾਂ ਅਜੇ ਘੱਟ ਨਹੀਂ ਹੋ ਰਹੀਆਂ ਹਨ। ਪੁਲਿਸ ਨੇ ਸੋਨੂ ਸੂਦ ਨੂੰ ਬਿਆਨ ਦੇਣ ਲਈ ਬੁਲਾਇਆ ਸੀ ਪਰ ਉਨ੍ਹਾਂ ਨੇ ਈ-ਮੇਲ ਰਾਹੀਂ ਜਵਾਬ ਭੇਜਿਆ ਸੀ। ਹੁਣ ਪੁਲਿਸ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ ਹੈ ਕਿ ਈ-ਮੇਲ ਰਾਹੀਂ ਜਵਾਬ ਦੇਣ ਨਾਲ ਕੰਮ ਨਹੀਂ ਚੱਲੇਗਾ। ਉਨ੍ਹਾਂ ਨੂੰ ਬਿਆਨ ਦਰਜ ਕਰਵਾਉਣ ਲਈ ਖੁਦ ਆਉਣਾ ਪਵੇਗਾ।

ਦਿੱਲੀ ਦੇ ਮਾਲਵੀਆ ਨਗਰ ਦੇ ਰਹਿਣ ਵਾਲੇ ਮਹਾਠੱਗ ਰਵਿੰਦਰਨਾਥ ਸੋਨੀ ਅਤੇ ਉਸ ਦੇ ਇੱਕ ਦਰਜਨ ਤੋਂ ਵੱਧ ਸਾਥੀਆਂ ਖਿਲਾਫ ਕੋਤਵਾਲੀ ਵਿੱਚ ਹੁਣ ਤੱਕ 12 ਕੇਸ ਦਰਜ ਹੋ ਚੁੱਕੇ ਹਨ। ਦੋ ਕੇਸਾਂ ਵਿੱਚ ਉਸ ਦਾ ਹਿੱਸੇਦਾਰ ਅਦਾਕਾਰ ਸੂਰਜ ਜੁਮਾਨੀ ਵੀ ਮੁਲਜਮ ਹੈ। ਇਨ੍ਹਾਂ ਵਿੱਚੋਂ ਇੱਕ ਕੇਸ ਸੋਮਵਾਰ ਨੂੰ ਹਰਿਆਣਾ ਦੇ ਪਲਵਲ ਨਿਵਾਸੀ ਵਾਸੁਦੇਵ ਸਰਮਾ ਨੇ ਰਵਿੰਦਰਨਾਥ ਸੋਨੀ, ਗੁਰਮੀਤ ਕੌਰ, ਸਾਸਵਤ ਸਿੰਘ ਅਤੇ ਸੂਰਜ ਜੁਮਾਨੀ ਖਿਲਾਫ ਦਰਜ ਕਰਵਾਇਆ ਸੀ।

ਪੀੜਤ ਅਨੁਸਾਰ ਉਹ ਯੂਏਈ ਦੇ ਅਬੂ ਧਾਬੀ ਵਿੱਚ ਰਹਿੰਦੇ ਹਨ ਅਤੇ ਇੱਕ ਆਈਟੀ ਕੰਪਨੀ ਵਿੱਚ ਕੰਮ ਕਰਦੇ ਹਨ। ਉਨ੍ਹਾਂ ਦੀ ਮੁਲਾਕਾਤ ਬਲੂਚਿੱਪ ਕਮਰਸੀਅਲ ਬ੍ਰੋਕਰਜ ਕੰਪਨੀ ਦੇ ਸੇਲਜ ਮੈਨੇਜਰ ਨਾਲ ਹੋਈ ਸੀ। ਉਨ੍ਹਾਂ ਦੇ ਕਹਿਣ 'ਤੇ ਕੰਪਨੀ 'ਚ 1.54 ਕਰੋੜ ਰੁਪਏ ਨਿਵੇਸ ਕੀਤੇ ਸਨ, ਜਿਸ ਤੋਂ ਬਾਅਦ ਕੰਪਨੀ ਬੰਦ ਹੋ ਗਈ।



ਇਸ ਠੱਗੀ ਵਿੱਚ ਫਿਲਮ ਅਦਾਕਾਰ ਸੋਨੂ ਸੂਦ 'ਤੇ ਵੀ ਦੋਸ ਲੱਗੇ ਹਨ। ਅਦਾਕਾਰ ਸੋਨੂ ਸੂਦ ਨੇ ਪੁਲਿਸ ਵੱਲੋਂ ਭੇਜੇ ਨੋਟਿਸ ਦਾ ਜਵਾਬ ਈ-ਮੇਲ ਰਾਹੀਂ ਦਿੱਤਾ ਸੀ ਪਰ ਪੁਲਿਸ ਨੇ ਈ-ਮੇਲ ਰਾਹੀਂ ਆਏ ਜਵਾਬ ਨੂੰ ਪ੍ਰਵਾਨ ਨਹੀਂ ਕੀਤਾ। ਇੱਕ ਅਧਿਕਾਰੀ ਨੇ ਸੋਨੂ ਸੂਦ ਦੇ ਵਕੀਲ ਨੂੰ ਸਪੱਸਟ ਕੀਤਾ ਕਿ ਈ-ਮੇਲ 'ਤੇ ਦਿੱਤੇ ਗਏ ਜਵਾਬ ਕਾਫੀ ਨਹੀਂ ਹਨ।

ਰੇਸਲਰ ਖਲੀ ਵੱਲੋਂ ਨਹੀਂ ਆਇਆ ਕੋਈ ਜਵਾਬ

ਐਸਆਈਟੀ () ਨੇ ਸੋਨੂ ਸੂਦ ਤੋਂ ਪੁੱਛਗਿੱਛ ਕਰਨ ਲਈ 244 ਸਵਾਲ ਤਿਆਰ ਕੀਤੇ ਹਨ, ਜਿਨ੍ਹਾਂ ਵਿੱਚੋਂ ਕਈਆਂ ਦੇ ਜਵਾਬ ਈ-ਮੇਲ ਵਿੱਚ ਨਹੀਂ ਮਿਲੇ। ਇਸ ਲਈ ਉਨ੍ਹਾਂ ਨੂੰ ਐਸਆਈਟੀ ਦੇ ਸਾਹਮਣੇ ਪੇਸ ਹੋਣਾ ਹੀ ਪਵੇਗਾ। ਜੇਕਰ ਉਹ ਨਹੀਂ ਆਉਂਦੇ ਤਾਂ ਕਾਰਵਾਈ ਕੀਤੀ ਜਾਵੇਗੀ। ਏਸੀਪੀ ਕੋਤਵਾਲੀ ਆਸੂਤੋਸ ਸਿੰਘ ਨੇ ਦੱਸਿਆ ਕਿ ਸੋਨੂ ਸੂਦ ਅਤੇ ਰੇਸਲਰ ਖਲੀ ਨੂੰ ਨੋਟਿਸ ਭੇਜੇ ਗਏ ਸਨ। ਸੋਨੂ ਸੂਦ ਨੇ ਵਕੀਲ ਰਾਹੀਂ ਜਵਾਬ ਭੇਜ ਦਿੱਤਾ ਹੈ ਪਰ ਹੁਣ ਤੱਕ ਖਲੀ ਵੱਲੋਂ ਕੋਈ ਜਵਾਬ ਨਹੀਂ ਆਇਆ।

ਦੂਜੇ ਪਾਸੇ ਪੁਲਿਸ ਨੇ ਬਲੂਚਿੱਪ ਬ੍ਰੋਕਰ ਕੰਪਨੀ ਵਿੱਚ ਸੇਲਜ ਪ੍ਰਮੋਟਰ ਸਾਸਵਤ 'ਤੇ ਵੀ ਸਿਕੰਜਾ ਕੱਸ ਦਿੱਤਾ ਹੈ। ਜੌਨਪੁਰ ਵਿੱਚ ਰਹਿਣ ਵਾਲਾ ਉਸ ਦਾ ਭਰਾ ਸਦਰ ਕੋਤਵਾਲੀ ਦੇ ਚੱਕਰ ਲਗਾ ਕੇ ਕੇਸ ਦਰਜ ਕਰਵਾਉਣ ਦੀ ਕੋਸਿਸ ਕਰ ਰਿਹਾ ਹੈ। ਉਸ ਦਾ ਦੋਸ ਹੈ ਕਿ ਮਹਾਠੱਗ ਨੇ ਉਸ ਦੇ ਭਰਾ ਨੂੰ ਵੀ ਆਪਣੇ ਝਾਂਸੇ ਵਿੱਚ ਲੈ ਕੇ ਬੈਂਕ ਤੋਂ ਲੋਨ ਕਰਵਾ ਕੇ 3.5 ਕਰੋੜ ਰੁਪਏ ਠੱਗ ਲਏ। ਬੈਂਕ ਦੀ ਕਿਸਤ ਨਾ ਦੇ ਸਕਣ ਕਾਰਨ ਉਹ ਡਿਫਾਲਟਰ ਹੋ ਗਿਆ ਹੈ, ਜਿਸ ਕਾਰਨ ਉਹ ਦੁਬਈ ਤੋਂ ਬਾਹਰ ਨਹੀਂ ਜਾ ਸਕਦਾ।

ਸੋਨੂ ਸੂਦ ਨੇ ਈ-ਮੇਲ ਰਾਹੀਂ ਇਹ ਦਿੱਤਾ ਜਵਾਬ

ਡੀਸੀਪੀ ਨੇ ਇਹ ਵੀ ਦੱਸਿਆ ਕਿ ਸੋਨੂ ਸੂਦ ਨੂੰ ਭੇਜੇ ਗਏ ਨੋਟਿਸ ਦਾ ਜਵਾਬ ਮੰਗਲਵਾਰ ਨੂੰ ਉਨ੍ਹਾਂ ਦੇ ਵਕੀਲਾਂ ਰੋਹਿਤਾਸਵ ਚੱਕਰਵਰਤੀ ਅਤੇ ਸਿਵਸੰਕਰ ਪਾਂਡੇ ਨੇ ਈ-ਮੇਲ ਰਾਹੀਂ ਭੇਜਿਆ ਹੈ। ਜਿਸ ਵਿੱਚ ਲਿਖਿਆ ਹੈ ਕਿ ਸੋਨੂ ਸੂਦ ਇੱਕ ਅਦਾਕਾਰ ਹਨ ਅਤੇ ਸਮੇਂ-ਸਮੇਂ 'ਤੇ ਸੈਲੀਬ੍ਰਿਟੀ ਵਜੋਂ ਵੱਖ-ਵੱਖ ਕੰਪਨੀਆਂ ਦਾ ਪ੍ਰਚਾਰ ਕਰਦੇ ਹਨ ਪਰ ਉਹ ਰਵਿੰਦਰਨਾਥ ਸੋਨੀ ਅਤੇ ਉਸ ਦੀਆਂ ਬਲੂਚਿੱਪ ਕੰਪਨੀਆਂ ਦੇ ਕਦੇ ਵੀ ਮੈਂਬਰ, ਹਿੱਸੇਦਾਰ ਜਾਂ ਬ੍ਰਾਂਡ ਅੰਬੈਸਡਰ ਨਹੀਂ ਰਹੇ ਹਨ।

ਸਾਲ 2022 ਵਿੱਚ ਦੁਬਈ ਸਥਿਤ ਪ੍ਰੋਫੈਸਨਲ ਕੋਆਰਡੀਨੇਟਰ ਫਲੇਮਿੰਗ ਰਾਹੀਂ ਬਲੂਚਿੱਪ ਗਰੁੱਪ ਨੇ ਸੰਪਰਕ ਕੀਤਾ ਸੀ, ਜਿਸ ਦੇ ਤਹਿਤ ਸੋਨੂ ਸੂਦ ਦੋ ਵਾਰ ਦੁਬਈ ਵਿੱਚ ਸੈਲੀਬ੍ਰਿਟੀ ਵਜੋਂ 2 ਅਪ੍ਰੈਲ 2022 ਅਤੇ 11 ਜੂਨ 2022 ਨੂੰ ਹਾਜਰ ਹੋਏ ਸਨ। ਉਨ੍ਹਾਂ ਨੇ ਇਹ ਵੀ ਲਿਖਿਆ ਕਿ ਸੋਨੂ ਸੂਦ ਪੁਲਿਸ ਦੀ ਇਸ ਜਾਂਚ ਵਿੱਚ ਪੂਰਾ ਸਹਿਯੋਗ ਕਰਨਗੇ।

# ਰੂਸ ਦੀ ਫੌਜ 'ਚ ਤਾਇਨਾਤ ਸਨ 202 ਭਾਰਤੀ, 26 ਦੀ ਮੌਤ

ਕੇਂਦਰ ਸਰਕਾਰ ਨੇ ਵੀਰਵਾਰ ਨੂੰ ਰਾਜ ਸਭਾ ਨੂੰ ਦੱਸਿਆ ਕਿ 2022 ਤੋਂ ਹੁਣ ਤੱਕ 202 ਭਾਰਤੀ ਨਾਗਰਿਕਾਂ ਨੂੰ ਰੂਸੀ ਫੌਜ 'ਚ ਭਰਤੀ ਕੀਤਾ ਗਿਆ ਹੈ, ਜਿਨ੍ਹਾਂ 'ਚੋਂ 26 ਦੀ ਮੌਤ ਹੋ ਗਈ ਹੈ ਤੇ ਸੱਤ ਲਾਪਤਾ ਹਨ। ਸਰਕਾਰ ਨੇ ਇਹ ਜਾਣਕਾਰੀ ਤ੍ਰਿਣਮੂਲ ਕਾਂਗਰਸ ਦੇ ਮੈਂਬਰ ਸਾਕੇਤ ਗੋਖਲੇ ਤੇ ਕਾਂਗਰਸੀ ਮੈਂਬਪਰ ਰਣਦੀਪ ਸਿੰਘ ਸੁਰਜੇਵਾਲਾ ਦੇ ਸਵਾਲ ਦੇ ਜਵਾਬ 'ਚ ਦਿੱਤੀ। ਉਨ੍ਹਾਂ ਰੂਸ-ਯੂਕਰੇਨ ਜੰਗ 'ਚ ਲੜਨ ਲਈ ਕਥਿਤ ਤੌਰ 'ਤੇ ਮਜਬੂਰ ਕੀਤੇ ਗਏ ਜਾਂ ਨਾਜਾਇਜ ਤਰੀਕੇ ਨਾਲ ਭਰਤੀ ਕੀਤੇ ਗਏ ਭਾਰਤੀਆਂ ਦੀ ਵਾਪਸੀ ਦੇ ਬਾਰੇ 'ਚ ਪੁੱਛਿਆ ਸੀ।



ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਭਾਰਤ ਦੀਆਂ ਲਗਾਤਾਰ ਕੂਟਨੀਤਕ ਕੋਸ਼ਿਸ਼ਾਂ ਨਾਲ 119 ਭਾਰਤੀ ਨਾਗਰਿਕਾਂ ਨੂੰ ਮੁਕਤ ਕਰਾ ਲਿਆ ਗਿਆ ਹੈ, ਜਦਕਿ 50 ਲੋਕ ਹਾਲੇ ਵੀ ਰੂਸੀ ਫੌਜ ਤੋਂ ਮੁਕਤ ਹੋਣ ਦਾ ਇੰਤਜਾਰ ਕਰ ਰਹੇ ਹਨ। ਵਿਦੇਸ਼ ਮੰਤਰਾਲੇ ਉਨ੍ਹਾਂ ਦੀਆਂ ਸੇਵਾਵਾਂ, ਭਲਾਈ ਤੇ ਛੇਤੀ ਵਾਪਸੀ ਯਕੀਨੀ ਬਣਾਉਣ ਲਈ ਲਗਾਤਾਰ ਰੂਸੀ ਅਧਿਕਾਰੀਆਂ ਦੇ ਸੰਪਰਕ 'ਚ ਹੈ। ਕੇਂਦਰ ਨੇ ਕਿਹਾ ਕਿ ਇਸ ਮੁੱਦੇ ਨੂੰ ਕਈ ਕੂਟਨੀਤਕ ਪੱਧਰਾਂ 'ਤੇ ਚੁੱਕਿਆ ਗਿਆ ਹੈ, ਜਿਸ ਵਿਚ ਦੋਵੇਂ ਦੇਸ਼ਾਂ ਦੇ ਆਗੂਆਂ, ਮੰਤਰੀਆਂ ਤੇ ਸੀਨੀਅਰ ਅਧਿਕਾਰੀਆਂ ਵਿਚਾਲੇ ਗੱਲਬਾਤ ਸ਼ਾਮਲ ਹੈ। ਨਾਲ ਹੀ ਸੰਸਦ ਨੂੰ ਭਰੋਸਾ ਦਿੱਤਾ ਕਿ ਜਦੋਂ ਤੱਕ ਬਾਕੀ ਸਾਰੇ ਭਾਰਤੀਆਂ ਨੂੰ ਮੁਕਤ ਨਹੀਂ ਕਰ ਦਿੱਤਾ ਜਾਂਦਾ ਤੇ ਸੁਰੱਖਿਅਤ ਵਾਪਸ ਨਹੀਂ ਲਿਆਂਦਾ ਜਾਂਦਾ, ਤਦੋਂ ਤੱਕ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਸਰਕਾਰ ਨੇ ਕਿਹਾ ਕਿ ਮਾਰੇ ਗਏ 26 ਲੋਕਾਂ 'ਚੋਂ 10 ਦੀਆਂ ਦੇਹਾਂ ਭਾਰਤ ਲਿਆਂਦੀਆਂ ਗਈਆਂ ਹਨ, ਜਦਕਿ ਦੋ ਦਾ ਸਸਕਾਰ ਭਾਰਤੀ ਦੂਤਘਰ ਦੀ ਮਦਦ ਨਾਲ ਰੂਸ 'ਚ ਹੀ ਕੀਤਾ ਗਿਆ।

18 ਭਾਰਤੀਆਂ ਦੇ ਪਰਿਵਾਰਕ ਮੈਂਬਰਾਂ ਦੇ ਡੀਐੱਨਏ ਸੈਂਪਲ, ਜਿਨ੍ਹਾਂ ਦੇ ਬਾਰੇ 'ਚ ਦੱਸਿਆ ਗਿਆ ਸੀ ਕਿ ਉਹ ਮਰ ਗਏ ਹਨ ਜਾਂ ਲਾਪਤਾ ਹਨ, ਰੂਸੀ ਅਧਿਕਾਰੀਆਂ ਨਾਲ ਸਾਂਝਾ ਕੀਤੇ ਗਏ ਹਨ ਤਾਂ ਜੋ ਕੁਝ ਮ੍ਰਿਤਕ ਭਾਰਤੀ ਨਾਗਰਿਕਾਂ ਦੀ ਪੱਛਾਣ ਸਥਾਪਤ ਕਰਨ 'ਚ ਮਦਦ ਮਿਲ ਸਕੇ।

# ਯੂਜੀਸੀ ਨੇ ਫੜੀਆਂ ਛੇ ਹੋਰ ਫਰਜੀ ਯੂਨੀਵਰਸਿਟੀਆਂ, ਮਾਪਿਆਂ ਤੇ ਵਿਦਿਆਰਥੀਆਂ ਨੂੰ ਕੀਤਾ ਚੌਕਸ, ਨੋਟਿਸ ਜਾਰੀ ਕਰ ਕੇ ਇਨ੍ਹਾਂ 'ਚ ਦਾਖਲਾ ਲੈਣ ਤੋਂ ਕੀਤਾ ਮਨ੍ਹਾ

ਫਰਜੀ ਯੂਨੀਵਰਸਿਟੀਆਂ ਦੇ ਦੇਸ਼ ਭਰ ਵਿਚ ਫੈਲੇ ਨੈੱਟਵਰਕ ਨੂੰ ਢਾਹੁਣ ਲਈ ਕੇਂਦਰ ਸਰਕਾਰ ਨੇ ਬੇਸ਼ੱਕ ਵਿਕਸਤ ਭਾਰਤ ਸਿੱਖਿਆ ਬਿੱਲ ਵਿਚ ਇਸ ਨਾਲ ਨਜਿੱਠਣ ਲਈ ਸਖਤ ਪ੍ਰਬੰਧ ਕੀਤੇ ਹਨ ਪਰ ਜਦੋਂ ਤੱਕ ਇਹ ਬਿੱਲ ਪਾਸ ਹੋ ਕੇ ਕਾਨੂੰਨੀ ਰੂਪ ਨਹੀਂ ਲੈ ਲੈਂਦਾ, ਉਸ ਤੋਂ ਪਹਿਲਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਗਲਤ ਤਰੀਕੇ ਨਾਲ ਚੱਲ ਰਹੀਆਂ ਛੇ ਫਰਜੀ ਯੂਨੀਵਰਸਿਟੀਆਂ ਨੂੰ ਫੜਿਆ ਹੈ। ਇਨ੍ਹਾਂ ਵਿਚ ਦੋ ਯੂਜੀਸੀ ਮੁੱਖ ਦਫਤਰ ਦੇ ਕੁਝ ਮਿੰਟਾਂ ਦੀ ਦੂਰੀ ਤੇ ਦਿੱਲੀ ਦੇ ਨਹਿਰੂ ਪਲੇਸ ਅਤੇ ਜਨਕਪੁਰੀ ਇਲਾਕੇ ਵਿਚ ਸਨ। ਜਦਕਿ ਇਕ ਇਕ ਹਰਿਆਣਾ, ਮਹਾਂਰਾਸ਼ਟਰ, ਪੁਡੂਚੇਰੀ ਅਤੇ ਕਰਨਾਟਕ ਵਿਚ ਫੜੇ ਗਏ ਹਨ। ਯੂਜੀਸੀ ਨੇ ਇਹ ਕਾਰਵਾਈ ਵਿਦਿਆਰਥੀਆਂ ਵੱਲੋਂ ਮਿਲਿਆਂ ਸ਼ਿਕਾਇਤਾਂ ਮਗਰੋਂ ਕੀਤੀ ਹੈ। ਨਾਲ ਹੀ ਇਨ੍ਹਾਂ ਸਾਰੀਆਂ ਯੂਨੀਵਰਸਿਟੀਆਂ ਨੂੰ ਲੈ ਕੇ ਇਕ ਨੋਟਿਸ ਜਾਰੀ ਕਰ ਕੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਚੌਕਸ ਕੀਤਾ ਹੈ। ਯੂਜੀਸੀ ਇਸ ਤੋਂ ਪਹਿਲਾਂਅ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ 23 ਫਰਜੀ ਯੂਨੀਵਰਸਿਟੀਆਂ ਨੂੰ ਫੜ ਚੁੱਕੀ ਹੈ। ਅਜਿਹੇ ਵਿਚ ਛੇ ਹੋਰ ਫਰਜੀ ਯੂਨੀਵਰਸਿਟੀਆਂ ਦੇ ਫੜੇ ਜਾਣ ਨਾਲ ਦੇਸ਼ ਵਿਚ ਹੁਣ ਫਰਜੀ ਯੂਨੀਵਰਸਿਟੀਆਂ ਦੀ ਸੰਖਿਆ 29 ਹੋ ਗਈ ਹੈ। ਇਨ੍ਹਾਂ ਨਵੀਆਂ ਛੇ ਯੂਨੀਵਰਸਿਟੀਆਂ ਵਿਚ ਦਿੱਲੀ ਦੇ ਨਹਿਰੂ ਪਲੇਸ ਸਥਿਤ ਮਾਉਂਟੇਨ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ ਤੇ ਜਨਕਪੁਰੀ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਮੈਨੇਜਮੈਂਟ ਸਾਲਿਊਸ਼ਨ ਦੇ ਨਾਲ ਫਰੀਦਾਬਾਦ ਤੋਂ ਮੈਜਿਕ ਐਂਡ ਐਰਟ ਯੂਨੀਵਰਸਿਟੀ, ਕਰਨਾਟਕ ਦੇ ਤੁਮਕੁਰ ਤੋਂ ਸਰਵ ਭਾਰਤੀ ਸਿੱਖਿਆ ਪੀਠ, ਪੁਡੂਚੇਰੀ ਤੋਂ ਉਸ਼ਾ ਲਾਸਚੁਮਨਨ ਕਾਲੇ ਆਫ ਐਜੂਕੇਸ਼ਨ ਅਤੇ ਮਹਾਂਰਾਸ਼ਟਰ ਦੇ ਸੋਲਾਪੁਰ ਸਥਿਤ ਨੈਸ਼ਨਲ ਬੈਕਵਰਡ ਕ੍ਰਿਸ਼ੀ ਵਿਦਿਆਪੀਠ ਸ਼ਾਮਲ ਹੈ।




ਯੂਜੀਸੀ ਨੇ ਇਨ੍ਹਾਂ ਫਰਜੀ ਯੂਨੀਵਰਸਿਟੀਆਂ ਨੂੰ ਲੈ ਕੇ ਜਾਰੀ ਨੋਟਿਸ ਵਿਚ ਵਿਦਿਆਰਥੀਆਂ ਤੋਂ ਇਨ੍ਹਾਂ ਵਿਚ ਦਾਖਲਾ ਨਾ ਲੈਣ ਦੀ ਸਲਾਹ ਦਿੱਤੀ ਹੈ। ਨਾਲ ਹੀ ਦੱਸਿਆ ਹੈ ਕਿ ਇਨ੍ਹਾਂ ਸਾਰਿਆਂ ਦਾ ਗਠਨ ਯੂਜੀਸੀ ਨਿਯਮਾਂ ਤਹਿਤ ਨਹੀਂ ਹੋਇਆ ਹੈ। ਅਜਿਹੇ ਵਿਚ ਇਨ੍ਹਾਂ ਦੀ ਕੋਈ ਵੀ ਡਿੱਗਰੀ ਤੇ ਸਰਟੀਫਿਰੇਟ ਨੌਕਰੀ ਜਾਂ ਉੱਚ ਸਿੱਖਿਆ ਵਿਚ ਦਾਖਲੇ ਲਈ ਮਾਨਤਾਪ੍ਰਾਪਤ ਨਹੀਂ ਹੈ। ਦੇਸ਼ ਵਿਚ ਮੌਜੂਦਾ ਸਮੇਂ ਸਭ ਤੋਂ ਵੱਧ ਫਰਜੀ 12 ਯੂਨੀਵਰਸਿਟੀਆਂ ਇਕੱਲੇ ਦਿੱਲੀ ਵਿਚ ਹਨ, ਜਦਕਿ ਉੱਤਰ ਪ੍ਰਦੇਸ਼ ਵਿਚ ਚਾਰ, ਬੰਗਾਲ, ਕੇਰਲ, ਮਹਾਂਰਾਸ਼ਟਰ, ਪੁਡੂਚੇਰੀ, ਆਂਧਰ ਪ੍ਰਦੇਸ਼ ਵਿਚ ਦੋ-ਦੋ, ਅਰੁਣਾਚਲਪ੍ਰਦੇਸ਼ , ਹਰਿਆਣਾ ਤੇ ਕਰਨਾਟਕ ਵਿਚ ਇਕ ਇਕ ਹੈ। ਜਿਕਰਯੋਗ ਹੈ ਕਿ ਨਵੇਂ ਨਿਯਮਾਂ ਵਿਚ ਫਰਜੀ ਯੂਨੀਵਰਸਿਟੀਆਂ ਦੇ ਫੜੇ ਜਾਣ 'ਤੇ ਉਨ੍ਹਾਂ 'ਤੇ ਦੋ ਕਰੋੜ ਰੁਪਏ ਦੇ ਜੁਰਮਾਨੇ ਦਾ ਪ੍ਰਬੰਧ ਹੈ।

# 'ਮੈਂ 10 ਮਹੀਨਿਆਂ 'ਚ 8 ਯੁੱਧ ਖਤਮ ਕੀਤੇ', ਰਾਸਟਰ ਦੇ ਨਾਮ ਸੰਬੋਧਨ ਦੌਰਾਨ ਟਰੰਪ ਨੇ ਮੁੜ ਕੀਤਾ ਦਾਅਵਾ

ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਨੇ ਟੈਲੀਵਿਜਨ ਰਾਹੀਂ ਰਾਸਟਰ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਟਰੰਪ ਨੇ ਆਰਥਿਕ ਚੁਣੌਤੀਆਂ ਅਤੇ ਘਟਦੀ ਲੋਕਪ੍ਰਿਯਤਾ ਦੇ ਵਿਚਕਾਰ ਆਪਣੀਆਂ ਉਪਲਬਧੀਆਂ ਦਾ ਬਚਾਅ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਵਾਰ ਫਿਰ ਦੁਨੀਆ ਭਰ ਵਿੱਚ 8 ਜੰਗਾਂ ਨੂੰ ਰੁਕਵਾਉਣ ਦਾ ਦਾਅਵਾ ਕੀਤਾ ਹੈ।

ਰਾਸਟਰ ਦੇ ਨਾਮ ਸੰਬੋਧਨ ਦੌਰਾਨ ਟਰੰਪ ਨੇ ਕਿਹਾ, "ਮੈਂ ਅਮਰੀਕੀ ਸਕਤੀ ਨੂੰ ਬਹਾਲ ਕੀਤਾ। 10 ਮਹੀਨਿਆਂ ਵਿੱਚ 8 ਯੁੱਧਾਂ ਦਾ ਨਿਪਟਾਰਾ ਕੀਤਾ, ਈਰਾਨ ਦੇ ਪਰਮਾਣੂ ਖਤਰੇ ਨੂੰ ਨਸਟ ਕੀਤਾ ਅਤੇ ਗਾਜਾ ਵਿੱਚ ਜੰਗ ਖਤਮ ਕੀਤੀ। ਇਸ ਨਾਲ ਮੱਧ ਪੂਰਬ ਵਿੱਚ 3000 ਸਾਲਾਂ ਵਿੱਚ ਪਹਿਲੀ ਵਾਰ ਸਾਂਤੀ ਆਈ ਅਤੇ ਜਿਉਂਦੇ ਤੇ ਮ੍ਰਿਤਕ ਦੋਵਾਂ ਬੰਧਕਾਂ ਦੀ ਰਿਹਾਈ ਯਕੀਨੀ ਹੋਈ।"



### ਹਰ ਸੈਨਿਕ ਨੂੰ ਮਿਲਣਗੇ 1,776 ਡਾਲਰ

ਰਾਸਟਰ ਨੂੰ ਸੰਬੋਧਨ ਕਰਦਿਆਂ ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਨੇ ਕਿਹਾ, "ਅੱਜ ਮੈਨੂੰ ਇਹ ਐਲਾਨ ਕਰਦਿਆਂ ਮਾਣ ਹੋ ਰਿਹਾ ਹੈ ਕਿ 14,50,000 ਤੋਂ ਵੱਧ ਫੌਜੀ ਕਰਮਚਾਰੀਆਂ ਨੂੰ ਕ੍ਰਿਸਮਸ ਤੋਂ ਪਹਿਲਾਂ ਇੱਕ ਵਿਸੇਸ 'ਵਾਰੀਅਰ ਡਿਵੀਡੈਂਡ' ਮਿਲੇਗਾ। 1776 ਵਿੱਚ ਸਾਡੇ ਰਾਸਟਰ ਦੀ ਸਥਾਪਨਾ ਦੇ ਸਨਮਾਨ ਵਿੱਚ, ਅਸੀਂ ਹਰੇਕ ਸੈਨਿਕ ਨੂੰ 1,776 ਡਾਲਰ ਭੇਜ ਰਹੇ ਹਾਂ।" ਦੂਜੇ ਪਾਸੇ, ਟਰੰਪ ਨੇ ਅਮਰੀਕੀਆਂ ਦੀਆਂ ਨੌਕਰੀਆਂ 'ਚੋਰੀ' ਕਰਨ ਲਈ ਪ੍ਰਵਾਸੀਆਂ ਨੂੰ ਜਿੰਮੇਵਾਰ ਠਹਿਰਾਇਆ।

### ਅਮਰੀਕਾ ਨੇ ਵਿਦੇਸੀ ਡਰੱਗ ਕਾਰਟੇਲ ਨੂੰ ਕੀਤਾ ਖਤਮ

ਟਰੰਪ ਨੇ ਉਸ ਵੈਨੇਜੁਏਲਾ ਬਾਰੇ ਗੱਲ ਨਹੀਂ ਕੀਤੀ ਜਿਸ 'ਤੇ ਉਨ੍ਹਾਂ ਨੇ ਤੇਲ ਦੀ ਨਾਕਾਬੰਦੀ ਲਗਾਈ ਹੈ ਅਤੇ ਦੇਸ ਦੇ ਨੇੜੇ ਅਮਰੀਕੀ ਫੌਜੀ ਸੰਪਤੀ ਜਮ੍ਹਾ ਕੀਤੀ ਹੈ। ਸਗੋਂ ਉਨ੍ਹਾਂ ਦੇ ਡਿਪਟੀ ਚੀਫ ਆਫ ਸਟਾਫ ਸਟੀਫਨ ਮਿਲਰ ਨੇ ਸੁਝਾਅ ਦਿੱਤਾ ਹੈ ਕਿ ਲਾਤੀਨੀ ਅਮਰੀਕੀ ਦੇਸ ਦਾ ਪੈਟਰੋਲ ਵਾਸਿੰਗਟਨ ਦਾ ਹੈ। ਉਨ੍ਹਾਂ ਨੇ ਕੈਰੀਬੀਅਨ ਅਤੇ ਪ੍ਰਸਾਂਤ ਮਹਾਸਾਗਰ ਵਿੱਚ ਸੱਕੀ ਬੇੜੀਆਂ ਦੇ ਖਿਲਾਫ ਆਪਣੀਆਂ ਫੌਜੀ ਕਾਰਵਾਈਆਂ ਦਾ ਵੀ ਹਲਕਾ ਜਿਹਾ ਜਿਕਰ ਕੀਤਾ ਅਤੇ ਕਿਹਾ ਕਿ ਅਮਰੀਕਾ ਨੇ ਖੂਨ ਦੇ ਪਿਆਸੇ ਵਿਦੇਸੀ ਡਰੱਗ ਕਾਰਟੇਲਾਂ ਨੂੰ ਖਤਮ ਕਰ ਦਿੱਤਾ ਹੈ।

ਅਮਰੀਕੀ ਸਦਨ () ਨੇ ਲਾਤੀਨੀ ਅਮਰੀਕਾ ਵਿੱਚ ਮਿਲਟਰੀ ਗਤੀਵਿਧੀਆਂ ਨੂੰ ਰੋਕਣ ਵਾਲੇ ਬਿੱਲ ਨੂੰ ਖਾਰਜ ਕਰ ਦਿੱਤਾ। ਟਰੰਪ ਨੇ ਡੈਮੋਕ੍ਰੇਟਿਕ ਪ੍ਰਤੀਨਿਧੀ ਜਿਮ ਮੈਕਗਵਰਨ, ਰਿਪਬਲਿਕਨ ਸੰਸਦ ਮੈਂਬਰਾਂ ਅਤੇ ਉਨ੍ਹਾਂ 'ਕਮਜੋਰ' ਡੈਮੋਕ੍ਰੇਟਸ ਦੀ ਆਲੋਚਨਾ ਕੀਤੀ, ਜਿਨ੍ਹਾਂ ਨੇ ਲਾਤੀਨੀ ਅਮਰੀਕਾ ਵਿੱਚ ਟਰੰਪ ਦੀ ਫੌਜੀ ਕਾਰਵਾਈ 'ਤੇ ਕਾਂਗਰਸ ਦਾ ਵਧੇਰੇ ਕੰਟਰੋਲ ਰੱਖਣ ਵਾਲੇ ਬਿੱਲ ਨੂੰ ਹਰਾਉਣ ਲਈ ਉਨ੍ਹਾਂ ਦਾ ਸਾਥ ਦਿੱਤਾ।

# ਪਾਕਿਸਤਾਨ ਨੇ ਭਾਰਤੀ ਜਹਾਜਾਂ ਲਈ ਹਵਾਈ ਖੇਤਰ ਦੀ ਪਾਬੰਦੀ ਇੱਕ ਮਹੀਨੇ ਲਈ ਹੋਰ ਵਧਾਈ



ਪਾਕਿਸਤਾਨ ਨੇ ਬੁੱਧਵਾਰ ਨੂੰ ਭਾਰਤੀ ਜਹਾਜਾਂ ਲਈ ਆਪਣੇ ਹਵਾਈ ਖੇਤਰ 'ਤੇ ਲਗਾਈ ਗਈ ਪਾਬੰਦੀ ਨੂੰ ਇੱਕ ਮਹੀਨੇ ਲਈ ਵਧਾ ਕੇ 23 ਜਨਵਰੀ ਤੱਕ ਕਰ ਦਿੱਤਾ ਹੈ।

ਪਾਕਿਸਤਾਨ ਨੇ ਅਪਰੈਲ ਵਿੱਚ ਪਹਿਲਗਾਮ ਹਮਲੇ ਤੋਂ ਬਾਅਦ ਭਾਰਤੀ ਏਅਰਲਾਈਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਜਵਾਬੀ ਕਾਰਵਾਈ ਵਜੋਂ ਭਾਰਤ ਨੇ ਵੀ ਪਾਕਿਸਤਾਨੀ ਜਹਾਜਾਂ 'ਤੇ ਅਜਿਹੀ ਹੀ ਪਾਬੰਦੀ ਲਗਾਈ ਹੋਈ ਹੈ।

ਪਹਿਲਾਂ ਲਗਾਈ ਗਈ ਪਾਬੰਦੀ 24 ਦਸੰਬਰ ਨੂੰ ਖਤਮ ਹੋਣੀ ਸੀ, ਪਰ ਪਾਕਿਸਤਾਨ ਏਅਰਪੋਰਟ ਅਥਾਰਟੀ ਨੇ ਬੁੱਧਵਾਰ ਨੂੰ ਇਸ ਨੂੰ 23 ਜਨਵਰੀ, 2026 ਤੱਕ ਵਧਾਉਣ ਦਾ ਐਲਾਨ ਕੀਤਾ।

ਪਾਕਿਸਤਾਨੀ ਹਵਾਈ ਖੇਤਰ ਭਾਰਤ ਵਿੱਚ ਰਜਿਸਟਰਡ ਸਾਰੇ ਜਹਾਜਾਂ ਲਈ ਬੰਦ ਰਹੇਗਾ। ਇਸ ਵਿੱਚ ਭਾਰਤੀ ਏਅਰਲਾਈਨਾਂ ਦੇ ਮਾਲਕੀ ਵਾਲੇ, ਸੰਚਾਲਿਤ ਜਾਂ ਲੀਜ 'ਤੇ ਲਏ ਜਹਾਜਾਂ ਦੇ ਨਾਲ-ਨਾਲ ਭਾਰਤੀ ਫੌਜੀ ਉਡਾਣਾਂ ਵੀ ਸਾਮਲ ਹਨ।

ਹਵਾਬਾਜੀ ਨੋਟਿਸ ਅਨੁਸਾਰ, ਇਹ ਪਾਬੰਦੀ ਪਾਕਿਸਤਾਨ ਦੇ ਦੋਵੇਂ ਫਲਾਈਟ ਇਨਫਰਮੇਸਨ ਖੇਤਰਾਂ ਕਰਾਚੀ ਅਤੇ ਲਾਹੌਰ 'ਤੇ ਲਾਗੂ ਹੋਵੇਗੀ।

ਦੱਸ ਦਈਏ ਕਿ ਜੰਮੂ-ਕਸਮੀਰ ਦੇ ਪਹਿਲਗਾਮ ਵਿੱਚ ਅਪਰੈਲ ਮਹੀਨੇ ਹੋਏ ਇੱਕ ਅਤਿਵਾਦੀ ਹਮਲੇ ਵਿੱਚ 26 ਲੋਕਾਂ ਦੀ ਮੌਤ ਹੋ ਗਈ ਸੀ। ਇਸ ਘਟਨਾ ਤੋਂ ਬਾਅਦ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਚਾਰ ਦਿਨਾਂ ਦਾ ਟਕਰਾਅ ਚੱਲਿਆ ਸੀ। ਉਦੋਂ ਤੋਂ ਹੀ ਇਸਲਾਮਾਬਾਦ ਨੇ ਕਈ ਵਾਰ ਭਾਰਤੀ ਜਹਾਜਾਂ ਦੇ ਆਪਣੇ ਅਸਮਾਨ ਤੋਂ ਲੰਘਣ 'ਤੇ ਪਾਬੰਦੀ ਵਧਾਈ ਹੈ।

# ਇਜਰਾਈਲ ਅਧਿਕਾਰੀਆਂ ਨੇ ਕੈਨੇਡੀਅਨ ਵਫਦ ਨੂੰ ਗਾਜਾ ਪੱਟੀ 'ਚ ਦਾਖਲ ਹੋਣ ਤੋਂ ਰੋਕਿਆ

ਬੀਤੇ ਦਿਨ ਗਾਜਾ ਪੱਟੀ ਦੇ ਹਾਲਾਤ ਜਾਣਨ ਲਈ ਉੱਥੇ ਪੁੱਜੇ 6 ਕੈਨੇਡੀਅਨ ਐੱਮ ਪੀਜ ਦੇ ਇਕ ਵਫਦ ਨੂੰ ਇਜਰਾਈਲੀ ਅਧਿਕਾਰੀਆਂ ਉਸ ਖੇਤਰ ਵਿਚ ਜਾਣ ਤੋਂ ਰੋਕ ਦਿੱਤਾ। ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਜਨਤਕ ਤੌਰ 'ਤੇ ਇਸਰਾਈਲੀ ਅਧਿਕਾਰੀਆਂ ਦੀ ਇਸ ਕਾਰਵਾਈ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਐੱਨ ਡੀ ਪੀ ਅਤੇ ਲਿਬਰਲ ਸੰਸਦ ਮੈਂਬਰਾਂ, ਜੋ ਕਿ ਤੱਥ-ਖੋਜ ਦੌਰੇ 'ਤੇ ਲਗਪਗ 30 ਕੈਨੇਡੀਅਨਾਂ ਦੇ ਵਫਦ ਦਾ ਹਿੱਸਾ ਸਨ, ਨੂੰ ਜਾਰਡਨ ਨਾਲ ਇਜਰਾਈਲੀ ਸਰਹੱਦੀ ਕਰਾਸਿੰਗ 'ਤੇ ਵੈਸਟ ਬੈਂਕ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ। ਇਸ ਯਾਤਰਾ ਵਿੱਚ ਵਫਦ ਦੇ 6 ਐੱਮ ਪੀਜ਼ ਵਿਚ ਲਿਬਰਲ ਐੱਮ ਪੀ ਫਾਰੇਸ ਅਲ ਸੂਦ, ਇਕਰਾ ਖਾਲਿਦ, ਅਸਲਮ ਰਾਣਾ, ਗੁਰਬਖਸ ਸੈਣੀ ਅਤੇ ਸਮੀਰ ਜੁਬੇਰੀ ਅਤੇ ਐੱਨ ਡੀ ਪੀ ਐੱਮ ਪੀ ਜੈਨੀ ਕਵਾਨ ਸ਼ਾਮਲ ਹਨ।




ਕੈਨੇਡਾ ਨੇ ਇਜਰਾਈਲੀ ਅਧਿਕਾਰੀਆਂ ਨੂੰ ਦੌਰੇ ਦੀ ਪਹਿਲਾਂ ਤੋਂ ਸੂਚਨਾ ਦਿੱਤੀ ਗਈ ਸੀ ਅਤੇ ਸੰਸਦ ਮੈਂਬਰਾਂ ਦੇ ਇਲੈੱਕਟ੍ਰਾਨਿਕ ਯਾਤਰਾ ਅਧਿਕਾਰਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ। ਓਟਾਵਾ ਵਿੱਚ ਇਜਰਾਈਲ ਦੇ ਦੂਤਾਵਾਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਫਦ ਨੂੰ ਦਾਖਲ ਹੋਣ ਤੋਂ ਇਸ ਲਈ ਰੋਕ ਦਿੱਤਾ ਗਿਆ ਕਿਉਂਕਿ ਜਿਸ ਸਮੂਹ ਨੇ ਇਸ ਦੌਰੇ ਦਾ ਆਯੋਜਨ ਕੀਤਾ ਸੀ, ਉਸ ਨੂੰ ਇਕ ਗੈਰ-ਮੁਨਾਫਾ ਕੈਨੇਡੀਅਨ ਮੁਸਲਿਮ ਸੰਸਥਾ ਵੱਲੋਂ 'ਫੰਡਿੰਗ ਦਾ ਵੱਡਾ ਹਿੱਸਾ' ਪ੍ਰਾਪਤ ਹੋਇਆ ਸੀ। ਨੈਸਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ ਦੇ ਬੁਲਾਰੇ ਮੁਤਾਬਕ, ਹਰ ਮੈਂਬਰ ਨੂੰ ਇੱਕ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਗਿਆ ਸੀ, ਜਿਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਉਹ ਮੰਨਦੇ ਹਨ ਕਿ ਉਹ ਜਨਤਕ ਸੁਰੱਖਿਆ ਲਈ ਖਤਰਾ ਨਹੀਂ ਹਨ।

ਵਫਦ ਦੇ ਸਾਰੇ ਮੈਂਬਰਾਂ ਨੇ ਇਸ ਫਾਰਮ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਅੰਦਰ ਜਾਣ ਦੀ ਇਜਾਜਤ ਨਹੀਂ ਦਿੱਤੀ ਗਈ। ਤਿੰਨ ਰੋਜ਼ਾ ਇਸ ਯਾਤਰਾ ਦਾ ਮਕਸਦ ਬੇਘਰ ਕੀਤੇ ਗਏ ਫਲਸਤੀਨੀਆਂ ਨਾਲ ਮੁਲਾਕਾਤ ਕਰਨਾ ਸੀ। ਯਾਤਰਾ ਦੌਰਾਨ ਵਫ਼ਦ ਨੇ ਵੈਸਟ ਬੈਂਕ ਅਤੇ ਇਜ਼ਰਾਈਲ ਵੀ ਜਾਣਾ ਸੀ।

ਇਜਰਾਈਲੀ ਸਰਕਾਰ ਨੇ 2014 ਵਿੱਚ ਦੋਸ ਲਗਾਇਆ ਸੀ ਕਿ ਇਸਲਾਮਿਕ ਰਿਲੀਫ ਵਰਲਡ ਵਾਈਡ ਨੇ ਹਮਾਸ ਨੂੰ ਪੈਸੇ ਭੇਜੇ ਸਨ। ਉਧਰ ਨੈਸਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ ਇਜਰਾਈਲ ਵੱਲੋਂ ਐੱਮ ਪੀਜ਼ ਨੂੰ ਵੈਸਟ ਬੈਂਕ ਵਿੱਚ ਦਾਖਲ ਹੋਣ ਦੀ ਇਜਾਜਤ ਦੇਣ ਤੋਂ ਇਨਕਾਰ ਕਰਨ ਦੀ ਨਿੰਦਾ ਕਰ ਰਹੀ ਹੈ। ਸੰਸਥਾ ਦਾ ਕਹਿਣਾ ਹੈ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਰੋਕਣਾ ਉਨ੍ਹਾਂ ਦੀ ਤੱਥ-ਖੋਜ ਮਿਸਨਾਂ ਨੂੰ ਪੂਰਾ ਕਰਨ ਦੀ ਯੋਗਤਾ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ। ਕੈਨੇਡੀਅਨ ਮੁਸਲਿਮ ਵੋਟ, ਜੋ ਕਿ ਨਾਗਰਿਕ ਸਮੂਲੀਅਤ ਅਤੇ ਵੋਟ ਅਧਿਕਾਰ ਨੂੰ ਉਤਸਾਹਿਤ ਕਰਦਾ ਹੈ, ਨੇ ਕਿਹਾ ਕਿ ਉਸ ਨੇ ਪਿਛਲੇ ਸਾਲ ਬਿਨਾਂ ਕਿਸੇ ਸਮੱਸਿਆ ਦੇ ਮੱਧ ਪੂਰਬ ਦਾ ਇੱਕ ਅਜਿਹਾ ਦੌਰਾ ਆਯੋਜਿਤ ਕੀਤਾ ਸੀ। ਜਿਕਰਯੋਗ ਹੈ ਕਿ ਇਹ ਪਹਿਲੀ ਵਾਰੀ ਨਹੀਂ ਜਦੋਂ ਕੈਨੇਡਾ ਦੇ ਐੱਮ ਪੀ ਮੱਧ ਪੂਰਬ ਦੇ ਇਸ ਇਲਾਕੇ ਦਾ ਦੌਰਾ ਕਰਨ ਗਏ ਹੋਣ। ਜਨਵਰੀ 2024 ਵਿੱਚ ਕੈਨੇਡੀਅਨ ਮੁਸਲਿਮ ਵੋਟ ਨੇ ਜੌਰਡਨ ਅਤੇ ਵੈਸਟ ਬੈਂਕ ਲਈ ਇੱਕ ਯਾਤਰਾ ਆਯੋਜਿਤ ਕੀਤੀ ਸੀ।

# ਪਾਕਿਸਤਾਨ ਦੀ ਯੂਨੀਵਰਸਿਟੀ 'ਚ ਕਿਉਂ ਪੜ੍ਹਾਈ ਜਾ ਰਹੀ ਹੈ ਸੰਸਕ੍ਰਿਤ ? ਸਾਹਮਣੇ ਆਈ ਵਜ੍ਹਾ



ਪਾਕਿਸਤਾਨ ਵਿੱਚ ਵੰਡ ਤੋਂ ਬਾਅਦ ਪਹਿਲੀ ਵਾਰ ਉੱਥੋਂ ਦੀ ਕਿਸੇ ਯੂਨੀਵਰਸਿਟੀ ਵਿੱਚ ਸੰਸਕ੍ਰਿਤ ਦਾ ਰਸਮੀ ਪਾਠਕ੍ਰਮ (ਕੋਰਸ) ਸੁਰੂ ਕੀਤਾ ਗਿਆ ਹੈ। ਦੱਸ ਦਈਏ ਕਿ ਲਾਹੌਰ ਯੂਨੀਵਰਸਿਟੀ ਆਫ ਮੈਨੇਜਮੈਂਟ ਸਾਇੰਸਿਜ () ਨੇ ਸੰਸਕ੍ਰਿਤ ਦਾ ਚਾਰ ਕ੍ਰੈਡਿਟ ਦਾ ਕੋਰਸ ਸੁਰੂ ਕੀਤਾ ਹੈ।

ਦਰਅਸਲ, ਯੂਨੀਵਰਸਿਟੀ ਦਾ ਕਹਿਣਾ ਹੈ ਕਿ ਸੰਸਕ੍ਰਿਤ ਇਸ ਪੂਰੇ ਖੇਤਰ ਦੀ ਸਾਂਝੀ ਸੱਭਿਅਤਾ ਦੀ ਵਿਰਾਸਤ ਹੈ। ਇਸ ਨੂੰ ਅਕਾਦਮਿਕ ਰੂਪ ਵਿੱਚ ਸਮਝਣਾ ਬਹੁਤ ਜਰੂਰੀ ਹੈ।

ਯੂਨੀਵਰਸਿਟੀ ਅਨੁਸਾਰ, ਪਾਕਿਸਤਾਨ ਵਿੱਚ ਸੰਸਕ੍ਰਿਤ ਨਾਲ ਸਬੰਧਤ ਅਮੀਰ ਪਰ ਅਣਗੌਲੇ ਅਕਾਦਮਿਕ ਦਸਤਾਵੇਜ ਮੌਜੂਦ ਹਨ। ਇਸ ਲਈ ਇਸ ਭਾਸਾ ਨੂੰ ਅਕਾਦਮਿਕ ਪੱਧਰ 'ਤੇ ਸਮਝਣਾ ਲਾਜਮੀ ਹੈ।

ਇਹ ਦੱਸਿਆ ਗਿਆ ਹੈ ਕਿ ਪੰਜਾਬ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਸੈਂਕੜੇ ਸੰਸਕ੍ਰਿਤ ਤਾੜ-ਪੱਤੀਆਂ ਦੀਆਂ ਹੱਥ-ਲਿਖਤਾਂ ਸੁਰੱਖਿਅਤ ਹਨ ਯੂਨੀਵਰਸਿਟੀ ਦਾ ਮੰਨਣਾ ਹੈ ਕਿ ਜੇਕਰ ਸਥਾਨਕ ਪੱਧਰ 'ਤੇ ਸੰਸਕ੍ਰਿਤ ਪੜ੍ਹਾਈ ਜਾਵੇਗੀ, ਤਾਂ ਇਨ੍ਹਾਂ ਹੱਥ-ਲਿਖਤਾਂ 'ਤੇ ਖੋਜ () ਕਰਨਾ ਸੰਭਵ ਹੋ ਸਕੇਗਾ।

### ਭਗਵਦ ਗੀਤਾ 'ਤੇ ਪਾਕਿਸਤਾਨ 'ਚ ਆਵੇਗਾ ਕੋਰਸ

ਜਿਕਰਯੋਗ ਹੈ ਕਿ ਪਾਕਿਸਤਾਨ ਦੀ ਇਸ ਯੂਨੀਵਰਸਿਟੀ ਵਿੱਚ ਸੰਸਕ੍ਰਿਤ ਪੜ੍ਹਾਉਣ ਦੇ ਪਿੱਛੇ ਸਮਾਜ ਸਾਸਤਰ () ਦੇ ਪ੍ਰੋਫੈਸਰ ਸਾਹਿਦ ਰਸੀਦ ਦੀ ਅਹਿਮ ਭੂਮਿਕਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਯੂਨੀਵਰਸਿਟੀ ਅੱਗੇ ਚੱਲ ਕੇ ਮਹਾਂਭਾਰਤ ਅਤੇ ਭਗਵਦ ਗੀਤਾ ਵਰਗੇ ਗ੍ਰੰਥਾਂ 'ਤੇ ਵੀ ਪਾਠਕ੍ਰਮ ਸੁਰੂ ਕਰਨ ਦੀ ਤਿਆਰੀ ਕਰ ਰਹੀ ਹੈ। ਪ੍ਰਸਾਸਨ ਦਾ ਕਹਿਣਾ ਹੈ ਕਿ ਸੰਸਕ੍ਰਿਤ ਕਿਸੇ ਇੱਕ ਧਰਮ ਦੀ ਭਾਸਾ ਨਹੀਂ ਹੈ, ਸਗੋਂ ਪੂਰੇ ਦੱਖਣੀ ਏਸੀਆ ਦੀ ਸੱਭਿਆਚਾਰਕ ਵਿਰਾਸਤ ਹੈ।

# ਪ੍ਰਧਾਨ ਮੰਤਰੀ ਮੋਦੀ ਵਿਦੇਸ਼ ਯਾਤਰਾ ਦੇ ਆਖਰੀ ਪੜਾਅ ਦੌਰਾਨ ਓਮਾਨ ਲਈ ਰਵਾਨਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਚਾਰ ਦਿਨਾਂ ਅਤੇ ਤਿੰਨ ਦੇਸਾਂ ਦੀ ਯਾਤਰਾ ਦੇ ਆਖਰੀ ਪੜਾਅ 'ਤੇ ਬੁੱਧਵਾਰ ਨੂੰ ਇਥੋਪੀਆ ਤੋਂ ਓਮਾਨ ਲਈ ਰਵਾਨਾ ਹੋ ਗਏ। ਆਪਣੀ ਇਥੋਪੀਆ ਦੀ ਪਹਿਲੀ ਯਾਤਰਾ ਦੌਰਾਨ ਦੋਵਾਂ ਦੇਸਾਂ ਨੇ ਆਪਣੇ ਇਤਿਹਾਸਕ ਸਬੰਧਾਂ ਨੂੰ ਵਧਾ ਕੇ 'ਰਣਨੀਤਕ ਭਾਈਵਾਲੀ' ( ) ਦੇ ਪੱਧਰ ਤੱਕ ਪਹੁੰਚਾ ਦਿੱਤਾ ਹੈ।



ਪ੍ਰਧਾਨ ਮੰਤਰੀ ਨੇ ਆਪਣੇ ਇਥੋਪੀਆਈ ਹਮਰੁਤਬਾ ਅਬੀ ਅਹਿਮਦ ਅਲੀ ਨਾਲ ਵਿਆਪਕ ਗੱਲਬਾਤ ਕੀਤੀ, ਜਿਸ ਤੋਂ ਬਾਅਦ ਦੋਵਾਂ ਨੇਤਾਵਾਂ ਦੀ ਮੌਜੂਦਗੀ ਵਿੱਚ ਵੱਖ-ਵੱਖ ਖੇਤਰਾਂ ਵਿੱਚ ਕਈ ਸਮਝੌਤਿਆਂ () 'ਤੇ ਹਸਤਾਖਰ ਕੀਤੇ ਗਏ। ਮੋਦੀ ਨੇ ਇਥੋਪੀਆਈ ਸੰਸਦ ਦੇ ਸਾਂਝੇ ਸੈਸਨ ਨੂੰ ਵੀ ਸੰਬੋਧਨ ਕੀਤਾ।

ਇਸ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਇਥੋਪੀਆ ਦੇ ਸਰਵਉੱਚ ਸਨਮਾਨ - 'ਦਿ ਗ੍ਰੇਟ ਆਨਰ ਨਿਸਾਨ ਆਫ ਇਥੋਪੀਆ' ਨਾਲ ਸਨਮਾਨਿਤ ਕੀਤਾ ਗਿਆ। ਉਹ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਪਹਿਲੇ ਵਿਸਵ ਨੇਤਾ ਬਣ ਗਏ ਹਨ। ਹੁਣ ਮੋਦੀ ਸੁਲਤਾਨ ਹੈਥਮ ਬਿਨ ਤਾਰਿਕ ਦੇ ਸੱਦੇ 'ਤੇ ਓਮਾਨ ਜਾ ਰਹੇ ਹਨ, ਜਿੱਥੇ ਉਹ ਰਣਨੀਤਕ ਭਾਈਵਾਲੀ ਦੇ ਨਾਲ-ਨਾਲ ਮਜਬੂਤ ਵਪਾਰਕ ਅਤੇ ਆਰਥਿਕ ਸਬੰਧਾਂ ਨੂੰ ਮਜਬੂਤ ਕਰਨ 'ਤੇ ਚਰਚਾ ਕਰਨਗੇ। ਇਹ ਯਾਤਰਾ ਦੋਵਾਂ ਦੇਸਾਂ ਵਿਚਾਲੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 70 ਸਾਲ ਪੂਰੇ ਹੋਣ ਦਾ ਪ੍ਰਤੀਕ ਹੈ।

ਵਿਦੇਸ ਮੰਤਰਾਲੇ ਦੇ ਅਨੁਸਾਰ ਇਹ ਦੌਰਾ ਦੋਵਾਂ ਪੱਖਾਂ ਲਈ ਵਪਾਰ, ਨਿਵੇਸ, ਊਰਜਾ, ਰੱਖਿਆ, ਸੁਰੱਖਿਆ, ਤਕਨਾਲੋਜੀ, ਖੇਤੀਬਾੜੀ ਅਤੇ ਸੱਭਿਆਚਾਰ ਸਮੇਤ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਮੋਦੀ ਓਮਾਨ ਵਿੱਚ ਭਾਰਤੀ ਭਾਈਚਾਰੇ ਦੇ ਇੱਕ ਇਕੱਠ ਨੂੰ ਵੀ ਸੰਬੋਧਨ ਕਰਨਗੇ। ਇਹ ਸ੍ਰੀ ਮੋਦੀ ਦੀ ਓਮਾਨ ਦੀ ਦੂਜੀ ਯਾਤਰਾ ਹੋਵੇਗੀ, ਜਿੱਥੇ ਖੇਤਰੀ ਅਤੇ ਵਿਸਵਵਿਆਪੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ।

# ਡਾਂਗਾਂ ਦੇ ਗਜ



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਗੱਲ ਟੈਲੀਫੋਨ ਤੇ ਹੀ ਹੋਈ। ਮੇਰਾ ਇੱਕ ਦੋਸਤ ਜੱਸ ਕੈਨੇਡਾ ਦੇ ਟੋਰੌਂਟੋ ਸ਼ਹਿਰ ਵਿੱਚ ਰਹਿੰਦਾ ਹੈ। ਇੱਕ ਦਿਨ ਗੱਲ ਕਰਦੇ ਕਰਦੇ ਵਿਸ਼ਾ ਡੀਪੋਰਟੇਸ਼ਨ ਦਾ ਚੱਲ ਪਿਆ। ਕਹਿੰਦਾ, "ਸਾਡੇ ਮੁੰਡੇ ਅਮਰੀਕਾ ਆ ਕੇ ਸਿਖਲਾਈ ਘੱਟ ਲੈਂਦੇ ਹਨ, ਕਮਾਈ ਕਰਨ ਵੱਲ ਵੱਧ ਦੌੜ ਲਗਾ ਦਿੰਦੇ ਹਨ। ਪਿੱਛੇ ਪੰਜਾਬ ਵਿੱਚ ਇੰਨਾ ਵੱਡਾ ਖਰਚਾ ਕਰਕੇ ਅਮਰੀਕਾ ਵਿੱਚ ਪਹੁੰਚੇ ਹੁੰਦੇ ਹਨ ਕਿ ਵਾਲ ਵਾਲ ਕਰਜ਼ੇ ਵਿੱਚ ਜਕੜਿਆ ਹੁੰਦਾ ਏ। ਇੱਥੇ ਆ ਕੇ ਵਿੰਗੇ ਟੇਢੇ ਰਸਤੇ ਅਖਤਿਆਰ ਕਰਕੇ ਟਰੱਕਾਂ ਦੇ ਲਾਈਸੈਂਸ ਲੈ ਕੇ ਵੱਡੀਆਂ ਵੱਡੀਆਂ ਸ਼ਿਫਟਾਂ ਲਗਾਉਣ ਲੱਗ ਪੈਂਦੇ ਹਨ। ਇਹ ਦੇਸ਼ ਇੰਨੇ ਜ਼ਿਆਦਾ ਵਿਕਸਿਤ ਤੇ ਵਿਸ਼ਾਲ ਹਨ ਕਿ ਅਰਧ ਵਿਕਸਿਤ ਦੇਸ਼ਾਂ ਤੋਂ ਆਏ ਹੋਏ ਜਵਾਨ ਮੁੰਡਿਆਂ ਨੂੰ ਵੀ ਪੂਰੀ ਸਿਖਲਾਈ ਪ੍ਰਾਪਤ ਕਰਨ ਨੂੰ ਸਮਾਂ ਲੱਗ ਜਾਂਦਾ ਹੈ। ਅੰਗਰੇਜ਼ੀ ਬੋਲੀ ਦੇ ਗਿਆਨ ਦੀ ਘਾਟ ਪੈਰ ਪੈਰ ਤੇ ਖਟਕਦੀ ਰਹਿੰਦੀ ਹੈ। ਭਾਸ਼ਾ ਦੇ ਗਿਆਨ ਦੀ ਘਾਟ ਤੋਂ ਇਲਾਵਾ ਇੱਥੋਂ ਦੀਆਂ ਕਠਬੋਲੀਆਂ **(slangs)** ਤੇ ਆਮ ਬੋਲ ਚਾਲ ਦੀ ਭਾਸ਼ਾ **(common parlance)** ਵੀ ਬੜਾ ਵੱਡਾ ਮਸਲਾ ਹਨ।"

"ਮਿਸਾਲ ਦੇ ਤੌਰ ਤੇ?"

"ਜੱਸ, ਜਿਵੇਂ ਅਸੀਂ ਸ਼ਰਾਬ ਨੂੰ 'ਦਾਰੂ' ਵੀ ਕਹਿ ਦਿੰਦੇ ਹਾਂ, ਇਵੇਂ ਇਹਨਾਂ ਦੇਸ਼ਾਂ ਵਿੱਚ 'ਭੰਗ' **(marijuana)** ਨੂੰ ਗਰਾਸ **(grass)** ਵੀ ਕਹਿ ਦਿੰਦੇ ਹਨ। ਇਵੇਂ ਨਵੇਂ ਆਏ ਪ੍ਰਵਾਸੀ ਨੂੰ 'ਫੌਬ' **(FOB - Fresh on boat)** ਵੀ ਕਹਿ ਦਿੰਦੇ ਹਨ। ਆਦਿਵਾਸੀ **(aboriginal)** ਨੂੰ 'ਐਬੋ' ਕਹਿ ਦਿੰਦੇ ਹਨ। 'ਟਾਇਲਟ' **(Toilet)** ਨੂੰ ਲੂ **(loo)** ਕਹਿ ਦਿੰਦੇ ਹਨ। ਜੇ '143' ਲਿਖਦੇ ਹੋ ਤਾਂ ਇਸਦਾ ਮਤਲਬ **'I love you'** ਹੁੰਦਾ ਏ।"

"ਜੱਸ, ਸ਼ਬਦਾਂ ਦੇ ਉੱਪਰ ਵਾਲੇ ਰੂਪ ਤਾਂ ਮੈਂ ਸਮਝ ਗਿਆ ਹਾਂ। ਇਹ **'I love you'**143 ਕਿਵੇਂ ਹੋਇਆ?"

"**'I'**- ਇਕ ਸ਼ਬਦ ਜਾਂ ਅੱਖਰ ਏ, **'Love'**- ਚਾਰ ਅੱਖਰ ਹਨ, **'You'**- ਤਿੰਨ ਅੱਖਰ ਹਨ। ਗੋਰਿਆਂ ਨੇ ਇਸਦਾ ਛੋਟਾ ਰੂਪ **'I love you'** ਬਣਾ ਲਿਆ।"

"ਗੋਰੇ ਸੌ ਡਾਲਰ ਦੇ ਕਰੰਸੀ ਨੋਟ ਨੂੰ 'ਵਾਟਰ ਮੈਲਨ' **(Water melon)** ਸੱਦਦੇ ਹਨ ਤੇ ਪੰਜਾਹ ਡਾਲਰ ਦੇ ਨੂੰ 'ਪਾਈਨੈਪਲ' **(pineapple)** ਕਹਿੰਦੇ ਹਨ।"

"ਉਹ ਕਿਓਂ?"

"ਸੌ ਦਾ ਨੋਟ ਗੂੜ੍ਹਾ ਹਰਾ ਹੁੰਦਾ ਹੈ। ਤਰਬੂਜ਼ ਵੀ ਗੂੜ੍ਹਾ ਹਰਾ ਹੁੰਦਾ ਏ। ਪੰਜਾਹ ਦਾ ਨੋਟ ਪੀਲ਼ਾ ਹੁੰਦਾ ਏ। ਪਾਈਨਏਪਲ ਦਾ ਫਲ਼ ਵੀ ਪੀਲ਼ਾ ਹੁੰਦਾ ਏ।"

"ਅਜੀਬ ਵਰਤਾਰਾ ਏ, ਜੱਸ। ਇਸ ਤਰ੍ਹਾਂ ਤਾਂ ਨਵੇਂ ਪਰਵਾਸੀ ਲਈ ਅੰਤਾਂ ਦੇ ਸ਼ਬਦ ਭੁਲੇਖਾ ਪਾ ਸਕਦੇ ਹਨ?"

"ਤੇਰੀ ਗੱਲ ਸਹੀ ਏ। ਨਵੇਂ ਆਏ ਪ੍ਰਵਾਸੀ ਇਸ ਨਵੇਂ ਢਾਂਚੇ ਦੇ ਹਾਣ ਦੇ ਬਹੁਤ ਹੌਲੀ ਹੌਲੀ ਹੁੰਦੇ ਹਨ। ਬੋਲਚਾਲ ਦੀ ਭਾਸ਼ਾ ਸਮਝਣੀ ਬੜੀ ਔਖੀ ਹੁੰਦੀ ਏ। ਕਈ ਵਾਰ ਬੰਦੇ ਨੂੰ ਚੁੱਪ ਰਹਿ ਕੇ ਕਿਸੇ ਗੱਲ ਦਾ ਅੰਦਾਜ਼ਾ ਲਗਾਉਣਾ ਹੁੰਦਾ ਏ। ਤੂੰ ਇੱਕ ਗੱਲ ਸੁਣ ਲੈ?"

"ਜੱਸ, ਉਹ ਕੀ?"

"ਜਿਆਦਾ ਪੜ੍ਹੇ ਲਿਖੇ ਪਰਵਾਸੀ ਅਕਸਰ ਚੁੱਪ ਰਹਿ ਕੇ ਕਈ ਅੰਦਾਜ਼ੇ ਲਗਾ ਕੇ ਵੱਧ ਕਾਮਯਾਬ ਹੁੰਦੇ ਰਹਿੰਦੇ ਹਨ। ਘੱਟ ਪੜ੍ਹੇ ਲਿਖੇ ਵੱਧ ਬੋਲ ਕੇ ਆਪਣਾ ਜਲੂਸ ਕਢਵਾਉਂਦੇ ਰਹਿੰਦੇ ਹਨ। ਕਈ ਵਾਰ ਗੋਰੇ ਉਨ੍ਹਾਂ ਮੂਹਰੇ ਮੱਥਾ ਮਾਰ ਕੇ ਆਪ ਹੀ ਚੁੱਪ ਹੋ ਜਾਂਦੇ ਹਨ। ਬਿਹਤਰ ਹੈ ਇਸ ਨਵੇਂ ਢਾਂਚੇ ਵਿੱਚ ਬੰਦਾ ਘੱਟ ਬੋਲੇ ਤੇ ਵੱਧ ਸੁਣੇ।"

"ਨਵੇਂ ਆਏ ਜਵਾਨ ਮੁੰਡਿਆਂ ਬਾਰੇ ਹੋਰ ਕੁਝ?"

"ਭਾਜੀ, ਪਿੱਛਿਓਂ ਅੰਤਾਂ ਦਾ ਕਰਜ਼ਾ ਸਿਰ ਤੇ ਚੜ੍ਹਾ ਕੇ ਇੱਥੇ ਪਹੁੰਚਦੇ ਹਨ। ਇਹ ਕਰਜ਼ਾ ਉਤਾਰਨ ਦਾ ਫਿਕਰ ਲੱਗਾ ਰਹਿੰਦਾ ਏ। ਹਫਤਾ ਦਫੜੀ ਵਿੱਚ ਐਸੀਆਂ ਕੁਤਾਹੀਆਂ ਕਰ ਦਿੰਦੇ ਹਨ ਕਿ ਇੱਥੋਂ ਦੇ ਵਸਨੀਕ ਗੋਰੇ ਇਹਨਾਂ ਤੋਂ ਭੈਅ ਖਾਣ ਲੱਗ ਜਾਂਦੇ ਹਨ।"



"ਜੱਸ, ਤੂੰ ਠੀਕ ਫਰਮਾਇਆ ਏ। ਫਲੋਰਿਡਾ ਤੇ ਕੈਲੀਫੋਰਨੀਆ ਵਿੱਚ ਦੋ ਕੁ ਘਟਨਾਵਾਂ ਅਜਿਹੀਆਂ ਹੋਈਆਂ ਹਨ ਜਿਨ੍ਹਾਂ ਨੇ ਗੋਰਿਆਂ ਨੂੰ ਹੈਰਾਨ ਕਰ ਦਿੱਤਾ ਤੇ ਹੋਰ ਪ੍ਰਵਾਸੀਆਂ ਵਾਸਤੇ ਰਾਹ ਬੰਦ ਕਰ ਦਿੱਤੇ ਹਨ। ਇਹਨਾਂ ਦੁਰਘਟਨਾਵਾਂ ਵਿੱਚ ਕਈ ਸ਼ਹਿਰੀ ਮਾਰੇ ਗਏ। ਹੁਣ ਇਹਨਾਂ ਅਰਧ ਸਿੱਖਿਅਤ ਟਰੱਕ ਡਰਾਈਵਰਾਂ ਦਾ ਕੀ ਬਣੂ? ਸੁਣਿਐ, ਕਾਨੂੰਨ ਹੋਰ ਸਖਤ ਹੋ ਰਹੇ ਹਨ। ਵਰਕ ਪਰਮਿਟ ਰੀਨਿਊ ਨਹੀਂ ਹੋਣਗੇ। ਨਵੇਂ ਲਾਈਸੈਂਸ ਮਿਲਣੇ ਬੰਦ ਹੋ ਜਾਣਗੇ।"

"ਸੁਣਨ ਵਿੱਚ ਤਾਂ ਇਵੇਂ ਹੀ ਆਇਆ ਏ। ਪੰਜਾਬੀ ਮੁੰਡਿਆਂ ਦੇ ਦੋ ਤਿੰਨ ਮਸਲੇ ਹਨ। ਇੱਕ ਤਾਂ ਪਿੱਛਿਉ ਤੁਰਨ ਵੇਲੇ ਤੋਂ ਸਿਰ ਕਰਜ਼ਾ ਬਹੁਤ ਚੜ੍ਹਿਆ ਹੁੰਦਾ ਏ। ਭਾਰਤ ਵਿੱਚ ਟਰੈਵਲ ਏਜੰਟਾਂ ਨੇ ਇਹਨਾਂ ਦੇ ਸਿਰ ਤੇ ਆਪਣੇ ਹੱਥ ਰੰਗ ਲਏ ਹੁੰਦੇ ਹਨ। ਨੰਬਰ ਦੋ ਇਹ ਮੁੰਡੇ ਲੰਮਾ ਸਮਾਂ ਉਨੀਂਦਰੇ ਰਹਿੰਦੇ ਹਨ। ਤੀਜੀ ਗੱਲ ਇਹ ਕਿ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿੱਚ ਸੱਜੇ ਹੱਥ ਡਰਾਈਵਿੰਗ ਹੈ। ਭਾਰਤ ਜਿਹੇ ਦੇਸ਼ਾਂ ਵਿੱਚ ਇਹ ਖੱਬੇ ਹੱਥ ਗੱਡੀ ਚਲਾਉਣ ਦੇ ਆਦੀ ਹੁੰਦੇ ਹਨ। ਮਨੁੱਖ ਦੀ ਕਿਸੇ ਵੀ ਕੰਮ ਲਈ ਸੁਰਤੀ ਸਮਾਂ ਲਗਾ ਕੇ ਹੀ ਟਿਕਦੀ ਏ। ਘੱਟ ਉਮਰ ਵਿੱਚ ਇਹ ਸੁਰਤੀ ਜਲਦੀ ਜਲਦੀ ਬਦਲੀ ਜਾ ਸਕਦੀ ਹੈ। ਵਾਧੂ ਉਮਰ ਵਿੱਚ ਹੌਲੀ ਹੌਲੀ। ਗੱਲ ਇਹ ਹੈ ਕਿ ਅਮਰੀਕਾ ਦਾ ਅਖਰਾਜਾਤ ਤੇ ਸਿਸਟਮ ਵੱਡਾ ਵੱਡਾ ਤੇ ਵਿਸ਼ਾਲ ਹੈ। ਕਈ ਥਾਂ ਸੜਕਾਂ ਦੀਆਂ ਇੱਕ ਪਾਸੇ ਦੀਆਂ ਪੰਜ ਪੰਜ ਲੇਨਜ਼ ਵੀ ਹਨ। ਇਵੇਂ ਹੀ ਦੂਜੇ ਪਾਸੇ ਹਨ। ਤੁਸੀਂ ਸੋਚੋ ਦੱਸ ਲੇਨਜ਼ ਵਾਲਾ ਹਾਈਵੇਅ ਜਾਂ ਮੋਟਰਵੇਅ ਕਿੰਨਾ ਵਿਸ਼ਾਲ ਹੋਊ। ਇਸ ਵਿਸ਼ਾਲਤਾ ਨੂੰ ਦੇਖ ਕੇ ਬਾਹਰੋਂ ਗਿਆ ਮਨੁੱਖ ਇੱਕ ਵਾਰ ਤਾਂ ਡੈਂਬਰ ਜਾਂਦਾ ਹੈ। ਅਗਲੀ ਗੱਲ ਬਰਫ ਪੈਣ ਦੀ ਏ। ਅਮਰੀਕਾ ਤੇ ਕੈਨੇਡਾ ਜਿਹੇ ਦੇਸ਼ਾਂ ਵਿੱਚ ਸਾਲ ਵਿੱਚ ਕੁਝ ਮਹੀਨੇ ਅਕਸਰ ਬਰਫ ਵੀ ਪੈਂਦੀ ਹੈ। ਸੜਕਾਂ ਤਿਲਕਵੀਆਂ ਹੋ ਜਾਂਦੀਆਂ ਹਨ। ਪ੍ਰਵਾਸੀ ਮੁੰਡੇ ਉੱਤਰੀ ਭਾਰਤ ਚੋਂ ਗਏ ਹਨ। ਉੱਥੇ ਬਰਫ ਪੈਂਦੀ ਹੀ ਨਹੀਂ। ਇਵੇਂ ਇਹ ਨਵੇਂ ਨਵੇਂ ਪ੍ਰਵਾਸੀ ਕਈ ਵਾਰ ਘਰੋਂ ਵੀ ਪਰੇਸ਼ਾਨ ਹੁੰਦੇ ਹਨ। ਕਈਆਂ ਦੇ ਵਿਆਹ ਟੁੱਟਦੇ ਟੁੱਟਦੇ ਚਲਦੇ ਹਨ। ਕਈਆਂ ਨੂੰ ਨਵੇਂ ਢਾਂਚੇ ਦੀ ਚਮਕ ਚਕਾਚੌਂਧ ਕਰ ਦਿੰਦੀ ਹੈ। ਕੁਝ ਕੁ ਨੂੰ ਕਿਸੇ ਨਸ਼ੇ ਦੀ ਲੱਤ ਵੀ ਲੱਗੀ ਹੁੰਦੀ ਏ। ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫਰਿਆ - ਕਈਆਂ ਤੇ ਇਹ ਕਹਾਵਤ ਵੀ ਲਾਗੂ ਹੋ ਜਾਂਦੀ ਏ। ਕਈ ਅਮਰੀਕਾ ਦੀ ਧਰਤੀ ਤੇ ਪੈਰ ਰੱਖਦੇ ਹੀ ਲਾਚੜ ਵੀ ਜਾਂਦੇ ਹਨ। ਖਾਣ ਪੀਣ ਦੀਆਂ ਡੰਘਾਂ ਵੀ ਲਾਉਂਦੇ ਹਨ ਤੇ ਦਿਹਾੜੀਆਂ ਲਗਾਉਣ ਦੇ ਰਿਕਾਰਡ ਵੀ ਤੋੜ ਦਿੰਦੇ ਹਨ।"

"ਜੱਸ, ਗੱਲਾਂ ਤੇਰੀਆਂ ਸਭ ਠੀਕ ਹਨ। ਮੈਂ ਪਿਛਲੇ ਸਾਲ ਖੁਦ ਵੀ ਤੁਹਾਨੂੰ ਸੈਕਰਾਮੈਂਟੋ ਵਿੱਚ ਮਿਲਿਆ ਸੀ। ਸੱਚ, ਇੱਕ ਗੱਲ ਦੱਸੋ। ਤੁਹਾਡੇ ਪਿੰਡ ਵਾਲੇ ਸਬਰਦੀਪ ਦਾ ਕੀ ਹਾਲ ਏ?"

"ਸੱਬੇ ਦਾ?"

"ਜੀ ਹਾਂ।"

"ਸੱਬਾ, ਪੱਕਾ ਨਹੀਂ ਹੋ ਸਕਦਾ। ਏਜੰਟ ਨੂੰ ਅੰਤਾਂ ਦੇ ਪੈਸੇ ਖਵਾ ਕੇ ਇਧਰ ਤੱਕ ਤਾਂ ਪਹੁੰਚਾ ਦਿੱਤਾ। ਪਰੰਤੂ ਉਸਦੇ ਵੀਜ਼ੇ ਵਿੱਚ ਦੋ ਕੁ ਐਸੀਆਂ ਖਾਮੀਆਂ ਹਨ ਕਿ ਉਸਨੂੰ ਚੰਦ ਮਹੀਨਿਆਂ ਵਿੱਚ ਵਾਪਸ ਪੰਜਾਬ ਆਉਣਾ ਪਊ।"

"ਸੁਣਿਐ, ਉਹ ਤਾਂ 50 ਲੱਖ ਰੁਪਏ ਲਗਾ ਕੇ ਇਧਰੋਂ ਗਿਆ ਸੀ। ਉਸਦੀ ਮਾਂ ਨੇ ਤਾਂ ਪੰਜ ਖੇਤ ਜਮੀਨ ਦੇ ਬੈਅ ਰੱਖੇ ਸਨ। ਤੈਨੂੰ ਪਤਾ, ਅੱਜਕੱਲ ਪੰਜਾਬ ਵਿੱਚ ਵਾਹੀ ਵਾਲੀ ਜ਼ਮੀਨ ਦਾ ਕੀ ਭਾਅ ਚੱਲ ਰਿਹਾ ਏ? ਗਾਹਕੀ ਬਹੁਤ ਘਟੀ ਹੋਈ ਏ। ਜਿਹੜਾ ਖੇਤ ਪਹਿਲਾਂ ਦੁਆਬੇ ਵਿੱਚ 30 ਲੱਖ ਦਾ ਸੀ ਉਹ ਹੁਣ 11-12 ਲੱਖ ਦਾ ਵਿਕ ਰਿਹਾ ਏ। ਮੰਨਣਹਾਣੇ ਵਾਲੇ ਬਗੀਚਾ ਸਿਹੁੰ ਨੇ ਤਾਂ ਚਾਰ ਖੇਤ 12-12 ਲੱਖ ਦੇ ਵੇਚੇ ਹਨ। ਗੋਸਲਾਂ ਵਾਲੇ ਦੇਵਾ ਸਿਹੁੰ ਨੇ ਤਿੰਨ ਖੇਤ 11-11 ਲੱਖ ਦੇ ਬੈਅ ਕਰਵਾਏ ਹਨ। ਉਸਨੇ ਆਪਣਾ ਮੁੰਡਾ ਭੀਰਾ ਤੇਰੇ ਨੇੜੇ ਕੈਨੇਡਾ ਵਿੱਚ ਭੇਜਿਆ ਹੈ। ਖੈਰ ਇਹ ਮੁੰਡੇ, ਭੀਰਾ ਵੀ ਤੇ ਮੰਨਣਹਾਣੇ ਵਾਲਾ ਸੇਮੀ ਵੀ, ਆਈਲਟਸ ਪਾਸ ਲੜਕੀਆਂ ਨੂੰ ਖਰਚਾ ਦੇ ਕੇ ਉਹਨਾਂ ਨਾਲ ਵਿਆਹ ਦੇ ਅਧਾਰ ਤੇ ਆਏ ਸਨ।"

"ਕੀ ਵਿਆਹ ਪੱਕੇ ਹਨ?"

"ਸੁਣਿਐਂ ਤਾਂ ਇਵੇਂ ਹੀ ਹੈ। ਬਾਕੀ ਕਿਸੇ ਦੇ ਦਿਲ ਦਾ ਕੀ ਪਤਾ? ਅੱਜ ਕੱਲ ਪਤਾ ਲੱਗਦਾ? ਅੰਨ੍ਹਾ ਬੋਲੀ ਨੂੰ ਖਿੱਚੀ ਫਿਰਦਾ। ਸੱਬੇ ਦਾ ਕੰਮ ਅਲੱਗ ਹੀ ਏ।"

"ਉਹ ਕਿਵੇਂ?"

"ਉਹ ਸਿੱਧਾ ਏਜੰਟ ਨਾਲ ਗਿਟਮਿਟ ਕਰਕੇ ਚੜ੍ਹਿਆ ਸੀ। ਏਜੰਟ ਨੇ ਕਈ ਦੇਰ ਰਾਹ ਵਿੱਚ ਹੀ ਲਟਕਾਈ ਛੱਡਿਆ। ਹੋਰ ਪੈਸੇ ਮੰਗ ਲਏ। ਜਦ ਇਹਨਾਂ ਨੇ ਇੱਧਰ 10 ਲੱਖ ਹੋਰ ਦਿੱਤਾ ਤਾਂ ਅੱਗੇ ਦਾਖਲ ਹੋਣ ਦਿੱਤਾ। ਸਾਰਾ 50 ਲੱਖ ਲੱਗਾ।"

"ਸੱਬੇ ਹੋਰਾਂ ਕੋਲ ਹੁਣ ਹੋਰ ਜ਼ਮੀਨ ਕਿੰਨੀ ਕੁ ਬਚੀ ਏ?"

"ਤਕਰੀਬਨ ਦੋ ਕੁ ਖੇਤ ਬਚੇ ਹਨ।"

"ਬੱਸ?"

"ਜੀ ਹਾਂ।"

"ਸੁਣਿਐ, ਇਹਨਾਂ ਨੇ ਪਹਿਲਾਂ ਕਿਸੇ ਵੇਲੇ ਜ਼ਮੀਨ ਵਿੱਚ ਕੋਈ ਹੇਰਾ ਫੇਰੀ ਵੀ ਕੀਤੀ ਹੋਈ ਸੀ?"

"ਇਹਨਾਂ ਬੱਚਿਆਂ, ਸਰਬਦੀਪ ਤੇ ਪ੍ਰਭਦੀਪ ਨੇ ਹੇਰਾ ਫੇਰੀ ਨਹੀਂ ਕੀਤੀ ਸੀ। ਇਹਨਾਂ ਦੇ ਬਾਪ ਟਹਿਲ ਸਿੰਘ ਨੂੰ ਤਕਰੀਬਨ ਸੱਤ ਖੇਤ ਆਏ ਸਨ। ਆਉਣੇ ਤਾਂ ਉਸਨੂੰ ਸਵਾ ਕੁ ਦੋ ਖੇਤ ਸਨ ਪਰ ਆ ਗਏ ਸੱਤ ਖੇਤ।"

"ਇਹ ਕੀ ਕਹਾਣੀ ਹੋਈ?"

"ਸਰਬਦੀਪ ਦੇ ਡੈਡੀ ਹੋਰੀਂ ਚਾਰ ਭਰਾ ਹਨ -- ਮਹਿੰਗਾ, ਬਚਨਾ, ਰਤਨਾ ਤੇ ਟਹਿਲਾ। ਸੱਬੇ ਦਾ ਡੈਡੀ ਟਹਿਲਾ ਏ। ਸੱਬੇ ਦੇ ਬਾਬੇ ਰਲੇ ਦਾ ਇੱਕ ਭਰਾ ਹੁੰਦਾ ਸੀ ਤੇਲੂ। ਤੇਲੂ ਛੜਾ ਹੀ ਸੀ। ਸੱਬੇ ਦਾ ਡੈਡੀ ਟਹਿਲਾ ਜਵਾਨੀ ਵਿੱਚ ਹੀ ਕਿਸੇ ਬਿਮਾਰੀ ਨਾਲ ਮਰ ਗਿਆ ਸੀ। ਮਸਾਂ 28 ਕੁ ਸਾਲ ਦਾ ਹੀ ਪੂਰਾ ਹੋ ਗਿਆ ਸੀ। ਉਦੋਂ ਉਸਦੇ ਇਹ ਦੋ ਮੁੰਡੇ ਸੱਬਾ ਤੇ ਪ੍ਰਭ ਛੇ ਤੇ ਚਾਰ ਸਾਲ ਦੇ ਸਨ। ਇਹਨਾਂ ਦੀ ਮਾਂ ਇੰਦੀ ਦਾ ਤੇਲੂ ਨਾਲ ਰੌਲਾ ਪਿਆ ਰਹਿੰਦਾ ਸੀ। ਟਹਿਲੇ ਦੇ ਮਰਨ ਤੋਂ ਬਾਅਦ ਤੇਲੂ ਨੇ ਹੀ ਇਹ ਜਵਾਕ ਪਾਲੇ ਸਨ। ਇੰਦੀ ਭਰ ਜਵਾਨੀ ਵਿੱਚ ਵਿਧਵਾ ਹੋ ਗਈ ਸੀ। ਸੀ ਵੀ ਚੰਗੀ ਸੋਹਣੀ ਸੁਨੱਖੀ।"

"ਤੂੰ ਇੱਕ ਗੱਲ ਦੱਸ ਯਾਰ? ਰਲਾ ਵੱਡਾ ਸੀ ਜਾਂ ਤੇਲੂ?"

"ਰਲਾ ਵੱਡਾ ਸੀ। ਜੇ ਰਲਾ ਛੋਟਾ ਹੁੰਦਾ ਤਾਂ ਸ਼ਾਇਦ ਜਮੀਨ ਵੰਡ ਹੋਣ ਤੋਂ ਵੀ ਬਚ ਜਾਂਦੀ।"

"ਉਹ ਕਿਵੇਂ?"

"ਜਿੰਨਾ ਚਿਰ ਰਲਾ ਬੈਠਾ ਰਿਹਾ, ਉਨਾਂ ਚਿਰ ਇੰਦੀ ਤੇ ਤੇਲੂ ਨੂੰ ਮਹਿਸੂਸ ਹੁੰਦਾ ਰਿਹਾ ਸ਼ਾਇਦ ਰਲਾ ਉਹਨਾਂ ਨੂੰ ਉਧਰੋਂ ਚੌਥਾ ਹਿੱਸਾ ਨਾ ਦੇਵੇ। ਰਲਾ ਸੀ ਵੀ ਜਿੱਦੀ ਤੇ ਨਿਆਂ ਪਸੰਦ। ਤੇਲੂ ਖਚਰਾ ਸੀ। ਭਾਣਾ ਐਸਾ ਵਰਤਿਆ ਕਿ ਰਲਾ ਵੱਡਾ ਹੋਣ ਕਰਕੇ ਪਹਿਲਾਂ ਪੂਰਾ ਹੋ ਗਿਆ। ਭਰਾ ਦੇ ਮਰਨ ਦੇ ਸਾਰ ਹੀ ਤੇਲੂ ਨੇ ਮੁਰੱਬੇ ਵਿੱਚ ਲਕੀਰ ਪਵਾ ਦਿੱਤੀ। ਇੱਕ ਪਾਸੇ ਦਾ ਅੱਧਾ ਮੁਰੱਬਾ ਇਕੱਲਾ ਹੀ ਲੈ ਕੇ ਬੈਠ ਗਿਆ। 11 ਖੇਤਾਂ ਤੋਂ ਵੀ ਥੋੜਾ ਜਿਹਾ ਵੱਧ। ਸਵਾ ਕੁ ਦੋ ਖੇਤ ਇੰਦੀ ਨੂੰ ਰਲੇ ਵਲੋਂ ਆਉਣੇ ਹੀ ਸਨ ਕਿਉਂਕਿ ਉਹ ਚੌਥੇ ਹਿੱਸੇ ਦੀ ਮਾਲਕ ਸੀ। ਤੇਲੂ ਤੇ ਇੰਦੀ ਤਾਂ ਰਾਜਿਆਂ ਜਿਹਾ ਰੋਅਬ ਰੱਖਣ ਲੱਗ ਪਏ ਸਨ। ਉਹ ਤਾਂ ਚਾਮਲੇ ਫਿਰਦੇ ਹੁੰਦੇ ਸਨ। ਕੁੱਤੇ ਕੋਲ ਦੌਲਤ ਹੋ ਜਾਵੇ ਤਾਂ ਲੋਕ ਉਸ ਨੂੰ ਕੁੱਤੇ ਬਾਦਸ਼ਾਹ ਕਹਿਣ ਲੱਗ ਪੈਂਦੇ ਹਨ। ਇਸ ਪ੍ਰਕਾਰ ਇੰਦੀ ਅਤੇ ਦੋਹਾਂ ਬੱਚਿਆਂ ਨੂੰ ਤਕਰੀਬਨ 14 ਖੇਤ ਆ ਗਏ। ਅੱਗੇ ਸੱਬੇ ਤੇ ਪ੍ਰਭ ਨੂੰ ਸੱਤ ਸੱਤ ਖੇਤ ਆਏ। ਸੱਬੇ ਵਾਲੇ ਸੱਤਾਂ ਵਿੱਚੋਂ ਪੰਜ ਖੇਤ ਵੇਚ ਕੇ ਉਸਨੂੰ ਅਮਰੀਕਾ ਭੇਜ ਦਿੱਤਾ। ਹੁਣ ਇਣਦੀ ਕੋਲ ਦੋ ਖੇਤ ਹੀ ਸਨ। ਪ੍ਰਭ ਜੁਦਾ ਹੈ ਤੇ ਵਿਆਹਿਆ ਹੋਇਆ ਏ। ਬੁੱਢਾ ਤੇਲੂ ਅਜੇ ਵੀ 90 ਕੁ ਸਾਲ ਦਾ ਜਿਉਂਦਾ ਏ ਤੇ ਇੰਦੀ ਨਾਲ਼ ਰਹੀ ਜਾ ਰਿਹਾ ਏ। ਸੱਬਾ ਮਸਾਂ 10 ਜਮਾਤਾਂ ਹੀ ਪਾਸ ਏ। ਮਾਂ ਦੇ ਖਹਿੜੇ ਹੀ ਪਿਆ ਰਹਿੰਦਾ ਸੀ ਕਿ ਬਾਹਰ ਹੀ ਜਾਣਾ ਏ। ਤੇਲੂ ਤੇ ਇੰਦੀ ਨੇ ਪੰਜ ਖੇਤ ਬੈਅ ਕਰਕੇ ਏਜੰਟ ਰਾਹੀ ਉਸਨੂੰ ਬਾਹਰ ਭੇਜ ਦਿੱਤਾ। 50 ਲੱਖ ਦੇ ਕਰੀਬ ਸੱਬੇ ਤੇ ਲੱਗ ਚੁੱਕਾ ਏ। ਹੋਰ ਅਜੇ ਲੱਗੀ ਜਾ ਰਿਹਾ ਏ। ਏਜੰਟ ਦੇ ਮਗਰ ਇੰਦੀ ਹੋਰੀਂ ਪਏ ਰਹਿੰਦੇ ਹਨ। ਏਜੰਟ ਇਹਨਾਂ ਦੇ ਮਗਰ ਪੈਸੇ ਬਟੋਰਨ ਲਈ ਪਿਆ ਰਹਿੰਦਾ ਏ। ਕਹੀ ਜਾਂਦਾ ਏ ਕਿ ਪੱਕਾ ਕਰਵਾ ਕੇ ਹੀ ਛੱਡੇਗਾ। ਬਾਕੀ ਤੂੰ ਦੇਖ ਲੈ ਕਿ ਪੱਕਾ ਹੋਊ ਕਿ ਨਹੀਂ।"

"ਸੱਬੇ ਦੀ ਮੌਜੂਦਾ ਹਾਲਤ ਕੀ ਏ? ਕੀ ਕੋਈ ਕੰਮ ਵੀ ਕਰਦਾ ਏ?"

"ਜੱਸ, ਟਰੱਕ ਦਾ ਲਾਈਸੈਂਸ ਪੈਸੇ ਖਰਚ ਕੇ ਲੈ ਲਿਆ ਸੀ। ਚਲਾਉਂਦੇ ਸਮੇਂ ਅਣਗਹਿਲੀ ਹੋ ਗਈ। ਵੱਡੇ ਇੰਟਰਸੈਕਸ਼ਨ ਤੇ ਸਟੇਰਿੰਗ ਐਸਾ ਘੁੰਮਿਆ ਕਿ ਟਰੱਕ ਲਾਈਟਾਂ ਵਿੱਚ ਵੱਜ ਕੇ ਦੋ ਰਾਹਗੀਰਾਂ ਨੂੰ ਦਰੜ ਗਿਐ। ਦੋ ਮੌਤਾਂ ਹੋ ਗਈਆਂ ਤੇ ਇੱਕ ਬੰਦਾ ਜਖਮੀ ਵੀ ਏ। ਇੱਕ ਵਾਰ ਪਹਿਲਾਂ ਓਵਰ ਲੋਡਿੰਗ ਵਿੱਚ ਜਰਮਾਨਾ ਖਾ ਚੁੱਕਾ ਸੀ। ਹੁਣ ਡੀ.ਯੂ.ਆਈ ਨੋਟਿਸ ਮਿਲ ਗਿਆ। ਮੌਤ ਦੀ ਸਜ਼ਾ **(Felony)** ਦਾ ਦੋਸ਼ ਲੱਗ ਗਿਆ।"

"ਆਪ ਬਚ ਗਿਐ?"

"ਆਪ ਤਾਂ ਬਚ ਗਿਐ ਪਰ ਹੈ ਜੇਲ ਵਿੱਚ। ਪਤਾ ਲੱਗੂ ਸਰਕਾਰ ਕੀ ਕਰਦੀ ਏ। ਲਗਦਾ ਇੰਜ ਹੈ ਕਿ ਹੁਣ ਨਾ ਕੰਮ ਕਰਨ ਜੋਗਾ ਰਹੂ ਤੇ ਨਾ ਅਮਰੀਕਾ ਬੈਠਣ ਜੋਗਾ। ਟਰੰਪ ਸਰਕਾਰ ਅੰਤਾਂ ਦੀ ਸਖਤ ਏ। ਪੰਜਾਬ ਚੋਂ ਅਣਜਾਣ ਮੁੰਡੇ ਅਤਿ ਆਧੁਨਿਕ ਢਾਂਚੇ ਵਿੱਚ ਲਿਆ ਕੇ ਮੌਤ ਦੇ ਮੂੰਹ ਵਿੱਚ ਪਾਉਣੇ ਚਿੜੀਆਂ ਦੇ ਬੱਚੇ ਬਾਜਾਂ ਦੇ ਮੂੰਹ ਵਿੱਚ ਪਾਉਣ ਵਾਂਗ ਹੈ।"

"ਜਸ, ਇਹ ਤਾਂ ਫਿਰ ਇੰਜ ਹੋਇਆ -- ਚੋਰੀ ਦਾ ਮਾਲ ਡਾਂਗਾਂ ਦੇ ਗਜ।"

"ਉਹ ਕਿਵੇ?"

"ਸੱਬੇ ਦੀ ਮਾਂ ਨੇ ਵੀ ਤਾਂ ਦੂਜਿਆਂ (ਦਿਓਰਾਂ ਜੇਠਾਂ) ਦਾ ਹਿੱਸਾ ਹੜੱਪਿਆ ਹੀ ਸੀ। ਛੜਾ ਬੁੱਢਾ ਆਪਣੇ ਪਿੱਛੇ ਲਗਾ ਲਿਆ ਸੀ। ਕਹਿੰਦੇ ਹੁੰਦੇ, ਜੇ ਸ਼ੇਰਨੀ ਨੂੰ ਤ੍ਰਿਸ਼ਨਾ ਫੁੱਟ ਪਵੇ ਤਾਂ ਉਹ ਰਾਹ ਤੇ ਆ ਕੇ ਲਿਟਣ ਲੱਗ ਪੈਂਦੀ ਏ। ਅੱਧਾ ਮੁਰੱਬਾ ਆਪਣੇ ਮੁੰਡਿਆਂ ਦੇ ਨਾਂ ਕਰਵਾ ਲਿਆ। ਅੱਗੋ ਮੁੰਡੇ ਤੋਂ ਕੀ ਹੋ ਗਿਆ -- ਇਹ ਤੁਹਾਡੇ ਸਾਹਮਣੇ ਹੀ ਏ। ਪਾਪਾਂ ਬਾਝ ਨਾ ਇਕੱਠੀ ਹੋਵੇ, ਮਾਇਆ ਸਾਥ ਨਾ ਜਾਈ। ਕਿਸੇ ਨੂੰ ਦੁੱਖਾਇਆ, ਕੀ ਫਲ ਪਾਇਆ!!"

"ਜੋ ਕੁਝ ਸੱਬੇ ਦੀ ਮਾਂ ਨੇ ਕੀਤਾ ਉਹੀ ਕੁਝ ਹੁਣ ਸੱਬੇ ਨੇ ਕਰ ਦਿੱਤਾ ਜਾਂ ਉਸ ਤੋਂ ਹੋ ਗਿਆ।"

"ਕੀ ਭਾਵ?"

"ਉਹ ਦੂਜਿਆਂ ਦਾ ਮਾਲ ਖਾ ਗਈ। ਹੁਣ ਇਹ ਦੂਜਿਆਂ ਦਾ ਰਾਹ ਬੰਦ ਕਰੂ। ਅਨਾੜੀ ਡਰਾਈਵਰਾਂ ਦੇ ਘਿਨੌਣੇ ਕਾਰਨਾਮੇ ਦੇਖ ਕੇ ਅਮਰੀਕਾ ਸਰਕਾਰ ਦਾ ਟਰਾਂਸਪੋਰਟ ਮਹਿਕਮਾ ਸੋਚਾਂ ਵਿੱਚ ਪੈ ਗਿਆ ਹੈ। ਗੱਡੀਆਂ ਰੋਕ ਰੋਕ ਕੇ ਡਰਾਈਵਰਾਂ ਦੀ ਅੰਗਰੇਜ਼ੀ ਬੋਲ ਚਾਲ ਤੇ ਅੰਗਰੇਜ਼ੀ ਦੇ ਸਮਝਣ ਦੇ ਟੈਸਟ ਲਏ ਜਾ ਰਹੇ ਹਨ। ਡਰਾਈਵਰਾਂ ਦੇ ਨਸ਼ੇਖੋਰੀ ਤੇ ਉਨੀਂਦਰੇਪਣ ਤੇ ਕੜੀ ਨਜ਼ਰ ਰੱਖੀ ਜਾ ਰਹੀ ਏ। ਨਵੇਂ ਡਰਾਈਵਰਾਂ ਨੂੰ ਲਾਈਸੈਂਸ ਦੇਣੇ ਬੰਦ ਕੀਤੇ ਜਾ ਰਹੇ ਹਨ।"

"ਜੱਸ, ਤੁਹਾਡਾ ਬਹੁਤ ਬਹੁਤ ਧੰਨਵਾਦ। ਆਪਾਂ ਇੰਨੀਆਂ ਲੰਬੀਆਂ ਗੱਲਾਂ ਫੋਨ ਤੇ ਪਹਿਲਾਂ ਕਦੀ ਨਹੀਂ ਕੀਤੀਆਂ। ਚੰਗਾ ਫਿਰ, ਗੁੱਡ ਨਾਈਟ।"

"ਗੁੱਡ ਨਾਈਟ, ਵੀਰ ਜੀ।"

# ਕੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਸੱਭਿਆਚਾਰ ਅਜੇ ਵੀ ਇੱਕ ਹੈ... ?

15 ਅਗਸਤ 1947 ਦਾ ਦਿਨ ਭਾਰਤ ਲਈ ਆਜਾਦੀ ਦਾ ਤਿਉਹਾਰ ਸੀ, ਪਰ ਪੰਜਾਬ ਲਈ ਉਹ ਦਿਨ ਇਤਿਹਾਸ ਦੀ ਸਭ ਤੋਂ ਵੱਡੀ ਤਰਾਸਦੀ ਬਣ ਗਿਆ। ਰੈਡਕਲਿਫ ਦੀ ਇੱਕ ਕਲਮ ਨੇ ਪੰਜਾਬ ਨੂੰ ਦੋ ਟੋਟੇ ਕਰ ਦਿੱਤਾ। ਇੱਕ ਹਿੱਸਾ ਭਾਰਤ ਵਿੱਚ ਰਿਹਾ, ਜਿਸ ਨੂੰ ਅਸੀਂ ਚੜ੍ਹਦਾ ਪੰਜਾਬ ਆਖਦੇ ਹਾਂ ਅਤੇ ਦੂਜਾ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ, ਜਿਸ ਨੂੰ ਲਹਿੰਦਾ ਪੰਜਾਬ ਜਾਂ ਪੱਛਮੀ ਪੰਜਾਬ ਕਹਿੰਦੇ ਹਨ। ਇਸ ਵੰਡ ਨੇ ਨਾ ਸਿਰਫ ਜਮੀਨਾਂ, ਘਰ-ਵਸੇਰੇ ਅਤੇ ਪਰਿਵਾਰਾਂ ਨੂੰ ਵੰਡਿਆ, ਸਗੋਂ ਸਾਂਝੀ ਵਿਰਾਸਤ, ਸਾਂਝੇ ਸੱਭਿਆਚਾਰ ਅਤੇ ਸਾਂਝੇ ਇਤਿਹਾਸ ਨੂੰ ਵੀ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਵੇਲੇ ਲੱਖਾਂ ਲੋਕ ਮਾਰੇ ਗਏ, ਹਜਾਰਾਂ ਔਲਾਦਾਂ ਯਤੀਮ ਹੋਈਆਂ, ਲੱਖਾਂ ਔਰਤਾਂ ਦੀ ਇੱਜਤ ਲੁੱਟੀ ਗਈ। ਪਰ ਇਸ ਸਾਰੇ ਦਰਦ ਵਿੱਚ ਵੀ ਇੱਕ ਗੱਲ ਸਾਨੂੰ ਤਸੱਲੀ ਦਿੰਦੀ ਸੀ ਕਿ ਸਾਡਾ ਸੱਭਿਆਚਾਰ, ਸਾਡੀ ਬੋਲੀ, ਸਾਡੇ ਗੀਤ-ਸੰਗੀਤ, ਸਾਡੇ ਤਿਉਹਾਰ ਤਾਂ ਇੱਕੋ ਜਿਹੇ ਰਹਿਣਗੇ। ਪਰ 78 ਸਾਲਾਂ ਬਾਅਦ, ਜਦੋਂ ਅਸੀਂ ਦੋਹਾਂ ਪਾਸਿਆਂ ਦੀ ਹਕੀਕਤ ਵੇਖਦੇ ਹਾਂ ਤਾਂ ਸਵਾਲ ਉੱਠਦਾ ਹੈ, ਕੀ ਅਸਲ ਵਿੱਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਸੱਭਿਆਚਾਰ ਅਜੇ ਵੀ ਇੱਕ ਹੈ ?

ਇੱਕ ਸਮਾਂ ਸੀ ਜਦੋਂ ਪੰਜਾਬ ਦੀ ਵਿਰਾਸਤ ਸੱਚਮੁੱਚ ਸਾਂਝੀ ਸੀ। ਗੁਰੂ ਨਾਨਕ ਦੇਵ ਜੀ ਨੂੰ ਨਨਕਾਣਾ ਸਾਹਿਬ ਵਿੱਚ ਜਨਮਿਆ ਮੰਨਿਆ ਜਾਂਦਾ ਸੀ, ਜੋ ਅੱਜ ਪਾਕਿਸਤਾਨ ਵਿੱਚ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਕਰਤਾਰਪੁਰ ਵਿੱਚ ਰੱਖਿਆ ਸੀ, ਜੋ ਅੱਜ ਵੀ ਲਹਿੰਦੇ ਪੰਜਾਬ ਵਿੱਚ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਵਿੱਚ ਹੋਇਆ ਪਰ ਉਹਨਾਂ ਨੇ ਆਪਣਾ ਜੀਵਨ ਸ੍ਰੀ ਅਨੰਦਪੁਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵਿੱਚ ਬੀਤਾਇਆ। ਭਾਈ ਮਰਦਾਨਾ, ਭਾਈ ਲਾਲੋ, ਇਹ ਸਾਰੇ ਸਾਂਝੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਉਸ ਸਾਮਰਾਜ ਵਿੱਚ ਹਿੰਦੂ, ਮੁਸਲਮਾਨ, ਸਿੱਖ ਸਾਰੇ ਬਰਾਬਰ ਸਨ। ਉਸ ਵੇਲੇ ਪੰਜਾਬ ਦੇ ਲੋਕਾਂ ਨੇ ਮਿਲ ਕੇ ਮੁਗਲਾਂ, ਅਫਗਾਨਾਂ ਅਤੇ ਅੰਗਰੇਜਾਂ ਦਾ ਮੁਕਾਬਲਾ ਕੀਤਾ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਉਧਮ ਸਿੰਘ, ਲਾਲਾ ਲਾਜਪਤ ਰਾਏ, ਮਦਨ ਲਾਲ ਢੀਂਗਰਾ, ਇਹ ਸਾਰੇ ਪੰਜਾਬੀ ਕ੍ਰਾਂਤੀਕਾਰੀ ਸਨ, ਜਿਨ੍ਹਾਂ ਦਾ ਜਨਮ ਉਸ ਪੰਜਾਬ ਵਿੱਚ ਹੋਇਆ ਜੋ ਅੱਜ ਦੋ ਦੇਸਾਂ ਵਿੱਚ ਵੰਡਿਆ ਗਿਆ ਹੈ। ਉਹਨਾਂ ਦਾ ਸੁਪਨਾ ਇੱਕ ਆਜਾਦ, ਸਾਂਝਾ ਅਤੇ ਭਾਈਚਾਰੇ ਵਾਲਾ ਪੰਜਾਬ ਸੀ।

ਪਰ ਵੰਡ ਤੋਂ ਬਾਅਦ ਲਹਿੰਦੇ ਪੰਜਾਬ ਨੇ ਆਪਣਾ ਇਤਿਹਾਸ ਹੀ ਬਦਲ ਲਿਆ। ਜਿਸ ਮਹਾਰਾਜਾ ਰਣਜੀਤ ਸਿੰਘ ਨੂੰ ਸਾਡੇ ਲਈ "ਸੇਰ-ਏ-ਪੰਜਾਬ" ਕਿਹਾ ਜਾਂਦਾ ਹੈ, ਉਸੇ ਮਹਾਰਾਜੇ ਦਾ ਬੁੱਤ 2019 ਵਿੱਚ ਲਾਹੌਰ ਵਿੱਚ ਸਰੇਆਮ ਤੋੜ ਦਿੱਤਾ ਗਿਆ। ਲੋਕਾਂ ਨੇ ਉਸ ਬੁੱਤ ਦੀ ਬੇਅਦਬੀ ਕੀਤੀ ਅਤੇ ਵੀਡੀਓ ਬਣਾ ਕੇ ਸੋਸਲ ਮੀਡੀਆ ਤੇ ਪਾਈ। ਉਸੇ ਲਾਹੌਰ ਵਿੱਚ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਹੁੰਦਾ ਸੀ, ਅੱਜ ਉੱਥੇ ਮੁਹੰਮਦ ਬਿਨ ਕਾਸਿਮ, ਮਹਿਮੂਦ ਗਜਨਵੀ, ਮੁਹੰਮਦ ਗੌਰੀ ਅਤੇ ਔਰੰਗਜੇਬ ਵਰਗੇ ਆਕਰਮਣਕਾਰੀਆਂ ਦੀਆਂ ਤਾਰੀਫਾਂ ਵਾਲੇ ਬੋਰਡ ਲੱਗੇ ਹਨ। ਇਹਨਾਂ ਆਕਰਮਣਕਾਰੀਆਂ ਨੇ ਪੰਜਾਬ ਦੇ ਮੰਦਰ ਤੋੜੇ, ਲੋਕਾਂ ਨੂੰ ਕਤਲ ਕੀਤਾ, ਔਰਤਾਂ ਨੂੰ ਗੁਲਾਮ ਬਣਾਇਆ, ਪਰ ਅੱਜ ਪਾਕਿਸਤਾਨ ਵਿੱਚ ਇਹਨਾਂ ਨੂੰ ਹੀ "ਹੀਰੋ" ਮੰਨਿਆ ਜਾਂਦਾ ਹੈ। ਸਕੂਲਾਂ ਦੀਆਂ ਕਿਤਾਬਾਂ ਵਿੱਚ ਭਗਤ ਸਿੰਘ ਨੂੰ "ਕੱਟੜ" ਅਤੇ "ਦਹਿਸਤਗਰਦ" ਲਿਖਿਆ ਜਾਂਦਾ ਹੈ। ਉਧਮ ਸਿੰਘ ਨੂੰ "ਕਾਤਲ" ਕਿਹਾ ਜਾਂਦਾ ਹੈ। ਇਹ ਸਾਰਾ ਇਤਿਹਾਸ ਬਦਲ ਦਿੱਤਾ ਗਿਆ।

ਘੱਟਗਿਣਤੀ ਭਾਈਚਾਰਿਆਂ, ਖਾਸ ਕਰਕੇ ਸਿੱਖ ਅਤੇ ਹਿੰਦੂ ਭਾਈਚਾਰੇ ਨਾਲ ਜੋ ਵਿਤਕਰਾ ਹੋ ਰਿਹਾ ਹੈ, ਉਸ ਨਾਲ ਦਿਲ ਰੋਂਦਾ ਹੈ। ਸਾਲ 1947 ਵਿੱਚ ਲਹਿੰਦੇ ਪੰਜਾਬ ਵਿੱਚ ਹਿੰਦੂ-ਸਿੱਖ ਆਬਾਦੀ 22-25% ਸੀ। ਅੱਜ ਉਹ ਸਿਰਫ 1-2% ਰਹਿ ਗਈ ਹੈ। ਹਰ ਸਾਲ ਸੈਂਕੜੇ ਸਿੱਖ ਅਤੇ ਹਿੰਦੂ ਲੜਕੀਆਂ ਨੂੰ ਅਗਵਾ ਕੀਤਾ ਜਾਂਦਾ ਹੈ, ਜਬਰੀ ਇਸਲਾਮ ਕਬੂਲ ਕਰਵਾਇਆ ਜਾਂਦਾ ਹੈ ਅਤੇ ਉਹਨਾਂ ਦੀਆਂ ਸਾਦੀਆਂ ਮੁਸਲਮਾਨ ਮਰਦਾਂ ਨਾਲ ਕਰਵਾ ਦਿੱਤੀਆਂ ਜਾਂਦੀਆਂ ਹਨ। ਤਾਜਾ ਮਿਸਾਲ ਸਰਬਜੀਤ ਕੌਰ ਦੀ ਹੈ, ਜੋ ਨਨਕਾਣਾ ਸਾਹਿਬ ਦਰਸਨਾਂ ਲਈ ਗਈ ਸੀ ਅਤੇ ਉੱਥੇ ਹੀ ਉਸ ਨੂੰ "ਨੂਰ ਹੁਸੈਨ" ਬਣਾ ਕੇ ਉਸ ਦਾ ਨਿਕਾਹ ਕਰਵਾ ਦਿੱਤਾ ਗਿਆ। ਜਦਕਿ ਪਾਕਿਸਤਾਨੀ ਸਰਕਾਰ ਜਾਂ ਸਾਡੇ ਲਹਿੰਦੇ ਪੰਜਾਬ ਦਾ ਭਾਈਚਾਰਾ ਚਾਹੁੰਦਾ ਤਾਂ ਇਸ ਮਸਲੇ ਨੂੰ ਸੰਜੀਦਗੀ ਨਾਲ ਸੁਲਝਾਅ ਸਕਦਾ ਸੀ ਅਤੇ ਸਰਬਜੀਤ ਕੌਰ ਨੂੰ ਵਾਪਿਸ ਭਾਰਤ ਭੇਜ ਸਕਦਾ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਇਹ ਇੱਕੋ-ਇੱਕ ਵਾਕਿਆ ਨਹੀਂ ਹੈ। ਹਰ ਸਾਲ ਅਜਿਹੇ ਸੈਂਕੜੇ ਮਾਮਲੇ ਸਾਹਮਣੇ ਆਉਂਦੇ ਹਨ ਪਰ "ਭਾਈਚਾਰੇ" ਦੇ ਨਾਮ ਤੇ ਚੁੱਪ ਰਹਿਣ ਵਾਲੇ ਬਹੁਤ ਹਨ।



ਇਸੇ ਤਰ੍ਹਾਂ ਭਾਰਤ-ਪਾਕਿਸਤਾਨ ਤਣਾਅ ਦੇ ਸਮੇਂ ਲਹਿੰਦੇ ਪੰਜਾਬ ਦੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਵੱਲੋਂ ਜੋ ਬਿਆਨਬਾਜੀ ਹੁੰਦੀ ਹੈ, ਉਹ ਵੀ ਬਹੁਤ ਦਰਦ ਦਿੰਦੀ ਹੈ। ਅਪਰੇਸ਼ਨ ਸਿੰਧੂਰ ਦੇ ਹਮਲੇ ਤੋਂ ਬਾਅਦ ਪਾਕਿਸਤਾਨੀ ਅਦਾਕਾਰ ਇਫਤਿਖਾਰ ਚੌਧਰੀ ਨੇ ਪੰਜਾਬੀਆਂ ਲਈ ਬਹੁਤ ਘਟੀਆ ਸਬਦ ਵਰਤੇ। ਉਸ ਨੇ ਸਾਡੇ ਲੋਕਾਂ ਲਈ "ਨਿਸਤੇ ਨਾਬੂਤ" ਕਰ ਦੇਣ ਵਰਗੇ ਸਬਦ ਕਹੇ। ਪਰ ਉਸੇ ਪਾਕਿਸਤਾਨੀ ਕਲਾਕਾਰਾਂ ਨੂੰ ਜਦੋਂ ਭਾਰਤ ਵਿੱਚ ਫਿਲਮਾਂ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਆ ਕੇ "ਪੰਜਾਬੀ ਭਾਈਚਾਰੇ" ਦੀਆਂ ਗੱਲਾਂ ਕਰਦੇ ਹਨ। ਦਲਜੀਤ ਦੋਸਾਂਝ ਦੀ ਫਿਲਮ ਵਿੱਚ ਪਾਕਿਸਤਾਨੀ ਅਦਾਕਾਰਾਂ ਨੂੰ ਲਿਆ ਗਿਆ ਸੀ ਅਤੇ ਫਿਲਮ ਬਹੁਤ ਹਿੱਟ ਹੋਈ, ਪਰ ਜਦੋਂ ਉਸੇ ਫਿਲਮ ਨੂੰ ਭਾਰਤ ਵਿੱਚ ਰਿਲੀਜ ਕਰਨ ਦੀ ਗੱਲ ਆਈ ਤਾਂ ਕੁਝ ਲੋਕਾਂ ਨੇ ਵਿਰੋਧ ਕੀਤਾ। ਫਿਰ ਵੀ ਫਿਲਮ ਰਿਲੀਜ ਹੋਈ ਅਤੇ ਕਮਾਈ ਕੀਤੀ। ਇਸ ਤਰ੍ਹਾਂ ਦੇ ਪ੍ਰੋਜੈਕਟ ਅਸਲ ਵਿੱਚ ਪੈਸੇ ਦੀ ਖਾਤਰ ਹੁੰਦੇ ਹਨ, ਭਾਈਚਾਰੇ ਦੀ ਖਾਤਰ ਨਹੀਂ। ਕਿਉਂਕਿ ਦੋਹਾਂ ਮੁਲਕਾਂ ਦੇ ਕਲਾਕਾਰਾਂ ਦੀ ਫੈਨ ਫੋਲਵਿੰਗ ਹੋਣ ਕਾਰਨ ਫਿਲਮ ਦੋਹਾਂ ਮੁਲਕਾਂ ਦੀ ਕਮਨਿਊਟੀ ਵੱਲੋਂ ਦੇਖੀ ਜਾਂਦੀ ਹੈ ਅਤੇ ਚੋਖੀ ਕਮਾਈ ਕੀਤੀ ਜਾਂਦੀ ਹੈ।

ਅੱਜ ਕੱਲ੍ਹ ਸੋਸਲ ਮੀਡੀਆ ਤੇ ਕਈ ਬਲੌਗਰ ਅਤੇ ਯੂਟਿਊਬਰ ਪਾਕਿਸਤਾਨ ਜਾ ਕੇ ਰੀਲਾਂ ਬਣਾਉਂਦੇ ਹਨ। ਉਹ ਆਪਣੇ ਪੁਰਾਣੇ ਪਿੰਡਾਂ ਵਿੱਚ ਜਾਂਦੇ ਹਨ, ਲੋਕਾਂ ਨਾਲ ਗਲਵੱਕੜੀਆਂ ਪਾਉਂਦੇ ਹਨ, "ਯਾਰੀ" ਵਾਲੇ ਗੀਤ ਗਾਉਂਦੇ ਹਨ ਅਤੇ ਫੇਮ ਖੱਟਦੇ ਹਨ। ਪਰ ਇਹ ਸਾਰਾ ਕੁਝ ਸਿਰਫ ਵਿਊਜ ਅਤੇ ਪੈਸੇ ਦੀ ਖਾਤਰ ਹੁੰਦਾ ਹੈ। ਜਦੋਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਪਾਕਿਸਤਾਨੀ ਬਲੌਗਰ ਨਾਲ ਰੀਲ ਬਣਾਉਣ ਨਾਲ ਦੋਹਾਂ ਪਾਸਿਆਂ ਦੇ ਲੋਕ ਲਾਈਕ ਕਰਨਗੇ, ਤਾਂ ਉਹ ਤੁਰੰਤ ਤਿਆਰ ਹੋ ਜਾਂਦੇ ਹਨ। ਉਹਨਾਂ ਨੂੰ ਕੋਈ ਪੁਛਣ ਵਾਲਾ ਹੋਵੇ ਕਿ ਉਹਨਾਂ ਵੱਲੋਂ ਆਪਣੇ ਘੱਟ-ਗਿਣਤੀ ਨਾਲ ਸੰਬੰਧਿਤ ਭਾਈਚਾਰੇ ਦੇ ਲੋਕਾਂ ਦਾ ਤੁਸੀਂ ਕਿੰਨਾ ਹਾਲ-ਚਾਲ ਪੁਛਿਆ ਹੈ ? ਕਿੰਨਾ ਉਹਨਾਂ ਦੀਆਂ ਦੁੱਖ ਤਕਲੀਫਾਂ ਨੂੰ ਸੋਸ਼ਲ ਮੀਡੀਆ ਤੇ ਰੀਲ ਬਣਾ ਕੇ ਦੱਸਿਆ ਹੈ ? ਉਹ ਬਿਲਕੁੱਲ ਇਸ ਤਰ੍ਹਾਂ ਨਹੀਂ ਕਰਨਗੇ, ਕਿਉਂ ਉਹਨਾਂ ਦਾ ਮਕਸਦ ਫੈਨ ਫੋਲਵਿੰਗ ਵਧਾਉਣਾ ਹੁੰਦਾ ਹੈ ਨਾ ਕਿ ਆਪਣਾ ਨਿੱਜੀ ਨੁਕਸਾਨ ਕਰਨਾ। ਇਸਦੇ ਨਾਲ ਹੀ ਜਦੋਂ ਕੋਈ ਸਿੱਖ ਜਾਂ ਹਿੰਦੂ ਲੜਕੀ ਅਗਵਾ ਹੋ ਜਾਂਦੀ ਹੈ, ਜਾਂ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜਿਆ ਜਾਂਦਾ ਹੈ, ਤਾਂ ਉਹ ਚੁੱਪ ਰਹਿੰਦੇ ਹਨ। ਇਹ ਦੋਗਲਾਪਣ ਹੈ।

ਅਸੀਂ ਭਾਵੁਕ ਹਾਂ, ਇਸ ਲਈ ਅਸੀਂ ਆਪਣੇ ਪੁਰਾਣੇ ਪਿੰਡਾਂ, ਆਪਣੇ ਪੁਰਾਤਨ ਗੁਰਧਾਮਾਂ ਨਾਲ ਪਿਆਰ ਕਰਦੇ ਹਾਂ। ਪਰ ਸੱਚਾਈ ਇਹ ਹੈ ਕਿ ਲਹਿੰਦਾ ਪੰਜਾਬ ਅੱਜ ਉਹ ਪੰਜਾਬ ਨਹੀਂ ਰਿਹਾ ਜਿਸ ਨੂੰ ਅਸੀਂ 1947 ਤੋਂ ਪਹਿਲਾਂ ਜਾਣਦੇ ਸਾਂ। ਉੱਥੇ ਦੀ ਸਰਕਾਰ, ਸਕੂਲਾਂ ਦੀਆਂ ਕਿਤਾਬਾਂ, ਮੀਡੀਆ ਅਤੇ ਧਾਰਮਿਕ ਨੇਤਾ ਸਾਰੇ ਇੱਕੋ ਗੱਲ ਸਿਖਾਉਂਦੇ ਹਨ, ਕਿ ਭਾਰਤ ਵੈਰੀ ਹੈ, ਹਿੰਦੂ-ਸਿੱਖ ਕਾਫਰ ਹਨ ਅਤੇ ਗਜਵਾ-ਏ-ਹਿੰਦ ਕਰਨਾ ਫਰਜ ਹੈ। ਇਸ ਸੋਚ ਨੇ ਉੱਥੇ ਦੇ ਨੌਜਵਾਨਾਂ ਦੇ ਦਿਮਾਗ ਵਿੱਚ ਜਹਿਰ ਭਰ ਦਿੱਤਾ ਹੈ। ਇਸ ਲਈ ਜਦੋਂ ਵੀ ਮੌਕਾ ਮਿਲਦਾ ਹੈ, ਉਹ ਆਪਣੀ ਅਸਲ ਸੋਚ ਜਾਹਰ ਕਰ ਦਿੰਦੇ ਹਨ, ਭਾਵੇਂ ਉਹ ਬੁੱਤ ਤੋੜ ਕੇ ਹੋਵੇ, ਲੜਕੀਆਂ ਨੂੰ ਅਗਵਾ ਕਰ ਕੇ ਹੋਵੇ ਜਾਂ ਸੋਸਲ ਮੀਡੀਆ ਤੇ ਘਟੀਆ ਟਿੱਪਣੀਆਂ ਕਰ ਕੇ ਹੋਵੇ।

ਇਸ ਸਾਰੇ ਤਜਰਬੇ ਤੋਂ ਬਾਅਦ ਸਾਨੂੰ ਸਮਝ ਆਉਂਦੀ ਹੈ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਸੱਭਿਆਚਾਰ ਅੱਜ ਇੱਕ ਨਹੀਂ ਰਿਹਾ। ਬੋਲੀ, ਖਾਣ-ਪੀਣ, ਕੱਪੜੇ, ਗੀਤ ਤਾਂ ਅਜੇ ਵੀ ਮਿਲਦੇ-ਜੁਲਦੇ ਹਨ, ਪਰ ਮਾਨਸਿਕਤਾ, ਵਿਚਾਰਧਾਰਾ ਅਤੇ ਇਤਿਹਾਸ ਦੀ ਵਿਆਖਿਆ ਬਿਲਕੁਲ ਵੱਖਰੀ ਹੋ ਚੁੱਕੀ ਹੈ। ਜਿਸ ਦਿਨ ਲਹਿੰਦਾ ਪੰਜਾਬ ਮਹਾਰਾਜਾ ਰਣਜੀਤ ਸਿੰਘ, ਭਗਤ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਮਾਣ ਕਹਿਣ ਲੱਗ ਪਵੇਗਾ, ਜਿਸ ਦਿਨ ਉਹ ਘੱਟਗਿਣਤੀਆਂ ਨਾਲ ਬਰਾਬਰ ਦਾ ਵਿਹਾਰ ਕਰਨ ਲੱਗ ਪਵੇਗਾ, ਜਿਸ ਦਿਨ ਉਹ ਆਪਣੀਆਂ ਕਿਤਾਬਾਂ ਵਿੱਚੋਂ ਨਫਰਤ ਵਾਲੇ ਅਧਿਆਏ ਹਟਾਏਗਾ, ਉਸ ਦਿਨ ਫੇਰ ਸੱਚਮੁੱਚ ਸਾਡਾ ਉਹਨਾਂ ਨਾਲ ਭਾਈਚਾਰਾ ਬਣ ਸਕਦਾ ਹੈ। ਪਰ ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਉਦੋਂ ਤੱਕ ਇਹ "ਭਾਈ ਭਾਈ" ਵਾਲੀਆਂ ਗੱਲਾਂ ਸਿਰਫ ਭਾਵੁਕਤਾ ਅਤੇ ਫੇਮ ਖੱਟਣ ਦਾ ਜਾਲ ਹਨ।

ਅਸੀਂ ਆਪਣੇ ਪੁਰਾਤਨ ਪੰਜਾਬ ਨਾਲ ਪਿਆਰ ਕਰਦੇ ਹਾਂ, ਉਸ ਦੀ ਯਾਦ ਨੂੰ ਸੰਭਾਲ ਕੇ ਰੱਖਦੇ ਹਾਂ, ਪਰ ਅਸੀਂ ਇਹ ਵੀ ਸਮਝਦੇ ਹਾਂ ਕਿ ਅੱਜ ਦਾ ਲਹਿੰਦਾ ਪੰਜਾਬ ਉਹ ਪੰਜਾਬ ਨਹੀਂ ਰਿਹਾ। ਇਸ ਲਈ ਆਪਣੇ ਦੇਸ ਅਤੇ ਆਪਣੇ ਸੂਬੇ ਪ੍ਰਤੀ ਵਫਾਦਾਰ ਰਹਿਣਾ, ਆਪਣੇ ਇਤਿਹਾਸ ਦੀ ਰਾਖੀ ਕਰਨੀ ਅਤੇ ਆਪਣੀ ਨੌਜਵਾਨ ਪੀੜ੍ਹੀ ਨੂੰ ਸੱਚਾਈ ਦੱਸਣੀ, ਇਹ ਸਾਡੀ ਨੈਤਿਕ ਜਿੰਮੇਵਾਰੀ ਹੈ। ਸਾਂਝਾ ਪੰਜਾਬ ਸਾਡੇ ਦਿਲਾਂ ਵਿੱਚ ਹੈ, ਪਰ ਹਕੀਕਤ ਵਿੱਚ ਉਹ ਵੰਡਿਆ ਜਾ ਚੁੱਕਾ ਹੈ। ਅਸੀਂ ਉਸ ਸਾਂਝੇ ਪੰਜਾਬ ਦੀ ਯਾਦ ਨੂੰ ਜਿਉਂਦਾ ਰੱਖਾਂਗੇ, ਪਰ ਅੱਜ ਦੀ ਹਕੀਕਤ ਨੂੰ ਨਜਰਅੰਦਾਜ ਨਹੀਂ ਕਰਾਂਗੇ।

ਸੰਦੀਪ ਕੁਮਾਰ

# ਜੋਹਰਾਨ ਮਮਦਾਨੀ ਦੀ ਨਿਉਯਾਰਕ ਦੇ ਮੇਅਰ ਵਜੋਂ ਜਿੱਤ ਤੇ ਟਰੰਪ ਮੁਲਾਕਾਤ

ਜੋਹਰਾਨ ਮਮਦਾਨੀ ਤੇ ਮੇਰਾ ਲੇਖ ਪਹਿਲਾਂ ਵੀ ਛਪ ਚੁੱਕਾ ਹੈ । ਉਸ ਵਿੱਚ ਮਮਦਾਨੀ ਦੇ ਪਿਛੋਕੜ ਬਾਰੇ ਤੇ ਮਮਦਾਨੀ ਦੀਆਂ ਚਰਚਿਤ ਸਰਗਰਮੀਆਂ ਬਾਰੇ ਚਰਚਾ ਹੋਈ ਸੀ । ਹੁਣ ਮਮਦਾਨੀ ਨਿਉਯਾਰਕ ਸਿਟੀ ਦੇ ਮੇਅਰ ਚੁਣੇ ਜਾ ਚੁੱਕੇ ਹਨ । ਉਨ੍ਹਾਂ ਦੀ ਜਿੱਤ ਬੜੀ ਹੈਰਾਨੀ ਵਾਲੀ ਜਿੱਤ ਹੈ ।ਉਨ੍ਹਾਂ ਤੋਂ ਪ੍ਰਾਇਮਰੀ ਚੋਣਾਂ ਵਿੱਚ ਹਾਰੇ ਹੋਏ ਉਮੀਦਵਾਰ ਜੋ ਕਿ ਸਾਬਕਾ ਗਵਰਨਰ ਸਨ । ਜੋ ਕਿ ਮਮਦਾਨੀ ਵਾਲੀ ਡੈਮੋਕਰੇਟਿਕ ਪਾਰਟੀ ਨਾਲ ਸੰਬੰਧਿਤ ਸਨ , ਅਜਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਰੇ ਸਨ । ਉੱਨਾਂ ਨੂੰ ਰਾਸਟਰਪਤੀ ਟਰੰਪ ਦਾ ਸਮਰਥਨ ਵੀ ਪ੍ਰਾਪਤ ਸੀ, ਮਮਦਾਨੀ ਅੱਗੇ ਟਿਕ ਨਹੀਂ ਸਕੇ ਅਤੇ ਮਮਦਾਨੀ ਹੱਥੋਂ ਹਾਰ ਗਏ । ਟਰੰਪ ਦੇ ਸਭ ਭੰਡੀ ਪ੍ਰਚਾਰ , ਜਾਤੀਵਾਦੀ ਟਿੱਪਣੀਆਂ, ਇੱਥੋਂ ਤੱਕ ਕਿ ਉਸ ਨੂੰ ਕਮਿਊਨਿਸਟ, ਸਮਾਜਵਾਦੀ ਕੈਹਿਕੇ ਭੰਡਣ ਦੀ ਕੋਸਿਸ ਕੀਤੀ ਗਈ । ਸਭ ਧੰਨ ਦੋਲਤਾ ਦੇ ਮੂੰਹ ਟਰੰਪ ਅਤੇ ਹੋਰ ਕਾਰਪੋਰੇਟ ਘਰਾਣਿਆਂ ਵੱਲੋਂ ਖੋਲਣ ਦੇ ਬਾਵਜੂਦ ਵੀ ਮਮਦਾਨੀ ਨੂੰ ਹਰਾ ਨਾ ਸਕੇ । ਮਮਦਾਨੀ ਨੂੰ ਮੁਸਲਿਮ ਉਮੀਦਵਾਰ ਹੋਣ ਦੇ ਬਾਵਜੂਦ ਵੀ ਜਿਵੇਂ ਇਸਰਾਈਲੀ ਯਹੂਦੀਆਂ ਦੇ ਨਾਲ ਨਾਲ ਹੋਰ ਸਾਰੇ ਧਰਮਾਂ ਦੇ ਲੋਕਾਂ ਨੇ ਸਮਰਥਨ ਦਿੱਤਾ, ਉਹ ਬਾ ਕਮਾਲ ਸੀ । ਚੋਣ ਪ੍ਰਚਾਰ ਦੌਰਾਨ ਟੀਮ ਟਰੰਪ ਉਸ ਨੂੰ ਜਹਾਦੀ ਕੈਹਿ ਰਹੀ ਸੀ , ਨਿਉਯਾਰਕ ਸਿਟੀ ਬਾਰੇ ਇਸਲਾਮੀਕਰਨ ਕਰਨ ਦੀ ਗੱਲ ਕਹਿ ਰਹੀ ਸੀ ਮਮਦਾਨੀ ਦੀ ਜਿੱਤ ਨੇ ਟਰੰਪ ਸਮੇਤ ਕਾਰਪੋਰੇਟਾ ਨੂੰ ਸੱਤਾ ਵਿੱਚ ਹੋਣ ਦੇ ਬਾਵਜੂਦ ਨਿਉਯਰਕ ਦੇ ਲੋਕਾਂ ਨੇ ਸੱਜੇ ਪੱਖੀ ਪਾਰਟੀਆਂ ਨੂੰ ਹਰਾ ਕੇ ਮਮਦਾਨੀ ਨੂੰ ਜਿੱਤਾ ਕੇ ਉੱਨਾਂ ਦੀ ਔਕਾਤ ਵਿਖਾ ਦਿੱਤੀ । ਪਿਛਲੇ ਦਿਨੀ ਅਮਰੀਕਾ ਦੀ ਸੰਸਦ ਵਿੱਚ ਸੋਸਲਿਸਟ ਸਬਦ ਸਬੰਧੀ ਚਰਚਾ ਹੋਈ ਅਤੇ ਉਸ ਦੀ ਨਿੰਦਾ ਕੀਤੀ ਗਈ, ਕਿਹਾ ਗਿਆ ਕਿ ਸੋਸਲਿਸਟ ਹੋਣਾ ਹੀ ਅੱਪਣੇ ਆਪ ਵਿੱਚ ਗਲਤ ਹੈ ਕਮਿਊਨਿਸਟ ਜਾ ਸੋਸਲਿਸਟ ਹੋਣ ਦਾ ਮਤਲਬ ਹੁੰਦਾ ਹੈ, ਜੋ ਸਭ ਦੇ ਸਾਂਝੇ ਹਿਤਾਂ ਦੀ ਗੱਲ ਕਰੇ , ਸਭ ਨੂੰ ਬਰਾਬਰ ਸਮਝੇ । ਗਰੀਬ ਅਤੀ ਗਰੀਬ ਦੀ ਜਿੰਦਗੀ ਵਿੱਚ ਆਉਣ ਵਾਲੀਆਂ ਮੁਸਕਲਾਂ ਨੂੰ ਦੂਰ ਕਰਨ ਦੀ ਕੋਸਿਸ ਕਰੇ। ਕਿਉਂਕਿ ਅਮਰੀਕੀ ਸਿਸਟਮ ਹਮੇਸਾ ਅਮੀਰ ਪੱਖੀ ਨੀਤੀਆਂ ਵਿੱਚ ਵਿਸਵਾਸ ਰੱਖਦਾ ਹੈ । ਜੋ ਹਥਿਆਰਾਂ ਦੇ ਸੌਦਾਗਰਾਂ ਅਤੇ ਐਲਨ ਮਸਕ ਵਰਗੇ ਅਮੀਰਾਂ ਦੀਆਂ ਗੋਗੜਾਂ ਹੋਰ ਮੋਟੀਆਂ ਕਰਦਾ ਹੈ ਅਮਰੀਕਾ ਜੋ ਆਮ ਲੋਕਾਂ ਵਾਸਤੇ ਆਸ ਦੀ ਕਿਰਨ ਵਜੋਂ ਜਾਣਿਆ ਜਾਂਦਾ ਸੀ , ਉੱਥੇ ਬੇ ਘਰੇ ( ਹੋਮ ਲੈਸ) ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ । ਆਮ ਲੋਕਾਂ ਦਾ 2.2 ਨੌਕਰੀਆਂ ਕਰ ਕੇ ਵੀ ਗੁਜਾਰਾ ਮੁਸਕਿਲ ਹੋ ਰਿਹਾ ਹੈ , ਮਮਦਾਨੀ ਨੇ ਬੱਸ ਟਿਕਟ ਸਸਤੀ ਕਰਨਾ , ਘਰਾ ਦੇ ਕਿਰਾਏ ਆਦਿ ਇਨ੍ਹਾਂ ਸਮੱਸਿਆਵਾਂ ਨੂੰ ਹੀ ਮੁੱਦਾ ਬਣਾਇਆ ਸੀ ਅਚਾਨਕ ਖਬਰ ਆਈ ਕਿ ਮਮਦਾਨੀ ਨੂੰ ਟਰੰਪ ਨੇ ਮੁਲਾਕਾਤ ਲਈ ਬੁਲਾਇਆ ਹੈ । ਟਰੰਪ ਦੇ ਸੱਦੇ ਤੇ ਮਮਦਾਨੀ ਪਹੁੰਚ ਗਏ ਟਰੰਪ ਨੂੰ ਮਿਲਣ ਲਈ । ਮਿਲਣੀ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਮਮਦਾਨੀ ਖੜੇ ਨਜਰ ਆਏ ਅਤੇ ਟਰੰਪ ਬੈਠੇ ਹੋਏ ਸਨ, ਜੋਕਿ ਇੱਕ ਪ੍ਰੋਟੋਕੋਲ ਹੈ ਮੱਤਭੇਦਾਂ ਦੇ ਬਾਵਜੂਦ ਟਰੰਪ ਮਮਦਾਨੀ ਦੀ ਤਾਰੀਫ ਕਰਦੇ ਨਜਰ ਆਏ ਕਹਿ ਰਹੇ ਸਨ ਕਿ ਜਿਸ ਤਰ੍ਹਾਂ ਮੈਂ ਸੋਚਿਆ ਸੀ ਉਸ ਨਾਲੋਂ ਕਿਤੇ ਜਿਆਦਾ ਸਾਡੀ ਵੱਖ , ਵੱਖ ਮੁੱਦਿਆਂ ਤੇ ਸਹਿਮਤੀ ਹੈ । ਜਦੋਂ ਪੱਤਰਕਾਰਾਂ ਨੇ ਟਰੰਪ ਨੂੰ ਪੁੱਛਿਆ ਕਿ ਤੁਸੀਂ ਮਮਦਾਨੀ ਨੂੰ ਹੁਣ ਵੀ ਜਿਹਾਦੀ ਕਹੋਗੇ ਤਾਂ ਟਰੰਪ ਨੂੰ ਸਰਮਾਉਂਦੇ ਹੋਏ ਕਿਹਾ ਕਿ ਨਹੀਂ ਹੁਣ ਮੈਂ ਮਮਦਾਨੀ ਨੂੰ ਜਿਹਾਦੀ ਨਹੀਂ ਕਹਾਂਗਾ ਜਦੋਂ ਪੱਤਰਕਾਰਾਂ ਨੇ ਮਮਦਾਨੀ ਨੂੰ ਪੁੱਛਿਆ ਕਿ ਤੁਸੀਂ ਟਰੰਪ ਨੂੰ ਫਾਸਿਸਟ ਕਹੋਗੇ , ਤਾਂ ਮਮਦਾਨੀ ਨੇ ਕਿਹਾ ਹਾਂ । ਜੋ ਰਾਸਟਰਪਤੀ ਟਰੰਪ ਕਹਿੰਦੇ ਸਨ ਕਿ ਮੈਂ ਨਿਉਯਾਰਕ ਸਿਟੀ ਨੂੰ ਕੋਈ ਫੰਡ ਨਹੀਂ ਦਿਉਗਾ ਉਹ ਬਦਲੇ ਬਦਲੇ ਨਜਰ ਆਏ ਅਤੇ ਉਨ੍ਹਾਂ ਕਿਹਾ ਕਿ ਮੈਂ ਸਿਟੀ ਦੇ ਵਿਕਾਸ ਵਾਸਤੇ ਪੂਰੀ ਮਦਦ ਕਰਾਂਗਾ, ਕੋਈ ਮੁਸਕਲ ਖੜ੍ਹੀ ਨਹੀਂ ਹੋਵੇਗੀ ਪੱਤਰਕਾਰਾਂ ਨੇ ਨੇਤਾਵਾਂ ਤੋਂ ਮੁਸਕਲ ਤੋਂ ਮੁਸਕਲ ਸਵਾਲ ਪੁੱਛੇ ਪਰ ਪੱਤਰਕਾਰ ਦੋਵਾਂ ਨੇਤਾਵਾਂ ਤੋਂ ਅਜੇਹਾ ਕੁਝ ਵੀ ਨਹੀਂ ਕਹਾ ਸਕੇ, ਜਿਸ ਤੋਂ ਲੋਕਾਂ ਵਿੱਚ ਇਹ ਪਰਭਾਵ ਜਾਂਦਾ ਕਿ ਦੋਵੇਂ ਨੇਤਾ ਆਪਸ ਵਿੱਚ ਟਕਰਾਅਏ। ਸੱਮਝਣ ਵਾਲੀ ਗੱਲ ਇਹ ਹੈ ਕਿ ਟਰੰਪ ਦੀ ਸਾਖ ਲੋਕਾਂ ਵਿੱਚ ਘੱਟਦੀ ਜਾ ਰਹੀ ਹੈ ਕਿਉਂਕਿ ਅਮਰੀਕਾ ਲਗਾਤਾਰ ਕਰਜਾਈ ਹੋ ਰਿਹਾ ਹੈ । ਜੇ ਕਰ ਮਮਦਾਨੀ ਨਿਉਯਰਕ ਸਿਟੀ ਦੇ ਮੇਅਰ ਦੇ ਰੂਪ ਵਿੱਚ ਲੋਕਾਂ ਨੂੰ ਕਾਰਪੋਰੇਟੀ ਮੌਡਲ ਤੋਂ ਵੱਖਰਾ ਸਮਾਜਵਾਦੀ ਸਿਸਟਮ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਕੋਈ ਪਤਾ ਨਹੀਂ ਲੱਗਦਾ ਕਿ ਇਹ ਸਮਾਜ ਭਲਾਈ ਵਾਲੀ ਵਿਚਾਰਧਾਰਾ ਸਾਰੇ ਅਮਰੀਕੀ ਨਾਗਰਿਕਾਂ ਲਈ ਬਹੁਤ ਵੱਡਾ ਮੁੱਦਾ ਬਣ ਜਾਵੇ । ਕਿਉਂਕਿ ਕਿ ਜਿਸ ਤਰ੍ਹਾਂ ਦੇ ਮਾੜੇ ਹਾਲਾਤ ਦੁਨੀਆਂ ਵਿੱਚ ਬਣ ਰਹੇ ਹਨ । ਬਹੁਤੇ ਲੋਕ ਡਪਰੈਸਨ ਕਾਰਨ ਅਤੇ ਵਧੇਰੇ ਵਰਕ ਲੋਡ ਕਾਰਨ ਮਾਨਸਿਕ ਤੌਰ ਤੇ ਪਰੇਸਾਨ ਹਨ । ਕੋਈ ਪਤਾ ਲੱਗਦਾ ਨੇਪਾਲ, ਬੰਗਲਾ ਦੇਸ , ਸ੍ਰੀ ਲੰਕਾ ਵਿੱਚ ਤਾਂ ਕਮਿਊਨਿਸਟ ਪਾਰਟੀ ਜਿੱਤ ਗਈ ਹੈ । ਸ੍ਰੀ ਲੰਕਾ ਵਿੱਚ ਤਾਂ ਅਤੇ ਹੋਰ ਲੋਕਾਂ ਨੇ ਕਮਿਊਨਿਸਟ ਪਾਰਟੀ ਦੇ ਰਾਸਟਰਪਤੀ ਉਮੀਦਵਾਰ ਨੂੰ ਬਹੁਤ ਵੱਡਾ ਬਹੁਮਤ ਦੇ ਕੇ ਜਿਤਾਇਆ ਹੈ । ਪਾਰਲੀਮੈਂਟ ਵਿੱਚ ਵੀ ਸ੍ਰੀ ਲੰਕਾ ਦੇ ਲੋਕਾਂ ਨੇ ਮਮਦਾਨੀ ਦੀ ਸੋਸਿਲਿਸਟ ਵਿਚਾਰਧਾਰਾ ਨੂੰ ਬਹੁਤ ਵੱਡੇ ਬਹੁਮਤ ਨਾਲ ਚੁਣਿਆ ਹੈ । ਕਿਉਂਕਿ ਸ੍ਰੀ ਲੰਕਾ ਵੀ ਅਮਰੀਕਾ ਵਾਂਗ ਬਹੁਤ ਵੱਡਾ ਕਰਜਾਈ ਹੋ ਗਿਆ ਸੀ । ਦੁਨੀਆ ਵਿੱਚ ਬਹੁਤ ਸਾਰੇ ਲੋਕਾਂ ਦੀ ਆਰਥਿਕ ਸਥਿਤੀ ਬਹੁਤੀ ਚੰਗੀ ਨਹੀਂ ਹੈ । ਜਿਸ ਤਰ੍ਹਾਂ ਲੋਕ ਕਾਣੀ ਵੰਡ ਦਾ ਸਿਕਾਰ ਹੋ ਰਹੇ ਹਨ, ਮੁੱਠੀ ਭਰ ਅਮੀਰਾਂ ਕੋਲ 80,90./ ਪੈਸਾ ਅਤੇ 90./ ਲੋਕਾਂ ਕੋਲ 10./. ਪੈਸੇ ਕਾਰਨ ਇਹ ਆਰਥਿਕ ਨਾ ਬਰਾਬਰੀ ਕਿਸੇ ਵੱਡੀ ਕ੍ਰਾਂਤੀ ਨੂੰ ਜਨਮ ਦੇ ਸਕਦੀ ਹੈ । ਹੋ ਸਕਦਾ ਕਿ ਮਮਦਾਨੀ ਵਰਗੇ - ਨੌਜਵਾਨ ਹੀ ਕਿਸੇ ਵੱਡੇ ਬਦਲਾਂ ਦੀ ਅਗਵਾਈ ਕਰਨ । ਅਖੀਰ ਵਿੱਚ ਮੈਂ ਕਹਾਂਗਾ ਕਿ ਮਮਦਾਨੀ ਬੇਸੱਕ ਕਮਿਊਨਿਸਟ ਨਹੀਂ ਵੀ ਹੈ ਜਾਂ ਹੈ ਪਰ ਟਰੰਪ ਨੇ ਉਸ ਨੂੰ ਇੱਕ ਕਮਿਊਨਿਸਟ ਵਜੋਂ ਪ੍ਰਚਾਰ ਕੇ ਮਸਹੂਰ ਕਰ ਦਿੱਤਾ ਹੈ । ਜੇ ਮੈਂ ਮਮਦਾਨੀ ਬਾਰੇ ਕੁਝ ਕਹਾ ਤਾਂ ਮਮਦਾਨੀ ਦਾ ਪਿਛੋਕੜ ਗੁਜਰਾਤੀ ਹੈ ਅਤੇ ਉਹ ਪਿਛੋਕੜ ਤੋਂ ਭਾਰਤੀ ਹੈ ਤਾਂ ਅਸੀਂ ਸਾਰੇ ਉਸ ਦੀ ਕਾਮਯਾਬੀ ਦੀ ਕਾਮਨਾ ਕਰਦੇ ਹਾਂ । ਇਸ ਨੌਜਵਾਨ ਤੋਂ ਬਹੁਤ ਵੱਡੀਆਂ ਉਮੀਦਾਂ ਹਨ ਕਿ ਉਹ ਲੋਕਾਂ ਪੱਖੀ ਨੀਤੀਆਂ ਨਾਲ ਨਿਉਯਾਰਕ ਦੇ ਲੋਕਾਂ ਦੇ ਮਨ ਜਿੱਤ ਕੇ ਭਾਰਤ ਦਾ ਮਾਣ ਦੁਨੀਆ ਵਧਾਏਗਾ।



ਸਵਰਨ ਧਾਲੀਵਾਲ ਮਧੇਕੇ

# News Potpourri 2025

Feb. 2025

## Bhai Balwant Singh Rajoana did not file any mercy pet

The Supreme Court of India's hearing on 20th January 2025 has reignited discussions about Bhai Balwant Singh Rajoana, a prominent figure who remains at the center of one of the most sensitive cases in Punjab's history.

Bhai Rajoana stands convicted and sentenced to death for his role in the assassination of Punjab Chief Minister Beant Singh on 31st August 1995, just outside the Punjab and Haryana Civil Secretariat in Chandigarh.

With the next hearing now scheduled for 18th March 2025, with directions being issued to the Union of India to file its affidavit, it is crucial to address certain misconceptions about the case, while highlighting its legal, political, and community significance.

Key Facts About Bhai Rajoana's Case

No Personal Mercy Petition

Contrary to popular belief, Bhai Rajoana has not personally filed

During his trial, Bhai Rajoana adopted a unique approach. He did not contest the charges



against him, nor did he engage a lawyer to defend him.

He openly admitted his role, stat-

tion throughout the judicial process.

Prolonged Delays and Community Concerns

Bhai Rajoana has been in custody for nearly three decades, and the SGPC's petition for

rected the Union of India to file its affidavit by 18th March 2025, marking a crucial development in this long-pending case, failing which the Apex Court may decide the matter on merits.

The Central Government's response will likely reveal its stance

high-profile cas one that holds significance for nity.

A Call for Clarit

This case is mo battle—it rep sues of justic rights of com countability. steadfast with the pr surroundin to evoke st Sikhs worl tem of ju victed between nearly 25 To provi matter, live-stre into the and di lent m the na strea medi the p upco tanc

## ਟਰੰਪ ਵੱਲੋਂ ਬ੍ਰਿਕਸ ਦੇਸ਼ਾਂ ਨੂੰ ਡਾਲਰ ਦੀ ਥਾਂ ਹੋ ਮੁਦਰਾ ਵਰਤਣ ਖਿਲਾਫ ਚਿਤਾਵਨੀ

ਦੇ ਰਾਸਟਰਪਤੀ ਟਰੰਪ ਨੇ ਮੁੜ ੀ ਦਿੱਤੀ ਹੈ ਕਿ ਜੇ ੇਸ ਕੌਮਾਂਤਰੀ ਵਪਾਰ ਅਮਰੀਕੀ ਡਾਲਰ ਦੀ ਕਿਸੇ ਹੋਰ ਮੁਦਰਾ ਦੀ ਰਨ ਦੀ ਕੋਸਿਸ ਕਰਨਗੇ ਉਨ੍ਹਾਂ 'ਤੇ 100 ਫੀਸਦ ਾ ਦੇਣਗੇ। ਟਰੰਪ ਨੇ ਬ੍ਰਿਕਸ ਦੇਸ 'ਕੋਈ ਹੋਰ ' ਲੱਭ ਲੈਣ।



ਰਾਸਟਰਪਤੀ ਨੇ ਅੱਜ ਆਪਣੇ ੀਡੀਆ ਪਲੇਟਫਾਰਮ 'ਟਰੁੱਥ ੇ ਕਿਹਾ, 'ਬ੍ਰਿਕਸ ਦੇਸ਼ ਡਾਲਰ ਜਾਣ ਦੀ ਕੋਸ਼ਿਸ਼ ਕਰਨ ਅਤੇ ੋ ਹੋ ਕੇ ਬਸ ਦੇਖਦੇ ਰਹੀਏ, ਇਸ ਵਿਚਾਰਾਂ ਵਾਲੇ ਦਿਨ ਖਤਮ ਹੋ ।' ਉਨ੍ਹਾਂ ਕਿਹਾ ਕਿ ਉਹ ਬ੍ਰਿਕਸ ਇਹ ਵਚਨਬੱਧਤਾ ਚਾਹੁੰਦੇ ਹਨ ਾਂ ਉਹ ਨਵੀਂ ਬ੍ਰਿਕਸ ਮੁਦਰਾ ਗੇ ਅਤੇ ਨਾ ਹੀ ਅਮਰੀਕੀ ਇਲਾਵਾ ਕਿਸੇ ਹੋਰ ਮੁਦਰਾ ਦਾ ਕਰਨਗੇ। ਮਕੀ ਦਿੰਦਿਆਂ ਕਿਹਾ, 'ਉਹ ਦੇਸ) ਕੋਈ

ਲੱਭ ਸਕਦੇ ਹਨ। ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਬ੍ਰਿਕਸ ਕੌਮਾਂਤਰੀ ਵਪਾਰ ਜਾਂ ਹੋਰ ਕਿਤੇ ਅਮਰੀਕੀ ਡਾਲਰ ਦੀ ਥਾਂ ਲੈ ਲਵੇਗਾ। ਹਾਲਾਂਕਿ ਜਿਹੜਾ ਵੀ ਦੇਸ ਅਜਿਹਾ ਕਰਨ ਦੀ ਕੋਸਿਸ ਕਰੇਗਾ, ਉਸ ਨੂੰ ਟੈਕਸਾਂ ਦਾ ਸਵਾਗਤ ਅਤੇ ਅਮਰੀਕਾ ਨੂੰ ਅਲਵਿਦਾ ਕਹਿਣਾ ਪਵੇਗਾ।' ਟਰੰਪ ਨੇ ਬ੍ਰਿਕਸ ਮੈਂਬਰ ਦੇਸਾਂ ਵੱਲੋਂ ਆਪਣੀ ਮੁਦਰਾ ਜਾਰੀ ਕਰਨ ਦੇ ਕਿਸੇ ਵੀ ਕਦਮ ਦੀ ਵਾਰ-ਵਾਰ ਨਿਖੇਧੀ ਕੀਤੀ ਹੈ ਅਤੇ ਇਹ ਉਨ੍ਹਾਂ ਦਾ ਹੁਣ ਤੱਕ ਦਾ ਸਭ ਤੋਂ ਸਖਤ ਵਿਰੋਧ ਹੈ। ਦਸੰਬਰ

ਰੂਸ ਤੇ ਚੀਨ ਅਮਰ ਦਾ ਬਦਲ ਲੱਭਣ ਦੀ ਬ੍ਰਿਕਸ ਦਸ ਦੇਸਾਂ ਬ੍ਰਾ ਭਾਰਤ, ਚੀਨ, ਦੱਖਣੀ ਮਿਸਰ, ਇੰਡੋਨੇਸੀਆ, ਇਰਾ ਸੰਯੁਕਤ ਅਰਬ ਅਮੀ ਅੰਤਰ-ਸਰਕਾਰੀ ਸੰਗ 2009 ਵਿੱਚ ਬਣਿਆ ਇੱਕ ਇੱਕ ਵੱਡਾ ਕੋ ਗਰੁੱਪ ਹੈ, ਜਿਸ ਦਾ ਅ ਹਿੱਸਾ ਨਹੀਂ ਹੈ। ਹਾਲ ਹੀ ਦੇ ਸਾਲ ਇਸ ਦੇ ਕੁਝ ਮੈਂਬਰ ਦੇਸ, ਖਾਸ ਕਰ ਅਤੇ ਚੀਨ ਅਮਰੀਕੀ ਡਾਲਰ ਦਾ ਜਾਂ ਬ੍ਰਿਕਸ ਮੁਦਰਾ ਬਣਾਉਣ ਦੀ ਕਰ ਰਹੇ ਹਨ। ਬ੍ਰਿਕਸ ਦੇ ਅਹਿਮ ਭਾਰਤ ਨੇ ਕਿਹਾ ਹੈ ਕਿ ਉਹ ਡਾਲਰਾਈਜੇਸਨ' (ਵਿਸਵ ਵਪਾਰ ਵਿੱਤੀ ਲੈਣ-ਦੇਣ ਵਿੱਚ ਡਾਲ ਵਰਤੋਂ ਵਿੱਚ ਕਮੀ) ਦੇ ਖਿਲਾ ਵਿਦੇਸ ਮੰਤਰੀ ਐੱਸ. ਜੈਸੰਕਰ ਨੇ ਵਿੱਚ ਕਿਹਾ ਸੀ ਕਿ

## BSP's former Punjab chief Jasvir Singh Garhi joins AAP



Jasvir Singh Garhi, former state president of BSP, joined AAP on January 1, in the presence of Punjab Chief Minister Bhagwant Mann.

Garhi was expelled from BSP on November 5, 2023, on charges of indiscipline, specifically for speaking out against the party's leaders.

Garhi, who had contested the 2022 assembly poll from the Phagwara constituency on a BSP ticket, was accompanied by two other BSP leaders, Gurlal Saila and Dr Jaspreet, who also joined AAP. Following his expulsion, BSP had appointed Avtar Singh Karimpuri as the new Punjab unit president.

Garhi said, "BSP, which was the garden of dreams of Sahib Kanshi Ram, is today in disarray. I ventured out of the grave, in which BSP had buried me, today to join AAP."

He added that BSP is no more acting as the gardener of the dreams of Kanshi Ram and Dr Ambedkar while AAP, on the other hand, has taken Ambedkar and Babasaheb's ideology to every office and workplace. AAP has furthered its ideology of protecting the oppressed and representing their voice. That is why I have joined the party."

The development comes after speculations about Garhi's potential joining had been circulating for the past 15 days. His formal induction into AAP took place after Chief Minister Bhagwant Mann's

members at the ceremony to ceive the endorsement from

office last year.

Paetongtarn has faced growing dissatisfaction over her handling

sues its Paetong dence t unclear




## ਪਾਕਿ 'ਚ ਭੂਚਾਲ ਪਿੱਛੋਂ ਕਰਾਚੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਹੋਏ ਫਰਾਰ



ਪਾਕਿਸਤਾਨ ਦੇ ਬੰਦਰਗਾਹ ਸਹਿਰ ਕਰਾਚੀ ਵਿੱਚ ਇੱਕ ਉੱਚ-ਸੁਰੱਖਿਆ ਵਾਲੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਖਿੱਤੇ 'ਚ ਭੂਚਾਲ ਆਉਣ ਕਾਰਨ ਪੈਦਾ ਹੋਈ ਹਫੜਾ-ਦਫੜੀ ਦਾ ਫਾਇਦਾ ਉਠਾ ਕੇ ਭੱਜ ਗਏ ਹਨ। ਇਹ ਜਾਣਕਾਰੀ ਇੱਕ ਮੰਤਰੀ ਨੇ ਮੰਗਲਵਾਰ ਨੂੰ ਦਿੱਤੀ ਹੈ।

ਪੁਲੀਸ ਨੇ ਕਿਹਾ ਕਿ ਕਰਾਚੀ ਦੀ ਮਾਲੀਰ ਜੇਲ੍ਹ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਹੋਣ ਤੋਂ ਬਾਅਦ ਕੈਦੀਆਂ ਨੇ ਆਪਣੀਆਂ ਕੋਠੜੀਆਂ ਦੇ ਦਰਵਾਜੇ ਤੋੜ ਦਿੱਤੇ ਤੇ ਭੱਜ ਨਿਕਲੇ। ਗੌਰਤਲਬ ਹੈ ਕਿ ਸੋਮਵਾਰ ਨੂੰ ਖਿੱਤੇ ਵਿਚ ਤਿੰਨ ਘੱਟ ਸ਼ਿੱਦਤ ਵਾਲੇ ਭੂਚਾਲ ਆਏ ਸਨ। ਸਿੰਧ ਦੇ ਗ੍ਰਹਿ ਮੰਤਰੀ ਜਿਆ-ਉਲ ਹਸਨ ਲਾਂਝਰ ਨੇ ਮੰਗਲਵਾਰ ਨੂੰ ਪੁਸਟੀ ਕੀਤੀ ਕਿ 24 ਘੰਟਿਆਂ ਵਿੱਚ 78

## Bangladeshi smuggler killed in re

ngladeshi smuggler was and a BSF jawan injured face-off near the India-adesh boundary in West l's Nadia district when a of traffickers attacked rder guards.

cident occurred near lderpara border out-der the jurisdiction of Battalion of the BSF's engal Frontier.

n intelligence inputs possible gold smug-empt, an ambush BSF personnel had oyed in the area.

to a BSF statement, four to five armed i smugglers was ng a river and en- territory. ers ignored verbal warnings by the BSF and con-



tinued to advance aggressively. One round was initially fired in the air using a PAG (Pump Action Gun) to deter them, but the smugglers encircled one jawan and attacked him with sharp-edged weapons.

"In self-defense, and to pro-

tect hi opened rifle, hitt ers in th BSF offic The inj lapsed o remainin into Bang

## Iran 'delivered a hand slap to America's face'

## ਕਬੱਡੀ ਖਿਡਾਰੀ ਪਰਦੀਪ ਨਰਵਾਲ ਨੇ ਅਚਾਨਕ ਸੰਨਿਆਸ ਲੈ ਕੇ ਪ੍ਰਸੰਸਕਾਂ ਨੂੰ ਕੀਤਾ ਹੈਰਾਨ



ਸਾਮਲ ਹੋਏ ਹਨ। ਇਹ ਅਭਿਆਸ ਮੰਗਲਵਾਰ ਨੂੰ

## ਮ੍ਰਿਤਕ ਸੁਭਮ ਦੀ ਪਤਨੀ ਨੇ ਸਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ



ਜੰਮੂ-ਕਸਮੀਰ ਪਹਿਲਗਾਮ ਦੇ ਬੈਸਰਨ ਵਿਚ ਜਿਆਦਾਤਰ ਸੈਲਾਨ ਨੂੰ ਨਿਸਾਨਾ ਬਣਾ ਕੇ ਗਏ ਅਤਿਵਾਦੀ ਹਮਲੇ ਮਾਰੇ ਗਏ ਪੀੜਤਾਂ ਵਿਚੋਂ ਸੁਭਮ ਦਿਵੇਦੀ ਦੀ ਪ ਅਸਾਨਿਆ ਨੇ ਕਿਹਾ ਦੋਸੀਆਂ ਵਿਰੁੱਧ ਹੁਣ ਕੋਈ ਪ੍ਰਭਾਵਸਾਲੀ ਕਾਰਵ ਨਹੀਂ ਕੀਤੀ ਗਈ ਹੈ। ਖਬਰ ਏਜੰਸੀ ਨਾਲ ਗੱਲ ਕਰਦਿਆਂ ਅਸਾਨਿਆ ਨੇ ਕਿਹਾ ਕਿ ਉਹ ਨੌਕਰੀ ਮੁਆਵਜਾ ਨਹੀਂ ਮੰਗ ਰਹੀ ਹੈ, ਪਰ ਸਿਰਫ ਇਹ ਚਾਹੁੰਦੀ ਹੈ ਕਿ ਉਸਦੇ ਪਤੀ ਨੂੰ ਸਹੀ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਕਿਹਾ, "ਨਾ ਤਾਂ ਸੁਭਮ ਨੂੰ ਸਹੀਦ ਵਜੋਂ ਮਾਨ

## ਸੱਟੇਬਾਜੀ ਐਪ ਮਾਮਲੇ ਵਿੱਚ ਯੁਵਰਾਜ ਸਿੰਘ ਈਡੀ ਅੱਗੇ ਪੇਸ਼

ਭਾਰਤ ਦਾ ਸਾਬਕਾ ਸਟਾਰ ਕ੍ਰਿਕਟਰ ਯੁਵਰਾਜ ਸਿੰਘ ਆਨਲਾਈਨ ਸੱਟੇਬਾਜੀ ਐਪ 'ਵਨ ਐਕਸ ਬੈੱਟ' ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛ-ਪੜਤਾਲ ਲਈ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ ਅੱਗੇ ਪੇਸ ਹੋਇਆ। 43 ਸਾਲਾ ਯੁਵਰਾਜ ਦੁਪਹਿਰ 12 ਵਜੇ ਏਜੰਸੀ ਦੇ ਦਫਤਰ ਪਹੁੰਚਿਆ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਇਸ ਹਰਫਨਮੌਲਾ ਖਿਡਾਰੀ ਤੋਂ 7 ਘੰਟੇ ਪੁੱਛ-ਪੜਤਾਲ ਕੀਤੀ ਅਤੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਤਹਿਤ ਉਸ ਦੇ ਬਿਆਨ ਦਰਜ ਕੀਤੇ। ਇਸੇ ਮਾਮਲੇ



ਵਿੱਚ ਇਨਫਲੂਐਂਸਰ ਅਨਵੇਸੀ ਜੈਨ ਵੀ ਪੁੱਛ-ਪੜਤਾਲ ਲਈ ਈਡੀ ਸਾਹਮਣੇ ਪੇਸ ਹੋਈ। ਈਡੀ ਇਸ ਤੋਂ ਪਹਿਲਾਂ ਸਾਬਕਾ ਕ੍ਰਿਕਟਰ ਸੁਰੇਸ ਰੈਨਾ, ਸਿਖਰ ਧਵਨ, ਰੌਬਿਨ ਉਥੱਪਾ, ਟੀ ਐੱਮ ਸੀ ਦੀ ਸਾਬਕਾ ਸੰਸਦ ਮੈਂਬਰ ਤੇ ਬੰਗਾਲੀ ਅਦਾਕਾਰਾ ਮਿਮੀ ਚੱਕਰਵਰਤੀ ਅਤੇ ਅਦਾਕਾਰ ਅੰਕੁਸ ਹਾਜਰਾ ਤੋਂ ਵੀ ਪੁੱਛ-ਪੜਤਾਲ ਕਰ ਚੁੱਕੀ ਹੈ। ਅਦਾਕਾਰ ਸੋਨੂੰ ਸੂਦ ਨੂੰ ਬੁੱਧਵਾਰ ਨੂੰ ਪੁੱਛ-ਪੜਤਾਲ ਲਈ ਬੁਲਾਇਆ ਗਿਆ ਹੈ। ਇਹ ਕਰੋੜਾਂ ਦੀ ਧੋਖਾਧੜੀ ਅਤੇ ਕਥਿਤ ਤੌਰ 'ਤੇ ਵੱਡੀ ਮਾਤਰਾ ਵਿੱਚ ਸਿੱਧੇ ਅਤੇ ਅਸਿੱਧੇ ਟੈਕਸਾਂ ਤੋਂ ਬਚਣ ਦੇ ਦੋਸਾਂ ਵਾਲੇ ਪਲੇਟਫਾਰਮਾਂ ਖਿਲਾਫ ਈਡੀ ਦੀ ਵਿਆਪਕ ਜਾਂਚ ਦਾ ਹਿੱਸਾ ਹੈ। ਆਉਣ ਵਾਲੇ ਦਿਨਾਂ ਵਿੱਚ ਏਜੰਸੀ ਵੱਲੋਂ ਕੁਝ ਹੋਰ ਖਿਡਾਰੀਆਂ, ਅਦਾਕਾਰਾਂ ਅਤੇ ਹੋਰ ਮਸਹੂਰ ਹਸਤੀਆਂ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ।

caused any damage so far.

to enjoy the views. Nobody was inj Monday's eruption and the alert for volcanic activity had been graded to the more standard "yellow" level.

(ਦਹਿਸ਼ਤਗਰਦ) ਸਰਹੱਦ ਦੇ ਉਸ ਰਹਾਂਗੇ। ਇਹ ਵਿਚਾਰ

## ਯੂਕਰੇਨੀ ਡਰੋਨ ਵੱਲੋਂ ਰੂਸੀ ਪਲਾਂਟ 'ਤੇ ਹਮਲਾ



## All schools, colleges, uni. in Punjab closed till Sept. 7 due to floods



The Punjab government on Wednesday extended the closure of all schools, colleges and universities till S... prevailing ... state.

main closed till 7th Sept 2025. "Everyone is requested to strictly follow the local administration's ...

this morning were 86,822 cusecs.

## French police officer to go on trial for murd of teenager in 2023

French police officer charged with murder in the deadly shooting of a teenager in 2023 that sparked violent protests across the country will go on trial next year, the Nanterre prosecutor's office said.

In March, prosecutors requested that one of two officers investigated over the June 27 shooting of 17-



could be imme reached for com The police office at Nahel after th failed to comply order to stop h The boy, of African descent succumbed to wounds.

A video shared o

take place in the Assize C

## Hyderabad-bound IndiGo flight diverted to Mumbai after 'human bomb' threat



## Union minister Shivraj Chouhan to visit flood-hit Punjab on Se

Union Agriculture and Farmers Welfare Minister Shivraj Singh Chouhan will visit flood-affected areas of Punjab on Thursday to take stock of the damage and assess the needs of affected farmers.

Chouhan confirmed his visit on Wednesday, stating he would be in Punjab on September 4.



Other members of the delegation include Union Minister of State for and Rajya Sabha MP Ravneet Singh Bittu and BJP state preside Jakhar.

## ਦੇਸ਼ ਦਾ ਮਨ ਮੋਹਨ

### ਡਾ. ਮਨਮੋਹਨ ਸਿੰਘ ਨੂੰ ਯਾਦ ਕਰਦਿਆਂ

ਸੁਦਰਸ਼ਨ ਭਾਸਕਰ ਉਨ੍ਹਾਂ ਦੇ ਸਭ ਤੋਂ ਨੇੜਲੇ ਦੋਸਤ ਸਨ, ਭਾਵੇਂ ਉਨ੍ਹਾਂ ਦੇ ਸੁਭਾਅ ਬਿਲਕੁਲ ਨਹੀਂ ਸਨ ਮਿਲਦੇ। ਸੁਦਰਸ਼ਨ ਹਾਸੇ-ਠੱਠੇ ਵਾਲਾ ਸੀ ਅਤੇ

ਆਕਸਫੋਰਡ ਤੋਂ ਡੀ.ਫਿਲ ਕੀਤੀ ਸੀ। ਇਸ ਉਪਰੰਤ ਉਹ ਯੂਨਾਈਟਡ ਨੇਸ਼ਨਜ਼ ਲਈ ਕੰਮ ਕਰਨ ਲਈ ਚਲੇ ਗਏ ਜਿੱਥੇ ਉਹ 1966 ਤੋਂ 1969 ਤੱਕ ਰਹੇ।

ਮਾਰਚ 1991 ਵਿਚ ਉਨ੍ਹਾਂ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਚੇਅਰਮੈਨ ਬਣਾ ਦਿੱਤਾ ਗਿਆ। ਇਸ ਉਪਰੰਤ ਉਨ੍ਹਾਂ ਦਾ ਸਿਆਸੀ ਜੀਵਨ ਸ਼ੁਰੂ



1932 ਨੂੰ ... ਮਨਮੋਹਨ ਸ਼ਾਂਤ। ਫਿਰ ਵੀ ਦੋਵਾਂ ਦੀ ... ਇਕਨੌਮਿਕਸ ਵਿੱਚ ਉਨ੍ਹਾਂ ਦੀ ਮੁਹਾਰਤ ... ਹੋ ਗਿਆ। ਇਸ ਸਮੇਂ ਤੱਕ ਉਹ ਲਗਭਗ

# 1 dead, 5 injured in boiler blast in Andhra Pradesh's Tirupati



One person was killed and five others were injured in a boiler blast here in Andhra Pradesh's Tirupati district, a police official said. Tirupati Superintendent of Police ...

## 'ਇਹ ਪਿਆਰ ਦਾ ਮਾਮਲਾ ਹੈ, ਵਾਸਨਾ ਦਾ ਨਹੀਂ...' ਸੁਪਰੀਮ ਕੋਰਟ ਨੇ ਪੋਕਸੋ ਤਹਿਤ 10 ਸਾਲ ਦੀ ਸਜ਼ਾ ਕੱਟ ਰਹੇ ਵਿਅਕਤੀ ਨੂੰ ਕੀਤਾ ਰਿਹਾਅ



ਸੁਪਰੀਮ ਕੋਰਟ ਨੇ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਦੇ ਤਹਿਤ 10 ਸਾਲ ਦੀ ਸਜ਼ਾ ਕੱਟ ਰਹੇ ਇੱਕ ਵਿਅਕਤੀ ਨੂੰ ਬਰੀ ਕਰ ਦਿੱਤਾ ਹੈ। ...

## ਯਾਤਰੀ ਜਹਾਜ ਹਾਦਸੇ ਦੌਰਾਨ ਕੰਟਰੋਲ ਟਾਵਰ ਵਿੱਚ ਕਰਮਚਾਰੀਆਂ ਦੀ ਸੰਖਿਆ ਘੱਟ ਸੀ



ਵਾਸ਼ਿੰਗਟਨ ਦੇ ਨੇੜੇ ਹੈਲੀਕਾਪਟਰ ਅਤੇ ਜਹਾਜ ਦੀ ਟੱਕਰ ਦੇ ਸਮੇਂ ਹਵਾਈ ਯਾਤਰਾ ਕੰਟਰੋਲ ਟਾਵਰ ਵਿੱਚ ਕਰਮਚਾਰੀਆਂ ਦੀ ਸੰਖਿਆ ...

## ਲੈਂਡ ਪੂਲਿੰਗ ਨੀਤੀ ਪੰਜਾਬ ਦੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗੀ: ਵੜਿੰਗ



ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਸਰਕਾਰ ਦੀ "ਲੈਂਡ ਪੂਲਿੰਗ" ਨੀਤੀ ਵਿਰੁੱਧ ਆਪਣਾ ਇਤਰਾਜ਼ ਦੁਹਰਾਉਂਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਇਹ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਤਬਾਹ ਕਰ ਦੇਵੇਗੀ। ...

## ...ਕੁੜੀ ਕਹਾਣੀ ਬਣਦੀ ਗਈ



## Call for developing Harike Pattan as eco-tourism hub



Harike Pattan, a man-made wetland created in 1953 at the confluence of Beas and Sutlej rivers, was designated as a Ramsar site in 1990 for its international significance. ... INTACH Punjab convener Major General Balwinder Singh stressed the need to protect and develop the biodiversity hotspot ...

### ...expert share valuable insights

## '...ਸਿੰਦੂਰ' ਨੇ ਭਾਰਤ ਦੀ ਸਮਰੱਥਾ ਨੂੰ ...ਤ ਕੀਤਾ: ਕਰਨਲ ਸੋਫੀਆ ਕੁਰੈਸ਼ੀ



ਕੁਰੈਸ਼ੀ ਵਲੋਂ ਫੌਜ ਦੇ ਅਧਿਕਾਰੀਆਂ ਸਣੇ ਜਾਣਕਾਰੀ ਨਸ਼ਰ ਕੀਤੀ ਜਾਂਦੀ ਰਹੀ ਹੈ। ਭਾਰਤ ਨੇ 7 ਮਈ ਨੂੰ ਸਵੇਰੇ ਅਪਰੇਸ਼ਨ ਸਿੰਧੂਰ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾਂ ਪਾਕਿਸਤਾਨ ਆਧਾਰਿਤ ਦਹਿਸ਼ਤਗਰਦਾਂ ਨੇ 22 ਅਪਰੈਲ ਨੂੰ ਪਹਿਲਗਾਮ ਵਿਚ ਭਾਰਤੀ ਸੈਲਾਨੀਆਂ ਦੀ ਹੱਤਿਆ ਕਰ ਦਿੱਤੀ ਸੀ। ...

## ਇਜ਼ਰਾਈਲੀ ਫੌਜਾਂ ਵੱਲੋਂ ਸੀਰੀਆ ਦੇ ਰਾਸ਼ਟਰਪਤੀ ਭਵਨ 'ਤੇ ਹ...



ਇਜ਼ਰਾਈਲੀ ਹਵਾਈ ਸੈਨਾ ਨੇ ਸ਼ੁੱਕਰਵਾਰ ਤੜਕੇ ਸੀਰੀਆ ਦੇ ਰਾਸ਼ਟਰਪਤੀ ਭਵਨ ਦੇ ਨੇੜੇ ਹਮਲਾ ਕੀਤਾ। ...

## ਆਸਟ੍ਰੇਲੀਆ 'ਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੁਲਜ਼ਮ ਦਾ ਵੀਜ਼ਾ ਰੱਦ



## ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਕਿੰਨੇ ਭਾਰਤੀਆਂ ਨੂੰ ਅਮਰੀਕਾ ਨੇ ਦਿਖਾਇਆ ਬਾਹਰ ਦਾ ਰਸਤਾ?



## ...entre for stray dogs launched in Moga village



The project's success is credited to Surinder Pal Sharma, an NRI who, with the support of local leaders has been working for two years to modernize his native village. The initiative has received strong backing from NRIs and locals alike.

The event of laying the foundation stone was led by Dr JPS Gill, Vice Chancellor of Guru Angad Dev Veterinary and Animal Sciences University, and attended by Dr Satbir Singh Gosal, Vice Chancellor of Punjab Agricultural University, Shri Bal Mukund Sharma, Chairman of the Punjab State Food Commission, moderated the ceremony. Other key attendees included senior civil and police officials such as Amardeep Singh Rai (ADGP, Traffic) and Kahan Singh Pannu (former ...

## ਰੂਸ ਨੇ ਯੂਕਰੇਨ ਦੇ ਊਰਜਾ ਢਾਂਚੇ ਨੂੰ ਨਿਸ਼ਾਨਾ ਬਣਾਇਆ

## ਵਿਦੇਸ਼ਾਂ ਵਿੱਚ ਅਣਅਧਿ...

## ਪਾਕਿ ਫੌਜ ...

# ਮਨੀਪੁਰ: ਇੰਫਾਲ ਪੱਛਮੀ ਜ਼ਿਲ੍ਹੇ ਦੇ ਪਿੰਡ 'ਤੇ ਅਤਿਵਾਦੀ ਹਮਲਾ



...ਦੇ ਇੰਫਾਲ ਪੱਛਮੀ ...ਕਦੰਗਬੰਦ ਪਿੰਡ 'ਚ ਦੇਰ ...ਤਿਵਾਦੀਆਂ ਨੇ ਹਮਲਾ ... ਇਸੇ ਦੌਰਾਨ ਸੁਰੱਖਿਆ ...ਤਲਾਸ਼ੀ ਮੁਹਿੰਮ ਦੌਰਾਨ ...ਹਥਿਆਰ ਤੇ ...ਬਰਾਮਦ ਕੀਤੇ ...

# 'Fantastic start to 2025': Diljit Dosanjh meets PM Modi



...abi singer-actor Diljit Dosanjh on ...nesday met Prime Minister Narendra ... for the first time ... termed the meeting a fantastic start to ... The singer, who recently concluded ... months-long pan-India Dil-Luminati tour, took to social media ... posted glimpses of meeting with the PM.

Dosanjh's X post and ... "A great interaction with Diljit Dosanjh! He's truly multi... eted, blending talent and ... dition. We ..." ...antastic start to 2025. A memorable meeting with PM ...arendramodi ji. We talked ...

# Kathmandu-bound flight makes emergency landing after tech. snag



...private airline's ...ght with 82 ...eople on board ...ade an emergency landing at ...e Gautam Buddha International Airport in Nepal's ...mbini province ... Saturday after experiencing a technical problem ... passengers and crew members were accounted as safe, ac...rding to airport officials.

## ਡੈੱਡਲਾਈਨ ਖਤਮ ਹੋਣ ਤੋਂ ਬਾਅਦ ਪਾਕਿ ਨਹੀਂ ਜਾ ਸਕੀਆਂ ਦੋ ਬਜ਼ੁਰਗ ਭੈਣਾਂ, ਨਹੀਂ ਖੋਲ੍ਹੇ ਗਏ ਗੇਟ



ਭਾਰਤ-ਪਾਕਿਸਤਾਨ ਦਰਮਿਆਨ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਬਣੇ ਤਣਾਅ ਦੇ ਤਹਿਤ ਭਾਰਤ ਸਰਕਾਰ ਨੇ ਆਦੇਸ਼ ਜਾਰੀ ਕੀਤੇ ਸਨ ਕਿ ਭਾਰਤ ਵਿਚ ਜੋ ਵੀ ਪਾਕਿਸਤਾਨੀ ਪਾਸਪੋਰਟ ਧਾਰਕ ਹਨ, ਉਹ 30 ਅਪ੍ਰੈਲ ਤੱਕ ਪਾਕਿਸਤਾਨ ਵਾਪਸ ਚਲੇ ਜਾਣ। ਵਾਪਸ ਨਾ ਜਾਣ ਦੀ ਸੂਰਤ ਵਿਚ ਉਹ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਭਾਰਤ ਸਰਕਾਰ ਵੱਲੋਂ 30 ਅਪ੍ਰੈਲ ਦੀ ਗਈ ਡੈੱਡਲਾਈਨ ਖਤਮ ਹੋਣ ਤੋਂ ਬਾਅਦ ਵੀ ਵੀਰਵਾਰ ਕਈ ਪਾਕਿ ਪਾਸਪੋਰਟ ਧਾਰਕ ਪਾਕਿ ਜਾਣ ਲਈ ਅਟਾਰੀ ਬਾਰਡਰ 'ਤੇ ਪਹੁੰਚੇ ਪਰ ਪਾਕਿ ਦਰਮਿਆਨ ਉਹ ਗੇਟ ਜਿੱਥੋਂ ਦੀ ਦੋਵਾਂ ਦੇਸ਼ਾਂ ਦੇ ਵਸਨੀਕ ਇੱਕ ...

## Six Naxals arrested, explosives seized in Chhattisgarh



Six Naxalites have been arrested from Sukma and Bijapur districts of Chhattisgarh, police said on Saturday.

Podiyam Nanda (40) who carried a reward of Rs 2 lakh on his head, Hemla Joga (28), and Hemla Ganga (45) were arrested and explosives were seized from them in Sukma district on Friday, a senior police official said.

They were apprehended from a forest in Rabdipara village under the Kerlapal police station limits during an anti-Naxal operation of the District Reserve Guard (DRG), local police and 159th battalion of Central Reserve Police Force (CRPF). Nanda was active as a militia commander under Kerlapal Area Committee of the outlawed Maoist organization while the other two were its members, the official said.

Two 'tiffin-bombs' weighing 3 kg each, three detonators, two gelatin rods, cordex wires, electric fuse wires and two batteries were recovered from them, he added.

In Bijapur district, three lower-rung Maoist cadres, identified as Sukki Hemla (50), Soma Uika (35) and Kallu Hapka (22), were apprehended on Saturday from a forest between Pedda Korma-Bodla-Pusnar villages under Bijapur police station limits during another operation, an official said.

The DRG, local police, along with 222nd battalion of CRPF as well as 201st and 202nd battalions of CRPF's elite Commando Battalion for Resolute Action (CoBRA) were out on an operation in the area, he added.

Maoist uniforms, Naxal literature, a colour printer machine and other items were recovered from their possession, it was said.

The trio were involved in a gunfight with security forces on July 29 in the forest of Pedda Korma-Bodla-Pusnar village of the district, the official added.

18 arrested over communal vio...

Faced tortu...

## ਸੜਕ 'ਤੇ ਬਹਿਸਣਾ ਭਾਰਤੀ ਜੋੜੇ ਨੂੰ ਪਿਆ ਭਾਰੀ; ਪੁਲੀਸ ਸਖ਼ਤੀ ਕਾਰਨ ਵਿਅਕਤੀ ਦੀ ਜਾਨ 'ਤੇ ਬਣੀ



## ਮਾਇਆਵਤੀ ਨੇ ਆਪਣੇ ਉਤਰਾਧਿਕਾਰੀ ਆਕਾਸ਼ ਆਨੰਦ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ



ਬਹੁਜਨ ਸਮਾਜ ਪਾਰਟੀ (ਬਸਪਾ) ਸੁਪਰੀਮੋ ਮਾਇਆਵਤੀ ਨੇ ਆਪਣੇ ਉਤਰਾਧਿਕਾਰੀ ਆਕਾਸ਼ ਆਨੰਦ ਨੂੰ ਅੱਜ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ। ਮਾਇਆਵਤੀ ਨੇ ਰਾਜਧਾਨੀ ਲਖਨਊ ਵਿਚ ਪਾਰਟੀ ਦੀ ਕਾਰਜਕਾਰਨੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ। ...

ਬਹੁਜਨ ਸਮਾਜ ਪਾਰਟੀ (ਬਸਪਾ) ਸੁਪਰੀਮੋ ਮਾਇਆਵਤੀ ਨੇ ਇਸ ਤੋਂ ਪਹਿਲਾਂ ਆਪਣੇ ਭਤੀਜੇ ਆਕਾਸ਼ ਆਨੰਦ ਦੇ ਸਹੁਰੇ ਅਸ਼ੋਕ ਸਿਧਾਰਥ ਨੂੰ ਗੁੱਟਬਾਜ਼ੀ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਉਂਦਿਆਂ ਬਸਪਾ ਵਿੱਚੋਂ ਕੱਢ ਦਿੱਤਾ ਸੀ। ਆਨੰਦ (30) ਬਸਪਾ ਦਾ ਕੌਮੀ ਕੋਆਰਡੀਨੇਟਰ ਅਤੇ ਮਾਇਆਵਤੀ ਦਾ ਸਿਆਸੀ ਉਤਰਾਧਿਕਾਰੀ ਸੀ। ...

# ਨਿੱਕੀਆਂ ਜਿੰਦਾਂ ਵੱਡੇ ਸਾਕੇ



ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈਸਵੀ ਤੇ ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ. ਨੂੰ ਹੋਇਆ ਸੀ। ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, ਸੰਮਤ 1753 ਬਿਕਰਮੀ ਨੂੰ ਮਾਤਾ ਜਤੋ ਜੀ ਦੀ ਕੁੱਖੋਂ ਆਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਬਾਬਾ ਜ਼ੋਰਾਵਰ ਸਿੰਘ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫਤਿਹ ਸਿੰਘ ਦੀ ਲਗਪਗ 7 ਸਾਲ ਸੀ। ਲਾਸਾਨੀ ਕੁਰਬਾਨੀ ਦੇ ਕਾਰਨ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਨਮਾਨਿਆ ਜਾਂਦਾ ਹੈ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਅਤੇ ਇਸ ਨਾਲ ਸਬੰਧਤ ਘਟਨਾਵਾਂ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਇੱਕੀ ਦਸੰਬਰ 1704 ਈ. (ਸੰਮਤ 1761 ਬਿਕਰਮੀ) ਨੂੰ ਗੁਰੂ ਜੀ ਫ਼ੌਜਾਂ ਅਤੇ ਲਾਡਲੇ ਸਾਹਿਬਜ਼ਾਦਿਆਂ ਸਮੇਤ ਥੋੜ੍ਹੀ ਹੀ ਦੂਰ ਗਏ ਸਨ ਕਿ ਮੁਗ਼ਲ ਸੈਨਾ ਨੇ ਪਿੱਛਿਓਂ ਆ ਕੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਅੱਗੇ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਸਰਸਾ ਨੂੰ ਪਾਰ ਕਰਦੇ ਸਮੇਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਕਈ ਸਿੰਘ ਵੀ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪੁੱਜੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਨ੍ਹਾਂ ਦੇ ਪਿੰਡ ਖੇੜੀ ਨੇੜੇ ਮੋਰਿੰਡਾ ਕੋਲ ਜਾ ਪਹੁੰਚੇ। ਗੰਗੂ ਰਸੋਈਆ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇਕ ਕਮਰਾ ਦਿੱਤਾ। ਗੰਗੂ ਆਖ਼ਰ ਇਕ ਨੌਕਰ ਸੀ, ਉਹ ਗੁਰੂ ਦਾ ਸਿੱਖ ਨਹੀਂ ਸੀ। ਉਸ ਦੇ ਘਰਦਿਆਂ ਨੇ ਪ੍ਰੇਰਿਆ ਹੋਣੈ ਕਿ ਸਰਕਾਰ ਦੇ ਐਲਾਨੇ ਬਾਗ਼ੀ ਦੇ ਪਰਿਵਾਰ ਨੂੰ ਘਰ ਵਿਚ ਪਨਾਹ ਦੇ ਕੇ ਉਹ ਆਪਣੇ ਪਿੰਡ ਲਈ ਮੁਸੀਬਤ ਸਹੇੜ ਰਿਹਾ ਹੈ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਉਸ ਨੇ ਆਪਣੇ ਮਾਲਕ ਨਾਲ ਬੇਵਫ਼ਾਈ ਕੀਤੀ। ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ ਉਹ ਰਾਤ ਨੂੰ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੀ ਬਦਨੀਅਤ ਨੂੰ ਪਹਿਲਾਂ ਹੀ ਭਾਂਪ ਗਏ ਸਨ।

ਅਗਲੀ ਸਵੇਰ 9 ਪੋਹ (23 ਦਸੰਬਰ) ਨੂੰ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਇਹ ਸੂਚਨਾ ਦੇਣੀ ਕਿ ਗੁਰੂ ਜੀ ਦੇ ਸਤਿਕਾਰਯੋਗ ਮਾਤਾ ਜੀ ਅਤੇ ਉਨ੍ਹਾਂ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿਚ ਲਿਆਂਦੇ ਹੋਏ ਹਨ। ਮਾਤਾ ਜੀ ਦਾ ਮਾਲ-ਧਨ ਚੋਰਾਂ ਵਾਂਗ ਰਾਤ ਨੂੰ ਚੁਰਾ ਲੈਣ ਤੋਂ ਪਿੱਛੋਂ ਗੰਗੂ ਸਵੇਰੇ ਸੱਚਾ ਬਣਨ ਲਈ ਸਰਕਾਰ ਦੀਆਂ ਨਜ਼ਰਾਂ 'ਚ ਮੁਖ਼ਬਰ ਬਣ ਕੇ ਇਨਾਮ ਦਾ ਹੱਕਦਾਰ ਬਣ ਰਿਹਾ ਸੀ। ਮੋਰਿੰਡੇ ਦਾ ਕੋਤਵਾਲ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ 10 ਪੋਹ (ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖ਼ੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਰੀਤੀ ਚਲੀ ਆ ਰਹੀ ਹੈ :

*ਸੀਸੁ ਦੀਆ ਪਰ ਸਿਰਰੁ ਨ ਦੀਆ*

..

(ਦਸਮ ਗ੍ਰੰਥ ਸਾਹਿਬ ਜੀ, ਅੰਗ 54)

ਉਹ ਕਿਵੇਂ ਝੂਠ, ਡਰਾਵੇ ਅਤੇ ਫੋਕੇ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਸਨ। ਕੋਈ ਵੱਸ ਨਾ ਚੱਲਦਾ ਵੇਖ ਸੂਬੇਦਾਰ ਨੇ ਆਪਣੀ ਹਾਰ ਸਮਝਦਿਆਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦੇਣ ਦਾ ਫ਼ੈਸਲਾ ਦੇ ਦਿੱਤਾ। ਨਵਾਬ ਮਲੇਰਕੋਟਲਾ ਵੀ ਉਸ ਸਮੇਂ ਉੱਥੇ ਹੀ ਸੀ। ਉਸ ਨੇ ਸੂਬੇਦਾਰ (ਵਜ਼ੀਰ ਖਾਂ) ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਕਿ ਵਜ਼ੀਰ ਖਾਂ, "ਤੇਰਾ ਝਗੜਾ ਗੁਰੂ ਗੋਬਿੰਦ ਸਿੰਘ ਨਾਲ ਹੈ, ਉਸ ਨਾਲ ਤੂੰ ਜੰਗ ਕਰਦਾ ਵੀ ਚੰਗਾ ਲੱਗਦਾ ਹੈਂ। ਇਨ੍ਹਾਂ ਨਿੱਕੇ ਜਿਹੇ ਮਾਸੂਮ ਬੱਚਿਆਂ ਨੇ ਤੇਰਾ ਕੀ ਵਿਗਾੜਿਆ ਹੈ ? ਇਨ੍ਹਾਂ ਨੂੰ ਮਾਰਨਾ ਤੇਰੀ ਬੁਜ਼ਦਿਲੀ ਹੋਵੇਗੀ।" ਡਾ. ਹਰਚੰਦ ਸਿੰਘ ਸਰਹਿੰਦੀ ਤੇ ਹੋਰ ਕਈ ਲੇਖਕਾਂ ਅਨੁਸਾਰ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ ਰਹੀ। 13 ਪੋਹ (27 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਸੂਬੇਦਾਰ ਦੇ ਹੁਕਮ ਨਾਲ ਸਮਾਣੇ ਦੇ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਜਾਣ ਬਾਰੇ ਦੱਸਿਆ ਹੈ। ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿਚ ਨਾ ਆਏ।

ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ 78000 ਸੋਨੇ ਦੀ ਮੋਹਰਾਂ ਖੜ੍ਹੀਆਂ ਜ਼ਮੀਨ 'ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖ਼ਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੁਏਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ। ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਹੈ। ਜਿੱਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ। ਇਹ ਗੁਰਦੁਆਰਾ ਸਰਹਿੰਦ-ਚੂੰਗੀ ਸੜਕ 'ਤੇ ਸਥਿਤ ਹੈ। ਗੁਰਦੁਆਰਾ ਸ੍ਰੀ ਫਤਿਹਪੁਰ ਸਾਹਿਬ ਸਰਹਿੰਦ-ਮੋਰਿੰਡਾ ਸੜਕ 'ਤੇ ਸਥਿਤ ਹੈ। ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ 'ਚ ਹਰ ਸਾਲ ਹੁੰਦੇ ਸਮਾਗਮ ਨੂੰ ਸ਼ਹੀਦੀ ਸਭਾ, ਜੋੜ-ਮੇਲਾ, ਸ਼ਹੀਦੀ ਦਿਹਾੜਾ ਕਿਹਾ ਜਾਂਦਾ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਸ਼ਹੀਦੀ ਸਭਾ ਤੇ ਜਾਣ ਦਾ ਮੌਕਾ ਪ੍ਰਾਪਤ ਹੋਇਆ। ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਸਮਾਗਮ ਸੀ। ਗੁਰਦੁਆਰਾ ਫਤਿਹਗੜ੍ਹ ਸਾਹਿਬ ਪਹੁੰਚਣ ਲਈ ਤਿੰਨ-ਚਾਰ ਕਿਲੋਮੀਟਰ ਪੈਦਲ ਤੁਰਨਾ ਪਿਆ। ਲੱਖਾਂ ਹੀ ਸੰਗਤਾਂ ਦਾ ਇਕੱਠ ਸੀ। ਥਾਂ-ਥਾਂ ਗੁਰੂ ਕਾ ਲੰਗਰ, ਜਲੇਬੀਆਂ, ਲੱਡੂ, ਬਰੈੱਡ-ਪਕੌੜੇ, ਮਠਿਆਈਆਂ (ਵੇਸਣ ਦੀ ਬਰਫ਼ੀ), ਬਾਲੂਸ਼ਾਹੀ, ਖੀਰ, ਪੂੜੇ ਆਦਿ ਵਰਤਾਏ ਜਾ ਰਹੇ ਸਨ। ਕਈ ਲੰਗਰਾਂ 'ਚ ਤਾਂ ਲਾਊਡ ਸਪੀਕਰਾਂ ਰਾਹੀਂ ਸੰਗਤਾਂ ਨੂੰ ਲੰਗਰ ਛਕਣ ਲਈ ਆਖਿਆ ਜਾ ਰਿਹਾ ਸੀ। ਬਦਾਮਾਂ ਵਾਲੀ ਖੀਰ ਇੱਥੇ ਮਿਲਦੀ ਹੈ, ਆਦਿ ਲਿਖ ਕੇ ਲਗਾਇਆ ਹੋਇਆ ਸੀ।

ਲੇਖਕ ਨੇ ਆਪਣੀ ਪਤਨੀ ਨਾਲ ਸੁਭਾਵਿਕ ਹੀ ਗੱਲ ਕੀਤੀ ਕਿ ਛੋਟੇ ਸਾਹਿਬਜ਼ਾਦਿਆਂ ਨੇ ਤਾਂ ਨੀਹਾਂ 'ਚ ਚਿਣ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ। ਫਿਰ ਇਹ ਜਲੇਬੀਆਂ, ਬਰੈੱਡ, ਪਕੌੜਿਆਂ ਤੇ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਕਿਉਂ ਲਗਾਏ ਜਾਂਦੇ ਹਨ ? ਇਹ ਤਾਂ ਸ਼ਹੀਦੀ ਦਿਵਸ ਹੈ, ਕੋਈ ਅਵਤਾਰ ਗੁਰਪੁਰਬ ਨਹੀਂ। ਇਕ ਸੱਜਣ ਨੇ ਇਹ ਵੀ ਕਿਹਾ ਤੇ ਮੈਂ ਸੁਣਿਆ ਵੀ ਹੈ ਕਿ ਇੱਥੋਂ ਦੇ ਲੋਕ 1 ਹਫ਼ਤਾ ਚੱਲਣ ਵਾਲੇ ਸ਼ਹੀਦੀ ਸਮਾਗਮ ਮੌਕੇ ਭੁੰਜੇ ਹੀ ਸੌਂਦੇ ਹਨ। ਘਰ ਦਾ ਕੋਈ ਵੀ ਜੀਅ ਮੰਜੇ, ਬੈੱਡ, ਪਲੰਘ 'ਤੇ ਆਰਾਮ ਨਹੀਂ ਕਰਦਾ। ਇਨ੍ਹਾਂ ਸਮਾਗਮਾਂ ਸਮੇਂ ਦਾਲ, ਸਬਜ਼ੀ ਤੇ ਪ੍ਰਸ਼ਾਦਿਆਂ (ਰੋਟੀ, ਫੁਲਕਾ) ਦਾ ਹੀ ਲੰਗਰ ਲਗਾਉਣਾ ਚਾਹੀਦਾ ਹੈ। ਵਿਆਹ ਤੇ ਹੋਰ ਖ਼ੁਸ਼ੀ ਦੇ ਸਮਾਗਮ ਨਹੀਂ ਕਰਨੇ ਚਾਹੀਦੇ, ਸ਼ਹੀਦਾਂ ਦੀਆਂ ਕਵਿਤਾਵਾਂ ਤੇ ਸਾਖੀਆਂ ਹੀ ਸੁਣਨੀਆਂ ਚਾਹੀਦੀਆਂ ਹਨ। ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਸਥਾਪਿਤ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਹਰ ਸਾਲ ਜਦੋਂ ਸ਼ਹੀਦੀ ਸਭਾ ਦਾ ਦਿਨ ਨੇੜੇ ਆਉਂਦਾ ਹੈ ਤਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਾਕਾ ਅੱਖਾਂ ਅੱਗੇ ਆ ਜਾਂਦਾ ਹੈ। ਨੌਂ ਤੇ ਸੱਤ ਸਾਲ ਦੀ ਉਮਰ 'ਚ ਸਾਹਿਬਜ਼ਾਦਿਆਂ ਨੇ ਸੂਬੇਦਾਰ ਦੀ ਕਚਹਿਰੀ 'ਚ ਜੋ ਜਵਾਬ ਦਿੱਤੇ, ਉਹ ਰੌਂਗਟੇ ਖੜ੍ਹੇ ਕਰਨ ਵਾਲੇ ਸਨ।

ਕਰਨੈਲ ਸਿੰਘ ਐੱਮਏ

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਭਾਰਤੀ ਜਨਤਾ ਨੂੰ ਅਪਮਾਨਜਨਕ ਜ਼ਿੰਦਗੀ 'ਚੋਂ ਕੱਢ ਕੇ ਇਕ ਨਰੋਆ, ਸੰਤੁਲਿਤ, ਮਨੁੱਖੀ-ਬਰਾਬਰੀ, ਸਾਂਝੀਵਾਲਤਾ, ਗੈਰਤ, ਗੌਰਵ ਅਤੇ ਅਣਖ-ਭਰਪੂਰ ਜੀਵਨ ਮੁਹੱਈਆ ਕਰਾਉਣ ਹਿੱਤ ਗੁਰੂ ਸਾਹਿਬਾਨ ਨੇ ਇਕ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਸ ਨਵੀਂ ਰੋਸ਼ਨੀ ਦੇ ਪ੍ਰਕਾਸ਼ ਨਾਲ ਭਾਰਤੀ ਸਮਾਜ ਦੇ ਹਰ ਪਹਿਲੂ ਉੱਤੇ ਕਾਬਜ਼ ਲੋਕਾਂ ਨੇ ਡੱਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਕ ਟਕਰਾਅ ਆਰੰਭ ਹੋ ਗਿਆ।

ਇਸ ਲੰਮੇ ਸੰਘਰਸ਼ ਦੌਰਾਨ ਗੁਰੂ ਪਰਿਵਾਰਾਂ, ਅਣਗਿਣਤ ਸਿੰਘਾਂ-ਸਿੰਘਣੀਆਂ ਅਤੇ ਭੁਝੰਗੀਆਂ ਨੂੰ ਤਸੀਹੇ ਝੱਲਣੇ ਪਏ। ਜੰਗਲਾਂ ਵਿਚ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਲਾਮਿਸਾਲ ਸ਼ਹੀਦੀਆਂ ਪਾ ਕੇ ਦੇਸ਼ ਦੇ ਧਰਮ, ਗੌਰਵ, ਅਣਖ, ਹੋਂਦ-ਹਸਤੀ ਨੂੰ ਬਚਾਅ ਲਿਆ। ਇਨ੍ਹਾਂ ਲਾਮਿਸਾਲ ਸ਼ਹੀਦੀਆਂ ਨੂੰ ਹਰ ਰੋਜ਼ ਸਮੁੱਚਾ ਸਿੱਖ ਜਗਤ ਅਰਦਾਸ ਵਿਚ ਯਾਦ ਕਰ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਇਹ ਦਿਲ ਨੂੰ ਕੰਬਾਅ ਦੇਣ ਵਾਲਾ ਘੋਰ ਪਾਪ ਅਤੇ ਘਿਨਾਉਣੇ ਜ਼ੁਲਮ ਦਾ ਸਾਕਾ ਹੈ। ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ। ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ, ਦ੍ਰਿੜ੍ਹਤਾ ਅਤੇ ਸਿੱਖ-ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। 8 ਪੋਹ 1761 ਬਿਕ੍ਰਮੀ ਨੂੰ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਲੜਦੇ ਹੋਏ ਸ਼ਹੀਦ ਹੋ ਗਏ। 13 ਪੋਹ 1761 ਬਿਕ੍ਰਮੀ ਨੂੰ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸੂਬਾ ਸਰਹਿੰਦ ਵਲੋਂ ਜਿਊਂਦੇ-ਜੀਅ ਕੰਧਾਂ ਵਿਚ ਚਿਣਵਾ ਕੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਇਸ ਸ਼ਹਾਦਤ ਦੀ ਮਹਾਨਤਾ ਬਾਰੇ 'ਮੈਥਿਲੀ ਸ਼ਰਣ ਗੁਪਤ' ਨੇ ਲਿਖਿਆ ਹੈ :

*ਜਿਸ ਕੁਲ ਜਾਤੀ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ।*

*ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ਯ ਹੈ ਮਹਾਂ ਮਹਾਨ।*

ਖਾਲਸਾ ਸਦਗੁਣ ਭਰਪੂਰ ਨਿਰਾਲੀ ਸ਼ਖ਼ਸੀਅਤ ਹੈ। ਖਾਲਸਾ ਗੁਰੂ ਨੂੰ ਤਨ, ਮਨ ਤੇ ਧਨ ਸੌਂਪ ਦਿੰਦਾ ਹੈ। ਜਬਰ-ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ। ਸਤਿਗੁਰਾਂ ਦਾ ਇਸ ਮਾਰਗ ਦੇ ਪਾਂਧੀ ਲਈ ਸਿਧਾਂਤ ਇਸ ਪ੍ਰਕਾਰ ਹੈ :



*ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ*

*ਇਤੁ ਮਾਰਗਿ ਪੈਰੁ ਧਰੀਜੈ ਸਿਰ ਦੀਜੈ ਕਾਣਿ ਨ ਕੀਜੈ (ਪੰਨਾ 1412)*

*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ (ਪੰਨਾ 558)*

*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ (ਪੰਨਾ 757)*

*ਅਰੁ ਸਿਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ*

*ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ (ਚੰਡੀ ਚਰਿਤ੍ਰ)*

1704 ਈ. ਵਿਚ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸਾਂਝੀ ਕਮਾਨ ਹੇਠ ਸ੍ਰੀ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ 'ਤੇ ਦੁਸ਼ਮਣ ਵਲੋਂ ਗੁਰੂ ਜੀ ਨਾਲ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਸ੍ਰੀ ਆਨੰਦਪੁਰ ਸਾਹਿਬ ਛੱਡ ਦੇਣ, ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ।

ਗੁਰੂ ਜੀ ਦੇ ਕਿਲਾ ਖਾਲੀ ਕਰ ਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। ਬੇਈਮਾਨੀ, ਵਾਇਦਾ-ਖ਼ਿਲਾਫੀ, ਚੰਗੇਜ਼ੀ ਅਤੇ ਦਰਿੰਦਗੀ ਦਾ ਘਿਨਾਉਣਾ ਕਾਰਾ ਸੀ। ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ, ਜਿਸ ਦੌਰਾਨ ਦੋਹਾਂ ਧਿਰਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸੇ ਘਮਸਾਨ ਦੇ ਯੁੱਧ ਦੌਰਾਨ ਸਤਿਗੁਰਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਵਿਛੜ ਗਿਆ। ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਇਕ ਪਾਸੇ ਨੂੰ ਵੱਖ ਹੋ ਗਏ। ਮਾਤਾ ਸੁੰਦਰੀ ਜੀ ਅਤੇ ਕੁਝ ਸਿੰਘ ਹੋਰ ਪਾਸੇ ਨੂੰ ਹੋ ਗਏ। ਦੁਨੀਆ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਇਹ ਇਕੋ-ਇਕ ਘਟਨਾ ਹੋਈ ਜਦੋਂ ਮਰਦ-ਏ-ਮੈਦਾਨ, ਸ਼ਹਿਨਸ਼ਾਹ-ਏ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਥੇ ਜੰਗ ਦਾ ਸਾਜ਼ੋ-ਸਾਮਾਨਤੀਰ, ਤੇਗ, ਢਾਲ, ਬਰਛਾ, ਛਵੀ ਆਦਿ ਸਨ, ਉਥੇ ਗੁਰਮਤਿ ਸੰਗੀਤ ਦੇ ਸਾਜ਼ ਸਿਰੰਦਾ, ਸਿਤਾਰ ਆਦਿ ਵੀ ਨਾਲ ਸਨ।

6 ਅਤੇ 7 ਪੋਹ ਦੀ ਰਾਤ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੋਇਆ। ਦੁਸ਼ਮਣਾਂ ਨੇ ਭਾਈ ਹਮਲਾ ਬੋਲਿਆ ਹੋਇਆ ਸੀ, ਪਾਤਸ਼ਾਹ ਨੇ ਆਪਣੇ ਵੱਡੇ ਸਪੁੱਤਰ ਬਾਬਾ ਅਜੀਤ ਸਿੰਘ, ਭਾਈ ਜੀਵਨ ਸਿੰਘ (ਜੈਤਾ ਜੀ), ਭਾਈ ਉਦੇ ਸਿੰਘ ਨੂੰ ਹੋਰ ਸਿੰਘਾਂ ਸਮੇਤ ਹਮਲਾਵਰਾਂ ਦਾ ਮੁਕਾਬਲਾ ਕਰਨ ਦਾ ਹੁਕਮ ਕੀਤਾ। ਦੂਜੇ ਪਾਸੇ ਭਾਈ ਦਇਆ ਸਿੰਘ ਆਦਿ ਨੂੰ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਅਨੁਸਾਰ 'ਆਸਾ ਕੀ ਵਾਰ' ਦਾ ਕੀਰਤਨ ਕਰਨ ਲਈ ਕਿਹਾ। ਅਜਿਹਾ ਕਾਰਜ ਕੇਵਲ ਤੇ ਕੇਵਲ ਦਸਮੇਸ਼ ਪਿਤਾ ਹੀ ਕਰ ਸਕਦੇ ਸਨ, ਜਦੋਂ ਅਜਿਹੇ ਅਤਿ ਬਿਖਮ, ਖ਼ਤਰੇ ਭਰਪੂਰ ਹਾਲਾਤ ਵਿਚ ਅਤੇ ਮੈਦਾਨ-ਏ-ਜੰਗ ਵਿਚ ਉਹ ਆਪਣਾ 'ਫਰਜ਼-ਏ-ਇਲਾਹੀ' ਨਹੀਂ ਭੁੱਲੇ।

ਦੁਨੀਆ ਦੇ ਇਤਿਹਾਸ ਵਿਚ ਇਹ ਇਕੋ-ਇਕ ਅਲੋਕਾਰੀ ਅਤੇ ਨਿਵੇਕਲੀ ਘਟਨਾ ਸੀ। ਸਰਸਾ ਨਦੀ ਵਿਚ ਭਾਰੀ ਹੜ੍ਹ ਅਤੇ ਦੁਸ਼ਮਣਾਂ ਦਾ ਜ਼ੋਰਦਾਰ ਹਮਲਾ ਇਉਂ ਜਾਪਦਾ ਸੀ ਜਿਵੇਂ ਦੋਵੇਂ ਇਕ-ਦੂਜੇ ਨਾਲ ਇਸ ਘਿਨਾਉਣੇ ਕਾਰਨਾਮੇ ਵਿਚ ਸ਼ਾਮਿਲ ਹੋ ਗਏ ਹੋਣ। ਭਾਵੇਂ ਇਸ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ ਪਰ ਦੁਸ਼ਮਣ ਦੇ ਦੰਦ ਖੱਟੇ ਕਰ ਦਿੱਤੇ। ਜਿਥੋਂ ਗੁਰੂ ਸਾਹਿਬ ਦੇ ਕਾਫ਼ਲੇ ਨਾਲੋਂ ਗੁਰੂ-ਪਰਿਵਾਰ ਵਿਛੜਿਆ, ਉਸ ਸਥਾਨ ਉੱਤੇ ਗੁਰਦੁਆਰਾ 'ਪਰਿਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ, ਜੋ ਇਤਿਹਾਸ ਦੀ ਇਸ ਦਰਦਨਾਕ ਘਟਨਾ ਦੀ ਯਾਦ ਨੂੰ ਸੰਭਾਲੇ ਹੋਏ ਹੈ। ਉਪਰੰਤ ਸਰਸਾ ਪਾਰ ਕਰ ਕੇ ਗੁਰੂ ਜੀ ਨੇ ਇਕ ਦਿਨ ਰੋਪੜ ਦੇ ਨੇੜੇ ਨਿਹੰਗ ਖਾਨ ਦੀ ਗੜ੍ਹੀ (ਕੋਟਲਾ ਨਿਹੰਗ ਖਾਨ) ਵਿਚ ਬਿਤਾਇਆ।

ਰਾਤ ਨੂੰ ਅੱਗੇ ਚੱਲ ਪਏ ਪਰ ਦੁਸ਼ਮਣ ਦੀਆਂ ਫੌਜਾਂ ਨੇ ਵੀ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਦਾਖਲ ਹੋ ਕੇ ਮੋਰਚਾਬੰਦੀ ਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਪੰਜ ਪਿਆਰਿਆਂ ਸਮੇਤ ਚਾਲੀ ਕੁ ਸਿੰਘ ਸਨ। ਦੁਸ਼ਮਣ ਦੀ ਦਸ ਲੱਖ ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਜੰਗ ਹੁੰਦੀ ਰਹੀ। ਸ਼ਾਮ ਤਕ ਗੁਰੂ ਜੀ ਕੋਲ ਤਕਰੀਬਨ ਸਾਰਾ ਗੋਲੀ-ਸਿੱਕਾ ਖਤਮ ਹੋ ਗਿਆ। ਹੁਣ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਲੜਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਆਪ ਵਾਰੋ-ਵਾਰੀ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਪੂਰੇ ਸ਼ਸਤਰ ਸਜਾ ਕੇ ਮੈਦਾਨ-ਏ-ਜੰਗ ਵਿਚ ਭੇਜਿਆ। ਅੰਤ ਵੱਡੇ ਜੰਗਜੂ ਯੋਧਿਆਂ ਵਾਲੇ ਜੌਹਰ ਵਿਖਾਉਂਦਿਆਂ ਸਾਥੀ ਸਿੰਘਾਂ ਦੇ ਨਾਲ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬੜੀ ਸੂਰਮਗਤੀ ਨਾਲ ਗੁਰੂ ਜੀ ਦੇ ਸਾਹਮਣੇ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਅਜੇ ਜਵਾਨੀ ਵਿਚ ਪੈਰ ਰੱਖਿਆ ਹੀ ਸੀ। ਬਾਬਾ ਜੁਝਾਰ ਸਿੰਘ ਜੀ ਤਾਂ ਅਜੇ ਕਿਸ਼ੋਰ ਅਵਸਥਾ ਵਿਚ ਸਨ। ਇਰਾਕ ਦੇਸ਼ ਦੇ ਸ਼ਹਿਰ ਕਰਬਲਾ ਦੇ ਮੈਦਾਨ ਵਿਚ ਹਸਨ-ਹੁਸੈਨ ਦੀ ਸ਼ਹੀਦੀ ਤੋਂ ਇਲਾਵਾ ਦੁਨੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਸਤਿਗੁਰੂ ਜੇਕਰ ਚਾਹੁੰਦੇ ਤਾਂ ਆਪਣੇ ਸਪੁੱਤਰਾਂ ਨੂੰ ਬਚਾਉਣ ਲਈ ਯਤਨ ਕਰ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।

ਮਹਾਨ ਸ਼ਹੀਦਾਂ ਦਾ ਪਵਿੱਤਰ ਖ਼ੂਨ ਡੁੱਲ੍ਹਣ ਨਾਲ ਚਮਕੌਰ ਦੀ ਧਰਤੀ ਚਮਕੌਰ ਸਾਹਿਬ ਬਣ ਗਈ ਅਤੇ ਇਥੇ ਚਮਕੌਰ ਸਾਹਿਬ ਦੀ ਇਤਿਹਾਸਿਕ ਜੰਗ ਦੀ ਯਾਦ ਵਿਚ ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਕੱਚੀ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸੁਸ਼ੋਭਿਤ ਹੈ। ਇਸ ਮਹਾਨ ਪਵਿੱਤਰ ਸ਼ਹੀਦੀ ਅਸਥਾਨ ਉੱਤੇ ਹਰ ਸਾਲ ਸਿੱਖ ਸੰਗਤਾਂ ਜੋੜ-ਮੇਲੇ 'ਤੇ ਇਕੱਤਰ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਪੁੱਤਰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਸਿੱਖ ਇਤਿਹਾਸ ਵਿਚ ਚਮਕਦੇ ਧਰੂ ਤਾਰੇ ਦੇ ਵਾਂਗ ਹਨ। ਉਨ੍ਹਾਂ ਦਾ ਜਨਮ 14 ਦਸੰਬਰ 1699 ਈ: 'ਚ ਮਾਤਾ ਜੀਤੋ ਜੀ ਦੀ ਕੁੱਖੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੂਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਆਨੰਦਪੁਰ ਸਾਹਿਬ ਛੱਡਣ ਪਿੱਛੋਂ ਸਰਸਾ ਨਦੀ ਦੇ ਕੰਢੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਜੀ ਦੇ ਮਾਤਾ ਗੁਜਰੀ ਜੀ ਛੋਟੇ ਸਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੇ ਘਰੇਲੂ ਰਸੋਈਏ ਗੰਗੂ ਬ੍ਰਹਾਮਣ ਸਮੇਤ, ਸਿੰਘਾਂ ਦੇ ਜਥੇ ਨਾਲੋਂ ਨਿਖੜ ਗਏ। ਰਸੋਈਆ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਵਿਖੇ ਆਪਣੇ ਘਰ ਲੈ ਆਇਆ।ਮਾਤਾ ਗੁਜਰੀ ਜੀ ਕੋਲ ਬਹੁਤ ਸਾਰੀ ਨਕਦੀ ਤੇ ਹੋਰ ਕੀਮਤੀ ਸਮਾਨ ਵੇਖ ਕੇ ਉਹ ਬੇਈਮਾਨ ਹੋ ਗਿਆ। ਉਹ ਇੰਨ੍ਹਾਂ ਨੂੰ ਫੜ੍ਹਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਅਤੇ ਸ਼ੌਹਰਤ ਲੈਣਾ ਚਾਹੁੰਦਾ ਸੀ।



ਦੂਜੇ ਦਿਨ ਸੂਬੇ ਦੇ ਹੁਕਮ ਤੇ ਮੋਰਿੰਡਾ ਥਾਣੇ ਦੀ ਪੁਲਸ ਮਾਤਾ ਜੀ ਤੇ ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦਿਆਂ ਨੂੰ ਫੜ ਕੇ ਲੈ ਗਏ ਅਤੇ ਤਿੰਨਾਂ ਨੂੰ ਸਰਹੰਦ ਦੇ ਇਕ ਠੰਡੇ ਬੁਰਜ 'ਚ ਕੈਦ ਕਰ ਦਿੱਤਾ, ਜਿੱਥੇ ਉਨ੍ਹਾਂ ਨੂੰ ਸਾਰੀ ਰਾਤ ਭੁੱਖੇ-ਤਿਹਾਏ ਰੱਖਿਆ ਗਿਆ। ਭਾਈ ਮੋਤੀ ਰਾਮ ਨੇ, ਆਪਣੇ ਪਰਿਵਾਰ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਤੱਕ ਦੁੱਧ ਪਹੁੰਚਾਇਆ। ਤਿੰਨ ਦਿਨ ਲਗਾਤਾਰ ਸਾਹਿਬਜ਼ਾਦਿਆਂ ਨੂੰ ਕਚਿਹਰੀ 'ਚ ਪੇਸ਼ ਕਰਕੇ ਇਸਲਾਮ ਕਬੂਲ ਕਰਾਉਣ ਲਈ ਕਈ ਡਰਾਵੇ ਤੇ ਲਾਲਚ ਦਿੱਤੇ ਗਏ ਪਰ ਉਹ ਅਡਿੱਗ ਰਹੇ। ਉਨ੍ਹਾਂ ਦੀ ਮਾਸੂਮੀਅਤ 'ਤੇ ਦਿਲ ਪਸੀਜਿਆ ਵੇਖ ਕਾਜ਼ੀ ਨੇ ਕਿਹਾ ਕਿ ਇਸਲਾਮ ਬੱਚਿਆਂ 'ਤੇ ਇਸ ਤਰ੍ਹਾਂ ਜ਼ੁਲਮ ਦੀ ਇਜਾਜ਼ਤ ਨਹੀਂ ਦਿੰਦਾ ਪਰ ਦੀਵਾਨ ਸੁੱਚਾ ਨੰਦ ਬ੍ਰਾਹਮਣ ਉਨ੍ਹਾਂ ਨੂੰ""ਸੱਪਾਂ ਦੇ ਪੁੱਤਰ ਸੱਪ ਹੀ ਹੁੰਦੇ ਹਨ' ਦੱਸਦਿਆਂ ਸਖ਼ਤ ਸਜ਼ਾ ਦੇਣ ਦੀ ਗੱਲ ਕਹੀ ਅਤੇ ਅਖ਼ੀਰ ਫ਼ਤਵਾ ਆਇਦ ਕਰਕੇ ਵਜ਼ੀਦੇ ਦੇ ਹੁਕਮ ਨਾਲ਼ ਉਨ੍ਹਾਂ ਨੂੰ ਜੀਉਂਦੇ ਜੀਅ ਨੀਹਾਂ 'ਚ ਚਿਣਵਾ ਦਿੱਤਾ। ਦੀਵਾਰ ਦੇ ਢਹਿ ਜਾਣ 'ਤੇ ਉਨ੍ਹਾਂ ਦੇ ਸਿਰ ਤਲਵਾਰ ਨਾਲ ਧੱੜਾਂ ਤੋਂ ਜੁੱਦਾ ਕਰ ਦਿੱਤੇ ਗਏ। ਇਸ ਤੋਂ ਇਲਾਵਾ ਵਜ਼ੀਰ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਦਲਾ ਵੀ ਲੈਣਾ ਚਾਹੁੰਦਾ ਸੀ।ਇਤਿਹਾਸਕਾਰਾਂ ਮੁਤਾਬਕ ਉਸ ਵਕਤ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਉਮਰ ਸਿਰਫ 7 ਸਾਲ ਸੀ। ਏਨੀ ਛੋਟੀ ਉਮਰ 'ਚ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਉਹ ਸੂਝ-ਬੂਝ ਸੀ, ਜਿਸ ਨਾਲ ਇਕ ਕੌਮ ਦਾ ਸਿਰ ਉੱਚਾ ਹੋ ਸਕੇ।

ਇਸ ਗੱਲ ਦੀ ਮਿਸਾਲ ਉਹ ਸਮਾਂ ਦਿੰਦਾ ਹੈ ਜਦੋਂ ਵਜ਼ੀਰ ਖਾਂ ਦੇ ਹੁਕਮਾਂ ਅਨੁਸਾਰ ਛੋਟਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਦਰਬਾਰ 'ਚ ਲਿਆਂਦਾ ਜਾ ਰਿਹਾ ਸੀ। ਉਸ ਵਕਤ ਵਜ਼ੀਰ ਖਾਨ ਦੇ ਸਿਪਾਹੀਆਂ ਨੇ ਦਰਬਾਰ ਦਾ ਵੱਡਾ ਗੇਟ ਬੰਦ ਕਰ ਦਿੱਤਾ ਸੀ ਅਤੇ ਛੋਟਾ ਗੇਟ ਅੰਦਰ ਆਉਣ ਲਈ ਖੋਲ੍ਹ ਦਿੱਤਾ ਸੀ।ਇਸ ਦੇ ਪਿੱਛੇ ਵਜ਼ੀਰ ਖਾਨ ਦਾ ਇਹ ਮਕਸਦ ਸੀ ਕਿ ਜਦੋਂ ਦੋਵੇਂ ਸਾਹਿਬਜ਼ਾਦੇ ਅੰਦਰ ਆਉਣ ਤਾਂ ਆਪਣਾ ਸਿਰ ਝੁਕਾ ਕੇ ਅੰਦਰ ਆਉਣ ਪਰ ਸਾਹਿਬਜ਼ਾਦਿਆਂ ਦੀ ਸੂਝ-ਬੂਝ ਨੇ ਵਜ਼ੀਰ ਖਾਂ ਦੀ ਇਸ ਯੋਜਨਾ 'ਤੇ ਪਾਣੀ ਫੇਰ ਦਿੱਤਾ।ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੇ ਜਿਸ ਸਮੇਂ ਉਸ ਗੇਟ 'ਚੋਂ ਲੰਘਣਾ ਸੀ, ਆਪਣਾ ਪੈਰ ਗੇਟ ਅੰਦਰ ਰੱਖਿਆ ਤੇ ਬਿਨਾਂ ਸੀਸ ਝੁਕਾਏ ਅੰਦਰ ਪਰਵੇਸ਼ ਕੀਤਾ। ਮੁਗ਼ਲ ਸਿਪਾਹੀ ਸਾਹਿਬਜ਼ਾਦਿਆਂ ਦੀ ਨਿਡਰਤਾ ਤੇ ਸੂਝ-ਬੂਝ ਤੇ ਹੈਰਾਨ ਹੋ ਗਏ। ਵਜ਼ੀਰ ਖਾਂ ਨੇ ਨਾਕਾਮੀ ਦਾ ਪ੍ਰਦਰਸ਼ਨ ਕਰਦੇ ਹੋਏ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਵਾ ਕੇ 1705 ਈ ਨੂੰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਸੀ।

# ਕੌਮ ਦੇ ਮਹਾਨ ਯੋਧੇ ਸ਼ਹੀਦ ਬਾਬਾ ਜੀਵਨ ਸਿੰਘ ਜੀ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

ਵਿਦਵਾਨਾਂ ਦੇ ਵਿਚਾਰ ਹਨ ਕਿ ਯੋਧੇ ਦੀ ਸੂਰਬੀਰਤਾ ਨੂੰ ਸਿਰਫ਼ ਇਸ ਪੈਮਾਨੇ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ ਕਿ ਉਸ ਯੋਧੇ ਨੇ ਬਹਾਦਰੀ ਦੀਆਂ ਕਿੰਨੀਆਂ ਲੰਬੀਆਂ ਮੰਜ਼ਿਲਾਂ ਤਹਿ ਕੀਤੀਆਂ ਬਲਕਿ ਇਸ ਪੈਮਾਨੇ ਨਾਲ ਮਾਪਿਆ ਜਾਣਾ ਜ਼ਰੂਰੀ ਹੈ ਕਿ ਇਹ ਮੰਜ਼ਿਲਾਂ ਤਹਿ ਕਰਨ ਲਈ ਉਸ ਨੂੰ ਕਿੰਨੀਆਂ ਰੁਕਾਵਟਾਂ ਪਾਰ ਕਰਨੀਆਂ ਤੇ ਕਿੰਨੀਆਂ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਹ ਕਥਨ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ, ਦਸਮੇਸ਼ ਗੁਰੂ ਦੀਆਂ ਫ਼ੌਜਾਂ ਦੇ ਮੁੱਖ ਜਰਨੈਲ ਤੇ ਅਨਿਨ ਸੇਵਕ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ ਜੀਵਨ 'ਤੇ ਸਹੀ ਢੁੱਕਦੇ ਹਨ।

ਬਾਬਾ ਜੀਵਨ ਸਿੰਘ ਜੀ ਦੇ ਪਰਿਵਾਰ ਦੇ ਬਜ਼ੁਰਗ ਭਾਈ ਕਲਿਆਣਾ ਜੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਕੱਥੂ ਨੰਗਲ ਤੋਂ ਸ਼ੁਰੂ ਕੀਤੀ ਗਈ ਸੇਵਾ ਬੇਦਾਗ਼ ਤੇ ਅਟੁੱਟ ਚੱਲਦੀ ਹੋਈ 23 ਦਸੰਬਰ 1704 ਨੂੰ ਲਾਮਿਸਾਲ ਸ਼ਹਾਦਤਾਂ ਨਾਲ ਸਿਰੇ ਚੜ੍ਹੀ। ਇਹ ਕਰੀਬ 235-36 ਸਾਲ ਦਾ ਲੰਬਾ ਅਰਸਾ ਬਣਦਾ ਹੈ। ਇਸ ਤੋਂ ਇਲਾਵਾ ਭਾਈ ਜੈਤਾ ਜੀ ਨੇ ਗੁਰੂ ਆਸ਼ੇ ਦੀ ਪੂਰਤੀ ਲਈ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਦਿੱਤਾ ਤੇ ਆਪਣੀ ਕੁਰਬਾਨੀ ਵੀ ਉੱਥੇ ਦਿੱਤੀ, ਜਿੱਥੋਂ ਹੋਰ ਕਈ ਸਿੱਖ ਪਾਸਾ ਵੱਟਦੇ ਦੇਖੇ ਗਏ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਕੰਕਣ 'ਸੰਖੇਪ 10 ਗੁਰੂ ਕਥਾ' ਵਿਚ ਬਿਆਨ ਕਰਦੇ ਹਨ ਕਿ ਜਦੋਂ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਚਾਂਦਨੀ ਚੌਕ ਵਿਖੇ ਕੈਦ ਵੇਲੇ 9 ਸਾਲ ਦੇ ਗੁਰੂ ਗੋਬਿੰਦ ਰਾਏ ਜੀ ਅਨੰਦਪੁਰ ਸਾਹਿਬ ਵਿਚ ਸੰਗਤਾਂ ਦੇ ਭਰੇ ਇਕੱਠ ਵਿੱਚੋਂ ਕੋਈ ਐਸਾ ਸੂਰਮਾ ਨਿਤਰਣ ਦੀ ਮੰਗ ਕਰਦੇ ਹਨ, ਜੋ ਸ਼ਹਾਦਤ ਉਪਰੰਤ ਗੁਰੂ ਪਿਤਾ ਜੀ ਦਾ ਸੀਸ ਚੁੱਕ ਕੇ ਲਿਆ ਸਕੇ ਤਾਂ ਉਦੋਂ ਔਰੰਗਜ਼ੇਬ ਦੇ ਡਰ ਕਾਰਨ ਹੋਰਨਾਂ ਸਿੱਖਾਂ ਵੱਲੋਂ ਸਹਿਮਦੇ ਹੋਏ ਚੁੱਪ ਵੱਟ ਲੈਣ ਕਾਰਨ ਭਾਈ ਜੈਤਾ ਜੀ ਨੇ ਉਠ ਕੇ ਕਿਹਾ ਸੀ ਕਿ 'ਇਹ ਸੀਸ ਮੈਂ ਲਿਆਵਾਂਗਾ।' ਇਸ ਲਾਮਿਸਾਲ ਵਫ਼ਾਦਾਰੀ ਤੇ ਕੁਰਬਾਨੀ ਦਾ ਜ਼ਿਕਰ ਕਵੀ ਕੰਕਣ ਜੀ ਨੇ ਇੰਜ ਬਿਆਨ ਕੀਤਾ ਹੈ :

*ਹੋਵੇ ਐਸਾ ਸਿੱਖ ਮਮ ਸਤਿਗੁਰ ਕਹਯਾ ਸੁਣਾਇ,*
*ਸੀਸ ਹਮਾਰੋ ਪਿਤਾ ਕਾ ਤਰਤੇ ਲਆਵੇ ਜਾਏ।*
*ਔਰ ਸਭੈ ਚੁਪ ਕਰ ਰਹੇ ਮਜ਼ਬੀ ਉਠਿਓ ਰੁਏ,*
*ਮੈਂ ਹੂੰ ਉਦਮ ਕਰੂੰਗਾ ਹੋਣੀ ਹੋਏ ਸੋ ਹੋਏ।*

ਭਾਈ ਜੈਤਾ ਜੀ ਦੇ ਪਰਿਵਾਰ ਦੀ ਲੰਬੀ ਬੇਦਾਗ਼ ਸੇਵਾ ਤੇ ਵਫ਼ਾਦਾਰੀ ਕਾਰਨ ਰੰਘਰੇਟੇ ਸਿੰਘਾਂ ਦੀ ਬਹਾਦਰੀ ਤੇ ਭਰੋਸੇਯੋਗਤਾ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰਨ ਭਰੋਸਾ ਸੀ। 11 ਨਵੰਬਰ 1675 ਨੂੰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਉਪਰੰਤ ਭਾਈ ਜੈਤਾ ਜੀ ਨੇ ਆਪਣੇ ਪਿਤਾ ਭਾਈ ਸਦਾਨੰਦ ਦੇ ਸੀਸ ਦੀ ਕੁਰਬਾਨੀ ਦੇ ਕੇ ਉਸੇ ਰਾਤ ਗੁਰੂ ਜੀ ਦਾ ਪਾਵਨ ਸੀਸ ਚੁੱਕ ਕੇ ਕਠਿਨ ਜੰਗਲੀ ਪੈਂਡਾ ਤਹਿ ਕਰਦੇ ਹੋਏ 14 ਨਵੰਬਰ 1675 ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਸੀਸ ਅਨੰਦਪੁਰ ਸਾਹਿਬ ਵਿਖੇ ਪੁੱਜਦਾ ਕੀਤਾ।

ਭਾਈ ਜੈਤਾ ਜੀ ਦੀ ਇਸ ਮਹਾਨ ਕੁਰਬਾਨੀ ਤੇ ਵਫ਼ਾਦਾਰੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੱਥੇ ਫ਼ਖ਼ਰ ਤੇ ਸੰਤੁਸ਼ਟੀ ਹੋਈ ਉੱਥੇ ਦਿੱਲੀ ਦੇ ਸਿੱਖਾਂ ਵੱਲੋਂ ਇਸ ਸ਼ਹੀਦੀ ਸਾਕੇ ਦੌਰਾਨ ਨਿਭਾਈ ਨਿਰਾਸ਼ਾਜਨਕ ਭੂਮਿਕਾ, ਜੋ ਭਾਈ ਜੈਤਾ ਜੀ ਨੇ ਅੱਖੀਂ ਡਿੱਠੀ ਦੱਸੀ ਸੀ, ਉਸ ਪ੍ਰਤੀ ਅਫ਼ਸੋਸ



ਵੀ ਹੋਇਆ। ਇਸੇ ਕਰਕੇ ਗੁਰੂ ਸੀਸ ਦੇ ਸੰਸਕਾਰ ਉਪਰੰਤ ਸੰਗਤ ਵਿਚ ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਪਿਆਰ ਨਾਲ ਗਲਵਕੜੀ 'ਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਤੇ 'ਸਿੱਖੀ ਦੇ ਰਾਖੇ' ਜਿਹੇ ਮਾਣ ਭਰੇ ਸ਼ਬਦਾਂ ਨਾਲ ਨਿਵਾਜਿਆ ਸੀ। ਇਸੇ ਵਫ਼ਾਦਾਰੀ ਕਾਰਨ ਬਾਅਦ 'ਚ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਫ਼ੌਜ ਦੇ ਮੁੱਖ ਜਰਨੈਲ, ਮੁੱਖ ਨਗਾਰਚੀ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਤੇ ਅਨੰਦਗੜ੍ਹ ਕਿਲ੍ਹੇ ਵਿਚ ਗੁਰੂ ਜੀ ਨੇ ਭਾਈ ਜੈਤਾ ਜੀ ਦੀ ਰਿਹਾਇਸ਼ ਵੀ ਆਪਣੇ ਨੇੜੇ ਹੀ ਰੱਖੀ ਸੀ।

1699 ਦੀ ਵਿਸਾਖੀ ਵੇਲੇ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਸਮੇਤ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ ਜੈਤਾ ਤੋਂ ਜੀਵਨ ਸਿੰਘ ਨਾਂ ਰੱਖਿਆ। ਉਨ੍ਹਾਂ ਦੇ ਰਿਹਾਇਸ਼ੀ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ 'ਤਪ ਅਸਥਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ' ਸੁਸ਼ੋਭਿਤ ਹੈ, ਜਿੱਥੇ ਪੁਰਾਤਨ ਨਿਸ਼ਾਨੀਆਂ, ਤੋਸ਼ਾਖ਼ਾਨਾ, ਰਿਹਾਇਸ਼ੀ ਕਮਰਾ, ਪੁਰਾਤਨ ਪੌੜੀਆਂ ਅਸਲੀ ਰੂਪ 'ਚ ਅੱਜ ਵੀ ਮੌਜੂਦ ਹਨ। ਇਸ ਪਰਿਵਾਰ ਦੀਆਂ ਸ਼ਹਾਦਤਾਂ ਦੀ ਲੜੀ ਦਿੱਲੀ ਚਾਂਦਨੀ ਚੌਕ ਤੋਂ ਸ਼ੁਰੂ ਹੋ ਕੇ ਅਨੰਦਗੜ੍ਹ ਕਿਲ੍ਹਾ, ਸਿਰਸਾ ਦੀ ਜੰਗ ਤੋਂ ਹੁੰਦੀ ਹੋਈ ਚਮਕੌਰ ਦੀ ਗੜ੍ਹੀ 'ਚ ਜਾ ਕੇ ਸੰਪੂਰਨ ਹੋਈ। ਜੈਤਾ ਜੀ ਦੇ ਪਿਤਾ ਭਾਈ ਸਦਾਨੰਦ ਵੱਲੋਂ ਆਪਣੇ ਸੀਸ ਦੀ ਕੁਰਬਾਨੀ, ਤਾਇਆ ਆਗਿਆ ਰਾਮ ਨੂੰ ਨੌਵੇਂ ਪਾਤਸ਼ਾਹ ਦਾ ਸੀਸ ਚੁੱਕਣ 'ਚ ਸਹਿਯੋਗ ਲਈ ਔਰੰਗਜ਼ੇਬ ਵੱਲੋਂ ਕਤਲ ਕਰ ਦੇਣਾ, 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਖ਼ਾਲੀ ਕਰਨ ਉਪਰੰਤ ਦਸਮੇਸ਼ ਗੁਰੂ ਜੀ ਦੇ ਪਰਿਵਾਰ ਸਮੇਤ 40 ਸਿੰਘਾਂ ਤੇ ਮੁਗ਼ਲ ਫ਼ੌਜਾਂ ਵਿਚਾਲੇ ਸਿਰਸਾ ਨਦੀ ਕੰਢੇ ਹੋਏ ਯੁੱਧ 'ਚ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਪ੍ਰੇਮੋ ਜੀ, ਦੋ ਛੋਟੇ ਪੁੱਤਰ ਸ਼ਹੀਦ ਹੋਏ ਤੇ ਧਰਮ ਪਤਨੀ ਬੀਬੀ ਰਾਜ ਕੌਰ ਵਿੱਛੜ ਗਏ।

ਇਹ ਇਤਿਹਾਸ ਵੀ ਵਿਸ਼ੇਸ ਫ਼ਖ਼ਰ ਵਾਲਾ ਹੈ ਕਿ ਜਦੋਂ ਅਨੰਦਗੜ੍ਹ ਕਿਲ੍ਹੇ ਨੂੰ ਮੁਗ਼ਲ ਫ਼ੌਜ ਵੱਲੋਂ 8-9 ਮਹੀਨੇ ਘੇਰਾ ਪਾਈ ਰੱਖਣ ਕਾਰਨ ਕਿਲ੍ਹੇ ਅੰਦਰ ਰਾਸ਼ਨ-ਪਾਣੀ ਖ਼ਤਮ ਹੋਣ 'ਤੇ ਮਾਝੇ ਦੇ 40 ਸਿੰਘ (ਜੋ ਬਾਅਦ 'ਚ ਮਾਈ ਭਾਗੋ ਜੀ ਦੀ ਅਗਵਾਹੀ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ ਤੇ 40 ਮੁਕਤੇ ਅਖਵਾਏ) ਭੁੱਖ ਨਾ ਸਹਾਰਦੇ ਹੋਏ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਛੱਡ ਗਏ ਸਨ ਤਾਂ ਬਾਬਾ ਜੀਵਨ ਸਿੰਘ ਜੀ ਸਮੁੱਚੇ ਪਰਿਵਾਰ ਤੇ ਹੋਰ ਸਿੰਘਾਂ ਸਮੇਤ ਭੁੱਖੇ-ਪਿਆਸੇ ਗੁਰੂ ਜੀ ਦੇ ਪਰਿਵਾਰ ਨਾਲ ਅਖ਼ੀਰ ਤਕ ਡਟੇ ਰਹੇ।

ਸਿਰਸਾ ਨਦੀ ਦੇ ਯੁੱਧ ਤੋਂ ਚੱਲਦੇ ਹੋਏ ਗੁਰੂ ਜੀ ਰੋਪੜ ਵੱਲ ਚਲੇ ਗਏ ਤੇ ਚਮਕੌਰ ਦੀ ਕੱਚੀ ਹਵੇਲੀ, ਜਿਸ ਦਾ ਇਤਿਹਾਸਕ ਨਾਮ 'ਚਮਕੌਰ ਦੀ ਗੜ੍ਹੀ' ਹੈ ਵਿਚ 21 ਦਸੰਬਰ ਦੀ ਰਾਤ ਨੂੰ ਸਿੰਘਾਂ ਸਮੇਤ ਡੇਰੇ ਲਾ ਲਏ, ਜਿੱਥੇ ਫਿਰ ਮੁਗ਼ਲ ਫ਼ੌਜ ਨੇ ਘੇਰਾ ਪਾ ਲਿਆ। 22 ਦਸੰਬਰ 1704 ਦੀ ਸਵੇਰ ਨੂੰ 40 ਸਿੰਘਾਂ ਤੇ ਲੱਖਾਂ ਦੀ ਮੁਗ਼ਲ ਫ਼ੌਜ ਦਰਮਿਆਨ ਯੁੱਧ ਵਿਚ ਬਾਬਾ ਜੀ ਦੇ ਦੋ ਵੱਡੇ ਸਪੁੱਤਰ, ਸਹੁਰਾ ਭਾਈ ਖਜ਼ਾਨ ਸਿੰਘ ਤੇ ਛੋਟੇ ਭਰਾ ਸੰਗਤ ਸਿੰਘ ਜੀ ਸ਼ਹੀਦ ਹੋ ਗਏ। ਗੜ੍ਹੀ ਵਿਚ 22 ਦਸੰਬਰ 1704 ਨੂੰ ਜਦੋਂ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਹੋਰ ਸਿੰਘਾਂ ਸਮੇਤ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਗੜ੍ਹੀ 'ਚ ਕੇਵਲ 11 ਸਿੰਘ ਰਹਿ ਗਏ ਸਨ ਤਾਂ ਗੁਰੂ ਜੀ ਦੀ ਸੁਰੱਖਿਆ ਤੇ ਸਿੱਖ ਕੌਮ ਦੇ ਭਵਿੱਖ ਦਾ ਵਾਸਤਾ ਪਾਉਂਦੇ ਹੋਏ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ 'ਚੋਂ ਸੁਰੱਖਿਅਤ ਨਿਕਲ ਜਾਣ ਦੀ ਸਲਾਹ ਦਿੱਤੀ।

ਗੁਰੂ ਜੀ ਨੇ 22 ਦਸੰਬਰ ਦੀ ਰਾਤ ਨੂੰ ਗੜ੍ਹੀ ਛੱਡਣ ਤੋਂ ਪਹਿਲਾਂ ਯੁੱਧ ਨੀਤੀ ਦੇ ਨਿਪੁੰਨ ਬਾਬਾ ਜੀਵਨ ਸਿੰਘ ਜੀ ਨੂੰ ਆਪਣੀ ਕਲਗੀ ਤੇ ਪੁਸ਼ਾਕਾ ਸੌਂਪਦੇ ਹੋਏ ਗੜ੍ਹੀ ਦੀ ਮੰਮਟੀ 'ਤੇ ਬਿਠਾਇਆ ਤਾਂ ਕਿ ਸਵੇਰ ਤਕ ਮੁਗ਼ਲ ਫ਼ੌਜ ਨੂੰ ਭੁਲਖੇ ਵਿਚ ਰੱਖਿਆ ਜਾ ਸਕੇ ਕਿ ਗੁਰੂ ਜੀ ਗੜ੍ਹੀ ਦੇ ਅੰਦਰ ਹੀ ਹਨ। ਬਾਬਾ ਜੀ ਯੁੱਧ ਨੀਤੀ 'ਚ ਇੰਨੇ ਨਿਪੁੰਨ ਸਨ ਕਿ ਉਹ ਦੋਹਾਂ ਹੱਥਾਂ ਨਾਲ ਇੱਕੋ ਵੇਲੇ ਦੋ ਬੰਦੂਕਾਂ ਚਲਾ ਸਕਦੇ ਸਨ ਤੇ ਘੋੜੇ ਤੇ ਸਵਾਰ ਹੋ ਕੇ ਲਗਾਮਾਂ ਮੂੰਹ 'ਚ ਫੜ ਕੇ ਦੋ ਤਲਵਾਰਾਂ ਦੋਹਾਂ ਹੱਥਾਂ ਨਾਲ ਚਲਾ ਸਕਦੇ ਸਨ। ਇਸ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਬੜੀ ਨਿਪੁੰਨਤਾ ਨਾਲ ਆਪਣੀ ਨਾਗਣੀ ਤੇ ਬਾਗਨੀ ਬੰਦੂਕਾਂ ਤੇ ਤੀਰ ਚਲਾ ਕੇ ਨਿਭਾਇਆ। ਕਵੀ ਕੰਕਨ ਲਿਖਦੇ ਹਨ :

*ਨਿਜ ਕਲਗੀ ਸਿਰ ਦਈ ਸਜਾਇ।*
*ਦਈ ਪੁਸ਼ਾਕ ਅਪਨੀ ਪਹਿਰਾਇ।*
*ਜੀਵਨ ਸਿੰਘ ਕੋ ਬੁਰਜ ਬਠਾਇ।*
*ਤਹਿ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ।*

ਗੁਰੂ ਜੀ ਤਿੰਨ ਸਿੰਘਾਂ ਸਮੇਤ ਰਾਤ ਨੂੰ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ। ਬਾਬਾ ਜੀਵਨ ਸਿੰਘ ਜੀ ਨੇ ਇਕ ਮਹਾਨ ਗ੍ਰੰਥ 'ਸ੍ਰੀ ਗੁਰੂ ਕਥਾ ਗ੍ਰੰਥ' ਦੀ ਵੀ ਰਚਨਾ ਕੀਤੀ, ਜਿਸ 'ਚ ਉਨ੍ਹਾਂ ਨੇ 9ਵੇਂ ਤੇ ਦਸਮੇਸ਼ ਗੁਰੂ ਜੀ ਨਾਲ ਬਿਤਾਈ ਆਪਣੀ ਹੱਡਬੀਤੀ, ਗੁਰੂ ਸਾਹਿਬਾਨ ਦੇ ਗੁਣਾਂ, ਰਣਨੀਤੀ, ਧਾਰਮਿਕ, ਸਮਾਜਿਕ ਤੇ ਰਾਜਸੀ ਗੁਣਾਂ ਦਾ ਜ਼ਿਕਰ ਕੀਤਾ ਹੈ।

ਬਾਬਾ ਜੀਵਨ ਸਿੰਘ ਜੀ 22 ਦਸੰਬਰ ਦੀ ਰਾਤ ਨੂੰ ਗੜ੍ਹੀ ਦੀ ਮੰਮਟੀ 'ਤੇ ਬੈਠ ਕੇ ਬਹਾਦਰੀ ਨਾਲ ਬੰਦੂਕਾਂ ਤੇ ਤੀਰ ਚਲਾਉਂਦੇ ਰਹੇ ਤੇ ਵਿਚ-ਵਿਚ ਨਗਾਰਾ ਵੀ ਵਜਾਉਂਦੇ ਰਹੇ ਤਾਂ ਕਿ ਦੁਸ਼ਮਣ ਨੂੰ ਭੁਲੇਖਾ ਪਵੇ ਕਿ ਗੁਰੂ ਜੀ ਅੰਦਰ ਹੀ ਹਨ। 23 ਦਸੰਬਰ ਨੂੰ ਸਵੇਰੇ ਬਾਕੀ ਰਹਿੰਦੇ ਸਿੰਘ ਵੀ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਬਾਬਾ ਜੀਵਨ ਸਿੰਘ ਜੀ ਕੋਲੋਂ ਵੀ ਗੋਲੀ ਸਿੱਕਾ ਖ਼ਤਮ ਹੋ ਗਿਆ ਤਾਂ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਆਪ ਦੋਹਾਂ ਹੱਥਾਂ 'ਚ ਤਲਵਾਰਾਂ ਲੈ ਕੇ ਬਾਹਰ ਆਏ ਤੇ ਦੁਸ਼ਮਣ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੀ ਸ਼ਹੀਦੀ ਉਪਰੰਤ ਜਦੋਂ ਉਨ੍ਹਾਂ ਦੇ ਸੀਸ ਨੂੰ ਦੁਸ਼ਮਣ ਫ਼ੌਜ ਵੱਲੋਂ ਔਰੰਗਜ਼ੇਬ ਪਾਸ ਲਿਜਾਇਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਤਾਂ ਦਿੱਲੀ ਪਹੁੰਚ ਕੇ ਪਤਾ ਲੱਗਾ ਕਿ ਇਹ ਸੀਸ ਬਾਬਾ ਜੀਵਨ ਸਿੰਘ ਜੀ ਦਾ ਹੈ। ਇਸ ਬਾਰੇ ਗੁਰੂ ਬਿਲਾਸ ਪਾਤਸ਼ਾਹੀ-10 ਕ੍ਰਿਤ ਭਾਈ ਸੁੱਖਾ ਸਿੰਘ ਪੰਨਾ ਨੰਬਰ 329 'ਤੇ ਲਿਖਦੇ ਹਨ :

*ਸੀਸ ਨਿਹਾਰ ਬੰਗੇਸਰ ਕੋ ਇਮ ਬੋਲਤ ਹੈ ਸਭ ਹੀ ਨਰ ਨਾਰੀ।*
*ਏਕ ਕਹੈ ਕਰੁਨਾ ਨਿਧਕੋ ਇਕ ਭਾਖਤ ਹੈ ਇਹ ਖੇਲ ਅਪਾਰੀ।*

ਕਵੀ ਕੰਕਣ ਨੇ ਇਸ ਹਾਲਾਤ ਨੂੰ ਇੰਜ ਬਿਆਨ ਕੀਤਾ ਹੈ :

*ਵਜੀਦਾ ਅਤਿ ਪ੍ਰਲੰਨ ਭਯੋ ਲੀਉ ਮਾਰ ਗੋਬਿੰਦ।*
*ਦਿੱਲੀ ਧਾਇਓ ਸੀਸ ਲੈ ਖਸ਼ੀ ਕਰਨ ਨਰਿੰਦ।*

ਬਾਬਾ ਜੀ ਦਾ ਗੌਰਵਮਈ ਇਤਿਹਾਸ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨਿੱਜੀ ਸੁਆਰਥ ਜਾਂ ਵਿਸ਼ੇਸ ਜਾਤੀ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਤੇ ਸਿੱਖ ਕੌਮ ਦੇ ਭਵਿੱਖ ਲਈ ਸਨ। ਅਫ਼ਸੋਸ ਕਿ ਅੱਜ ਬਾਬਾ ਜੀਵਨ ਸਿੰਘ ਜੀ ਦੇ ਮਹਾਨ ਸ਼ਹੀਦੀ ਇਤਿਹਾਸ ਨੂੰ ਜਾਤੀ ਵਿਤਕਰੇ, ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਅਣਗੌਲੇਪਣ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਬਾਬਾ ਜੀ ਦੀਆਂ ਕੁਰਬਾਨੀਆਂ ਦੇ ਬਰਾਬਰ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ। ਪਿਛਲੀ ਸਰਕਾਰ ਨੇ ਅਨੰਦਪੁਰ ਸਾਹਿਬ ਵਿਖੇ 'ਵਿਰਾਸਤ-ਏ-ਖ਼ਾਲਸਾ ਨੇੜੇ ਇਕ ਯਾਦਗਾਰ ਸ਼ੁਰੂ ਕੀਤੀ ਸੀ, ਜੋ ਅੱਜ ਵੀ ਅਧੂਰੀ ਹੈ। ਬਾਬਾ ਜੀ ਦੇ ਇਤਿਹਾਸਿਕ ਗੁਰਦੁਆਰਿਆਂ, ਰਿਹਾਇਸ਼ੀ ਅਸਥਾਨ ਅਨੰਦਪੁਰ ਸਾਹਿਬ ਤੇ ਸ਼ਹੀਦੀ ਅਸਥਾਨ ਚਮਕੌਰ ਸਾਹਿਬ ਦੀ ਸੰਭਾਲ ਤੇ ਨਿਰਮਾਣ ਪ੍ਰਬੰਧਕਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਇਹ ਗੁਰਦੁਆਰੇ ਨਾ ਤਾਂ ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਗੁਰਦੁਆਰਾ ਸੂਚੀ 'ਚ ਸ਼ਾਮਿਲ ਹਨ ਤੇ ਨਾ ਹੀ ਚਮਕੌਰ ਦੀ ਜੰਗ ਦੇ ਸ਼ਹੀਦਾਂ ਦੀ ਸੂਚੀ 'ਚ ਬਾਬਾ ਜੀ ਦਾ ਨਾਂ ਸ਼ਾਮਿਲ ਹੈ।

ਸਮਾਜ ਦੇ ਬੁੱਧੀਜੀਵੀਆਂ, ਰਾਜਨੀਤਿਕ ਤੇ ਧਾਰਮਿਕ ਆਗੂਆਂ ਇਹ ਗੱਲਾਂ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਇਸ ਦੇ ਨਾਲ ਹੀ ਬਾਬਾ ਜੀ ਦੀ ਸ਼ਹੀਦੀ ਸਬੰਧੀ ਇਹ ਸੁਨਹਿਰੀ ਲਫ਼ਜ਼ ਵੀ ਯਾਦ ਰੱਖਣੇ ਚਾਹੀਦੇ ਹਨ :

*ਅੰਤ ਅਕੇਲਾ ਗੜ੍ਹੀ ਮੇਂ ਬੰਦੂਕੀ ਪ੍ਰਬੀਨ।*
*ਜੀਵਨ ਸਿੰਘ ਰੰਘਰੇਟੜੋ ਜੋ ਜੂਝ ਗਇਓ ਸੰਗ ਦੀਨ।*

ਦਲਬੀਰ ਸਿੰਘ ਧਾਲੀਵਾਲ

# ਸਵੇਰੇ-ਸਵੇਰੇ ਕੂੜਾ-ਕਚਰਾ ਨਾ ਖਾਓ



ਹਾਲ ਹੀ ਦੇ ਸਾਲਾਂ ਵਿਚ ਡਾਈਟਿੰਗ ਨੂੰ ਲੈ ਕੇ ਬਹੁਤ ਜ਼ਿਆਦਾ ਚੌਕਸੀ ਵਧੀ ਹੈ। ਇਸ ਲਈ ਹੁਣ ਸਾਡੇ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਇਸ ਗੱਲ ਨੂੰ ਚੰਗੀ ਤਰ੍ਹਾਂ ਨਾ ਜਾਣਦਾ ਹੋਵੇ ਕਿ ਸਾਡੀ ਸਿਹਤ ਲਈ ਸਵੇਰ ਦੇ ਨਾਸ਼ਤੇ ਦੀ ਕਿੰਨੀ ਅਹਿਮੀਅਤ ਹੈ। ਸਾਡੇ ਦਿਨ ਭਰ ਖਾਧੇ ਜਾਣ ਵਾਲੇ ਭੋਜਨ ਵਿਚ ਨਾਸ਼ਤਾ ਬਹੁਤ ਅਹਿਮ ਹੁੰਦਾ ਹੈ। ਸਵੇਰ ਦੇ ਨਾਸ਼ਤੇ ਵਿਚ ਜੇ 5 ਤੋਂ 7 ਬਦਾਮ ਰਾਤ ਨੂੰ ਪਾਣੀ ਵਿਚ ਭਿਉਂ ਕੇ ਲਏ ਜਾਣ ਉਹ ਵੀ ਬਹੁਤ ਲਾਭਕਾਰੀ ਹਨ। ਪਰ ਇਨ੍ਹਾਂ ਨੂੰ ਸਵੇਰੇ ਖਾਲੀ ਪੇਟ ਲੈਣਾ ਚਾਹੀਦਾ ਹੈ। ਬਦਾਮ ਵਿਚੋਂ ਵਿਟਾਮਿਨ, ਫਾਈਬਰ, ਪ੍ਰੋਟੀਨ, ਮੈਗਨੀਜ਼ ਅਤੇ ਓਮੇਗਾ-3 ਫੈਟੀ ਐਸਿਡ ਮਿਲਦੇ ਹਨ। ਜੇਕਰ ਸਵੇਰੇ ਤੁਸੀਂ 15-20 ਬਦਾਮ ਖਾਂਦੇ ਹੋ ਤਾਂ ਇਹ ਸਰੀਰ ਲਈ ਨੁਕਸਾਨਦਾਇਕ ਨਹੀਂ ਹੋਣਗੇ ਪਰ ਇਹ ਰਾਤ ਨੂੰ ਪਾਣੀ ਵਿਚ ਭਿਉਂ ਕੇ ਰੱਖੇ ਹੋਏ ਹੋਣ। ਸਵੇਰ ਦੇ ਨਾਸ਼ਤੇ ਵਿਚ ਦਹੀਂ ਵੀ ਅਹਿਮ ਮੰਨਿਆ ਜਾਂਦਾ ਹੈ। ਨਾਸ਼ਤੇ ਵਿਚ ਇਕ ਕੌਲੀ ਦਹੀਂ ਨਾ ਸਿਰਫ ਪੂਰੇ ਦਿਨ ਲਈ ਸਾਡਾ ਪੇਟ ਸਾਫ਼ ਰੱਖਦਾ ਹੈ, ਪਾਚਣ ਪ੍ਰਣਾਲੀ ਠੀਕ ਰੱਖਦਾ ਹੈ ਸਗੋਂ ਇਹ ਵੀ ਤੁਰੰਤ ਊਰਜਾ ਦਿੰਦਾ ਹੈ। ਸੇਬ ਅਤੇ ਸੰਤਰਾ ਇਹ ਦੋਵੇਂ ਫਲ ਜ਼ਿੰਦਗੀ ਦੀ ਜਾਨ ਹਨ। ਅਜਿਹਾ ਤਾਂ ਵੀ ਕਿਹਾ ਜਾਂਦਾ ਹੈ ਕਿ ਹਰ ਦਿਨ ਇਕ ਸੇਬ ਖਾਓ ਅਤੇ ਡਾਕਟਰ ਤੋਂ ਦੂਰ ਰਹੋ। ਦਰਅਸਲ ਇਕ ਸੇਬ ਵਿਚ ਉਹ ਸਾਰੇ ਜ਼ਰੂਰੀ ਤੱਤ ਹੁੰਦੇ ਹਨ ਜੋ ਕਿਸੇ ਵੀ ਵਿਅਕਤੀ ਨੂੰ ਬਿਮਾਰ ਹੋਣ ਤੋਂ ਬਚਾਉਣ ਦੀ ਸਮਰੱਥਾ ਰੱਖਦੇ ਹਨ। ਸੇਬ ਦੀ ਤਰ੍ਹਾਂ ਸੰਤਰਾ ਵੀ ਮਹੱਤਵਪੂਰਨ ਫਲ ਹੈ। ਸੰਤਰੇ ਵਿਚ ਰੋਗ ਰੋਕੂ ਸ਼ਕਤੀ ਦੀ ਜ਼ਬਰਦਸਤ ਸਮਰੱਥਾ ਹੁੰਦੀ ਹੈ। ਸੰਤਰਾ ਵੀ ਸਾਡੀ ਪਾਚਣ ਪ੍ਰਣਾਲੀ ਨੂੰ ਸਹੀ ਰੱਖਦਾ ਹੈ। ਸਵੇਰੇ ਦੇ ਸਿਹਤਮੰਦ ਅਤੇ ਪੌਸ਼ਟਿਕ ਨਾਸ਼ਤੇ ਵਿਚ ਆਂਡਾ ਵੀ ਮਹੱਤਵਪੂਰਨ ਹੈ ਪਰ ਜ਼ਿਆਦਾ ਤੇਲ, ਮਸਾਲਿਆਂ ਨਾਲ ਬਣਾਇਆ ਗਿਆ ਆਮਲੇਟ ਨਹੀਂ ਸਗੋਂ ਉੱਬਲਿਆ ਆਂਡਾ। ਜੇਕਰ ਅਸੀਂ ਹਰ ਰੋਜ਼ ਸਵੇਰੇ ਦੋ ਉੱਬਲੇ ਆਂਡੇ ਖਾਂਦੇ ਹਾਂ ਤਾਂ ਸਾਡੇ ਸਰੀਰ ਨੂੰ ਜ਼ਰੂਰੀ ਵਿਟਾਮਿਨ ਡੀ ਅਤੇ ਪ੍ਰੋਟੀਨ ਮਿਲ ਜਾਂਦੇ ਹਨ। ਇਸ ਲਈ ਵਧ ਰਹੇ ਬੱਚਿਆਂ ਨੂੰ ਆਂਡਾ ਖਾਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

... ਤਾਂ ਅਸੀਂ ਇਹ ਜਾਣਿਆ ਹੈ ਕਿ ਸਵੇਰੇ ਨਾਸ਼ਤੇ ਵਿਚ ਕੀ-ਕੀ ਖਾਣਾ ਸਾਡੇ ਲਈ ਫਾਇਦੇਮੰਦ ਹੁੰਦਾ ਹੈ। ਪਰ ਜੋ ਲੋਕ ਸਵੇਰ ਦਾ ਨਾਸ਼ਤਾ ਨਹੀਂ ਕਰਦੇ ਉਹ ਇਕ ਤਰ੍ਹਾਂ ਨਾਲ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਪਾਚਣਤੰਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਮਾਹਰਾਂ ਅਨੁਸਾਰ ਨਾਸ਼ਤੇ ਵਿਚ 8-9 ਚਮਚ ਅਨਾਜ ਅਤੇ 10-15 ਗ੍ਰਾਮ ਲੀਨ ਪ੍ਰੋਟੀਨ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਕ ਹੋਰ ਅਹਿਮ ਗੱਲ ਇਹ ਹੈ ਕਿ ਸਵੇਰ ਦਾ ਨਾਸ਼ਤਾ ਸਵੇਰੇ ਉੱਠਣ ਤੋਂ ਦੋ ਘੰਟੇ ਦੇ ਅੰਦਰ-ਅੰਦਰ ਕਰ ਲੈਣਾ ਚਾਹੀਦਾ ਹੈ। ਉਂਜ ਡਾਕਟਰ ਇਕ ਤੋਂ ਦੋ ਘੰਟਿਆਂ ਵਿਚ ਨਾਸ਼ਤਾ ਕਰਨ ਨੂੰ ਕਹਿੰਦੇ ਹਨ। ਜੇ ਅਸੀਂ ਸਵੇਰੇ 5 ਵਜੇ ਉੱਠ ਕੇ 10 ਵਜੇ ਨਾਸ਼ਤਾ ਕਰਦੇ ਹਾਂ ਤਾਂ ਇਹ ਨਾਸ਼ਤਾ ਸਰੀਰ ਲਈ ਫ਼ਾਇਦੇਮੰਦ ਨਹੀਂ ਬਲਕਿ ਨੁਕਸਾਨਦਾਇਕ ਹੈ। ਨਾਸ਼ਤੇ ਵਿਚ ਪ੍ਰੋਟੀਨ ਅਤੇ ਕਾਰਬੋਹਾਈਡਰੇਟ ਦਾ ਸੰਤੁਲਨ ਹੋਣਾ ਜ਼ਰੂਰੀ ਹੁੰਦਾ ਹੈ। ਜੇਕਰ ਅਸੀਂ ਲਗਾਤਾਰ ਸਵੇਰੇ ਸਿਹਤਮੰਦ ਨਾਸ਼ਤਾ ਕਰਦੇ ਹਾਂ ਤਾਂ ਸਾਡਾ ਸਰੀਰ ਸਿਹਤਮੰਦ ਰਹੇਗਾ, ਯਾਦ ਸ਼ਕਤੀ ਮਜ਼ਬੂਤ ਰਹੇਗੀ, ਅੱਖਾਂ ਦੀ ਰੌਸ਼ਨੀ ਬਰਕਰਾਰ ਰਹੇਗੀ ਅਤੇ ਕੰਮ ਕਰਨ ਦੀ ਸਮਰੱਥਾ ਵਿਚ ਕਮੀ ਨਹੀਂ ਆਏਗੀ।

# ਗਹਿਣਿਆਂ ਦਾ ਰੱਖੋ ਧਿਆਨ



ਆਦਿਕਾਲ ਤੋਂ ਹੀ ਗਹਿਣਿਆਂ ਵਲ ਨਾਰੀ ਦੀ ਚਾਹਤ ਰਹੀ ਹੈ। ਸੁੰਦਰ ਅਤੇ ਆਕਰਸ਼ਕ ਗਹਿਣੇ ਨਾਰੀ ਦੀ ਸੁੰਦਰਤਾ ਅਤੇ ਸ਼ਖ਼ਸੀਅਤ ਵਿਚ ਚਾਰ ਚੰਨ ਲਗਾ ਦਿੰਦੇ ਹਨ। ਗਹਿਣੇ ਚਾਹੇ ਸੋਨੇ, ਚਾਂਦੀ, ਪਿੱਤਲ ਅਤੇ ਮੋਤੀ ਆਦਿ ਜਿਸ ਵੀ ਕਿਸੇ ਧਾਤੂ ਦੇ ਬਣੇ ਹੋਣ, ਜੇਕਰ ਉਨ੍ਹਾਂ ਦੀ ਸਹੀ ਦੇਖਭਾਲ, ਸਫ਼ਾਈ, ਰੱਖ-ਰਖਾਅ ਦਾ ਧਿਆਨ ਰੱਖਿਆ ਜਾਵੇ ਤਾਂ ਸਾਲੋ-ਸਾਲ ਚਲਣ ਤੋਂ ਬਾਅਦ ਵੀ ਇਹ ਨਵੇਂ ਦਿਸਣਗੇ। ਇਸ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ।

ਜੇਕਰ ਤੁਹਾਡੇ ਕੋਲ ਗਹਿਣੇ ਜ਼ਿਆਦਾ ਹੋਣ ਤਾਂ ਉਨ੍ਹਾਂ ਨੂੰ ਬੈਂਕ ਵਿਚ ਰੱਖੋ।

ਘਰ 'ਚ ਵੀ ਵੱਖ-ਵੱਖ ਤਰ੍ਹਾਂ ਦੇ ਗਹਿਣਿਆਂ ਨੂੰ ਮਖਮਲੀ ਕੱਪੜੇ ਵਿਚ ਲਪੇਟ ਕੇ ਵੱਖ-ਵੱਖ ਡੱਬਿਆਂ ਵਿਚ ਰੱਖੋ।

ਗਹਿਣੇ ਪਾ ਕੇ ਕਦੀ ਨਾ ਸੌਂਵੋ ਕਿਉਂਕਿ ਇਸ ਨਾਲ ਗਹਿਣੇ ਟੁੱਟ ਜਾਣ ਦਾ ਡਰ ਰਹਿੰਦਾ ਹੈ।

ਸਿਨੇਮਾ, ਪਿਕਨਿਕ ਅਤੇ ਘੁੰਮਣ ਲਈ ਜਾਂਦੇ ਸਮੇਂ ਘੱਟ ਗਹਿਣੇ ਪਾਵੋ। ਜਿਥੋਂ ਤੱਕ ਹੋ ਸਕੇ ਇਸ ਤਰ੍ਹਾਂ ਦੀ ਥਾਂ 'ਤੇ ਜਾਣ ਸਮੇਂ ਨਕਲੀ ਜਾਂ ਮੋਤੀਆਂ ਦਾ ਸੈੱਟ ਪਾ ਕੇ ਜਾਓ।

ਅਣਜਾਣਾਂ ਨਾਲ ਆਪਣੇ ਗਹਿਣਿਆਂ ਦੀ ਚਰਚਾ ਬਿਲਕੁਲ ਨਾ ਕਰੋ।

ਗਹਿਣੇ ਹਮੇਸ਼ਾ ਜਾਣ-ਪਛਾਣ ਵਾਲੇ ਸੁਨਿਆਰੇ ਕੋਲੋਂ ਬਣਵਾਓ।

ਗਰਮੀ ਦੇ ਦਿਨਾਂ ਵਿਚ ਗਹਿਣੇ ਪਸੀਨੇ ਦੀ ਵਜ੍ਹਾ ਕਰਕੇ ਕਾਲੇ ਹੋ ਜਾਂਦੇ ਹਨ ਤੇ ਆਪਣੀ ਚਮਕ ਗਵਾ ਦਿੰਦੇ ਹਨ। ਇਸ ਲਈ ਇਸ ਮੌਸਮ ਵਿਚ ਗਹਿਣੇ ਲਾਹੁਣ ਤੋਂ ਬਾਅਦ ਰੂੰ ਜਾਂ ਸੂਤੀ ਕੱਪੜੇ ਵਿਚ ਚੰਗੀ ਤਰ੍ਹਾਂ ਪੂੰਝ ਕੇ ਰੱਖੋ।

ਕੰਮਕਾਜੀ ਔਰਤਾਂ ਸਹੂਲਤ ਅਨੁਸਾਰ ਗਹਿਣੇ ਪਾਉਣ। ਗਹਿਣੇ ਸਲੀਕੇ ਨਾਲ ਪਾਵੋ, ਨਾ ਤੰਗ ਨਾ ਟਾਈਟ। ਬਿਛੂਏ ਚੰਗੀ ਤਰ੍ਹਾਂ ਕੱਸੇ ਹੋਣ, ਅੰਗੂਠੀ ਐਨ ਫਿਟ ਹੋਵੇ। ਰੇਸ਼ਮ ਦੀ ਡੋਰੀ ਵਿਚ ਪਰੋਏ ਗਹਿਣਿਆਂ ਨੂੰ ਪਾਣੀ ਨਾਲ ਗਿੱਲਾ ਨਾ ਹੋਣ ਦਿਓ।

ਸੁਮਿਤਰਾ ਯਾਦਵ

# ਮੂੰਹ ਦੇ ਮਿੱਠੇ ਤੇ ਦਿਲ ਵਿਚ ਨਫ਼ਰਤ ਰੱਖਣ ਵਾਲੇ ਮਿੱਤਰਾਂ ਤੋਂ ਰਹੋ ਹਮੇਸ਼ਾ ਸਾਵਧਾਨ



ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ। ਅਕਸਰ ਹੀ ਅਸੀਂ ਦੇਖਦੇ ਹਾਂ ਕਿ ਕਈ ਲੋਕ ਮੂੰਹ ਦੇ ਬਹੁਤ ਜ਼ਿਆਦਾ ਮਿੱਠੇ ਹੁੰਦੇ ਹਨ ਅਤੇ ਸਾਡੇ ਨਾਲ ਹਰ ਗੱਲ ਇਸ ਤਰ੍ਹਾਂ ਮਿਠਾਸ ਭਰੇ ਅੰਦਾਜ਼ ਵਿਚ ਕਰਦੇ ਹਨ ਕਿ ਸਾਨੂੰ ਲਗਦਾ ਹੈ ਕਿ ਇਸ ਤੋਂ ਵਧ ਕੇ ਸਾਡਾ ਨੇੜਲਾ ਦਿਲ ਦਾ ਸਾਥੀ ਕੋਈ ਵੀ ਨਹੀਂ ਹੋ ਸਕਦਾ ਪਰ ਉਹ ਲੋਕ ਜੋ ਮੂੰਹ 'ਤੇ ਬਹੁਤ ਮਿੱਠੇ ਹੋਣ ਦਾ ਦਾਅਵਾ ਕਰਦੇ ਹਨ, ਅਸਲ ਵਿਚ ਉਹ ਕਈ ਲੋਕ ਤੁਹਾਡੇ ਅਸਲ ਵਿਚ ਅੰਦਰੋਂ ਅੰਦਰੀ ਬਹੁਤ ਵੱਡੇ ਦੁਸ਼ਮਣ ਹੁੰਦੇ ਹਨ।

ਇਸ ਲਈ ਕਿਸੇ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪਰਖ ਕਰਨੀ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਚਾਤਰ ਲੋਕ ਸ਼ਰੀਫ਼ ਲੋਕਾਂ ਨਾਲ ਵਿਸ਼ਵਾਸਘਾਤ ਕਰਕੇ ਆਪਣਾ ਮਤਲਬ ਕੱਢ ਲੈਂਦੇ ਹਨ ਅਤੇ ਦੂਸਰੇ ਵਿਅਕਤੀ ਨੂੰ ਦਰਕਿਨਾਰ ਕਰ ਦਿੰਦੇ ਹਨ। ਇਹ ਲੋਕ ਸੋਚਦੇ ਹਨ ਕਿ ਅਸੀਂ ਸਭ ਤੋਂ ਚਲਾਕ ਹਾਂ ਬਹੁਤ ਸਾਰੇ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਾਂ ਪਰ ਇਹੋ ਜਿਹੇ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿੰਨਾ ਸੱਚੇ ਸੁੱਚੇ ਲੋਕਾਂ ਦਾ ਰੱਬ ਰਾਖਾ ਹੁੰਦਾ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।

ਕਹਿੰਦੇ ਹਨ ਕਿ ਰੱਬ ਦੀ ਲਾਠੀ ਵਿਚ ਆਵਾਜ਼ ਨਹੀਂ ਹੁੰਦੀ ਪਰ ਮਾਰ ਬਹੁਤ ਜ਼ਿਆਦਾ ਮਾਰਦੀ ਹੈ ਜੋ ਅਸੀਂ ਕਿਸੇ ਨੂੰ ਦੱਸ ਵੀ ਨਹੀਂ ਸਕਦੇ। ਡਰ ਜਿੰਨਾ ਜ਼ਿਆਦਾ ਹੋ ਸਕਦਾ ਹੈ, ਡਰੋ ਰੱਬ ਦੀ ਮਾਰ ਤੋਂ। ਜ਼ਿਆਦਾਤਰ ਸ਼ਾਤਰ ਦਿਮਾਗ਼ ਲੋਕ ਅਕਸਰ ਸਾਡਾ ਨੁਕਸਾਨ ਕਰ ਕੇ ਸਾਡਾ ਧਿਆਨ ਕਿਸੇ ਵਿਅਕਤੀ ਵੱਲ ਭੜਕਾਉਣ ਦੀ ਕੋਸ਼ਿਸ਼ ਕਰਨਗੇ ਅਤੇ ਕਹਿਣਗੇ ਕਿ ਮੈਂ ਤੇ ਤੇਰਾ ਦੋਸਤ ਹਾਂ ਪਰ ਤੇਰਾ ਨੁਕਸਾਨ ਉਸ ਵਿਅਕਤੀ ਨੇ ਕੀਤਾ ਹੈ ਜਦ ਕਿ ਨੁਕਸਾਨ ਖ਼ੁਦ ਹੀ ਕੀਤਾ ਹੁੰਦਾ ਹੈ ਪਰ ਭੋਲਾ-ਭਾਲਾ ਵਿਅਕਤੀ ਐਵੇਂ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਫਸ ਜਾਂਦਾ ਹੈ। ਇਸ ਲਈ ਅੱਜ ਦੇ ਵਿਗਿਆਨਕ ਯੁੱਗ ਵਿਚ ਆਪਣੇ ਆਸ ਪਾਸ ਦੋਸਤਾਂ ਮਿੱਤਰਾਂ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰੋ ਅਤੇ ਦੇਖੋ ਕਿ ਤੁਹਾਨੂੰ ਕੋਈ ਪਾਗਲ ਬਣਾ ਕੇ ਆਪਣਾ ਮਤਲਬ ਤਾਂ ਨਹੀਂ ਕੱਢ ਰਿਹਾ ਅਗਰ ਕੋਈ ਐਸਾ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਤੁਹਾਡੀ ਜ਼ਿੰਦਗੀ ਵਿਚ ਹੈ ਤਾਂ ਉਸ ਨੂੰ ਤੁਰੰਤ ਅਲਵਿਦਾ ਕਹਿ ਦਿਉ।

ਸੰਦੀਪ ਕੰਬੋਜ

# ਗਰਮੀਆਂ ਵਿਚ ਖੀਰੇ ਨਾਲ ਹਾਸਲ ਕਰੋ ਚਮਕਦੀ ਦਿੱਖ



ਬੇਹੱਦ ਗਰਮੀ ਵਿਚ ਚਮੜੀ ਨੂੰ ਜਿਊਂਦੇ ਅਤੇ ਮੁਲਾਇਮ ਰੱਖਣ ਲਈ ਖੀਰਾ ਸਦੀਆਂ ਤੋਂ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਤੇਲ ਵਾਲੀ ਚਮੜੀ ਲਈ ਤੁਸੀਂ ਖੀਰੇ ਦੇ ਰਸ ਨੂੰ ਸਿੱਧੇ ਚਮੜੀ 'ਤੇ ਲਗਾ ਕੇ 15 ਮਿੰਟ ਬਾਅਦ ਸਾਫ਼ ਪਾਣੀ ਨਾਲ ਧੋ ਲਓ। ਖੀਰੇ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਬਣੇ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 15 ਮਿੰਟ ਬਾਅਦ ਪਾਣੀ ਨਾਲ ਧੋ ਲਓ। ਖੀਰੇ ਦੇ ਗਾੜ੍ਹੇ ਗੁੱਦੇ ਵਿਚ ਦੋ ਚਮਚ ਗੁਲਾਬ ਜਲ ਪਾ ਕੇ ਬਲੈਂਡ ਕਰ ਲਓ ਅਤੇ ਇਸ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ 30 ਮਿੰਟ ਬਾਅਦ ਤਾਜ਼ੇ ਸਾਫ਼ ਪਾਣੀ ਨਾਲ ਧੋ ਲਓ। ਖੀਰਾ ਐਸਟ੍ਰਿਨਜੈਂਟ ਹੁੰਦਾ ਹੈ ਅਤੇ ਟੋਨਿੰਗ ਅਤੇ ਰਿਫ੍ਰੈਸ਼ਿੰਗ ਤੋਂ ਇਲਾਵਾ ਇਹ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਦਾ ਹੈ ਅਤੇ ਚਮੜੀ ਦੇ ਤੇਲ ਪ੍ਰਭਾਵ ਨੂੰ ਘੱਟ ਕਰਦਾ ਹੈ। ਖੀਰੇ ਨੂੰ ਕੱਦੂਕਸ਼ ਕਰ ਕੇ ਜਾਂ ਖੀਰੇ ਦੇ ਰਸ ਨੂੰ ਅੱਖਾਂ ਦੇ ਆਲੇ-ਦੁਆਲੇ ਰੱਖਣ ਨਾਲ ਕਾਲੇ ਧੱਬੇ ਘੱਟ ਹੁੰਦੇ ਹਨ ਅਤੇ ਚਮੜੀ ਦੀ ਰੰਗਤ ਵਿਚ ਨਿਖਾਰ ਆਉਂਦਾ ਹੈ। ਖੀਰਾ, ਨਾਰੀਅਲ ਤੇਲ, ਗਾਜਰ ਬੀਜ ਦਾ ਤੇਲ ਅਤੇ ਕੁਆਰ ਜੈੱਲ ਨੂੰ ਮਿਲਾ ਕੇ ਕ੍ਰੀਮੀ ਮਿਸ਼ਰਨ ਬਣਾ ਲਓ। ਇਸ ਮਿਸ਼ਰਨ ਨੂੰ ਬਰਫ਼ ਦੀਆਂ ਟੁਕੜੀਆਂ ਵਿਚ ਪਾ ਕੇ ਫਰੀਜਰ ਵਿਚ ਰੱਖ ਲਓ ਅਤੇ ਇਸ ਨੂੰ ਜੰਮਣ ਦਿਓ। ਹੁਣ ਆਈਸ ਕਿਊਬ ਨੂੰ ਅੱਖਾਂ ਦੇ ਆਲੇ-ਦੁਆਲੇ ਲਗਾ ਕੇ ਮਾਲਿਸ਼ ਕਰੋ ਪਰ ਇਹ ਧਿਆਨ ਰੱਖੋ ਕਿ ਮਿਸ਼ਰਨ ਅੱਖਾਂ ਦੇ ਅੰਦਰ ਬਿਲਕੁਲ ਨਾ ਜਾਵੇ। ਕੁਝ ਸਮੇਂ ਬਾਅਦ ਚਮੜੀ ਨੂੰ ਧੋ ਲਓ।

ਖੀਰੇ ਦਾ ਫੇਸ ਮਾਸਕ ਲਗਾਉਂਦੇ ਸਮੇਂ ਚਮੜੀ ਦੀ ਘੁਮਾਦਾਰ ਮਾਲਿਸ਼ ਕਰੋ ਜਿਸ ਨਾਲ ਉਹ ਚਮੜੀ ਦੇ ਸੁਰਾਖਾਂ ਵਿਚ ਆਸਾਨੀ ਨਾਲ ਦਾਖਲ ਕਰ ਸਕੇ ਅਤੇ ਚਮੜੀ ਵਿਚ ਖ਼ੂਨ ਸੰਚਾਰ ਦਾ ਲਗਾਤਾਰ ਵਹਾਅ ਹੋ ਸਕੇ। ਮਾਸਕ ਨੂੰ ਚਮੜੀ 'ਤੇ 10-15 ਮਿੰਟ ਤੱਕ ਸ਼ਾਂਤ ਰਹਿਣ ਦਿਓ ਅਤੇ ਬਾਅਦ ਵਿਚ ਤਾਜ਼ੇ ਪਾਣੀ ਨਾਲ ਧੋ ਲਓ। ਇਸ ਤੋਂ ਬਾਅਦ ਇਕ ਚੰਗੀ ਆਈ ਕ੍ਰੀਮ ਜ਼ਰੂਰ ਲਗਾਓ ਤਾਂ ਕਿ ਅੱਖਾਂ ਦੀ ਨਮੀ ਬਰਕਰਾਰ ਰਹੇ।

ਇਕ ਖੀਰੇ ਦੇ ਜੂਸ, ਇਕ ਚਮਚ ਗੁਲਾਬ ਜਲ ਨੂੰ ਇਕ ਕੱਪ ਮਿਨਰਲ ਪਾਣੀ ਵਿਚ ਪਾ ਕੇ ਸਕਿਨ ਟੋਨਰ ਬਣਾ ਲਓ। ਇਸ ਦੀ ਵਰਤੋਂ ਨਾਲ ਚਮੜੀ ਟੋਨਿੰਗ ਤੋਂ ਇਲਾਵਾ ਚਮੜੀ ਮੁਲਾਇਮ ਅਤੇ ਕੋਮਲ ਹੋ ਜਾਵੇਗੀ। ਤੇਲ ਵਾਲੀ ਚਮੜੀ ਲਈ ਖੀਰਾ ਜੂਸ, ਪੁਦੀਨਾ ਜੂਸ ਨੂੰ ਇਕ ਕੱਪ ਮਿਰਨਲ ਵਾਟਰ ਵਿਚ ਘੋਲ ਕੇ ਟੋਨਰ ਬਣਾ ਲਓ। ਇਹ ਕਿੱਲ ਮੁਹਾਂਸਿਆਂ ਲਈ ਕਾਫ਼ੀ ਸਹਾਇਕ ਸਿੱਧ ਹੋਵੇਗਾ। ਇਕ ਖੀਰੇ ਦੇ ਜੂਸ ਨੂੰ ਅੱਧਾ ਚਮਚ ਨਿੰਬੂ ਜੂਸ, ਇਕ ਚਮਚ ਐਲੋਵੇਰਾ ਅਤੇ ਇਕ ਕੱਪ ਗੁਲਾਬ ਜਲ ਨੂੰ ਮਿਲਾ ਕੇ ਟੋਨਰ ਬਣਾ ਲਓ। ਇਸ ਟੋਨਰ ਨੂੰ ਫਰਿੱਜ ਵਿਚ ਠੰਢਾ ਹੋਣ ਦਿਓ ਤੇ ਫਿਰ ਚਮੜੀ 'ਤੇ ਲਗਾ ਲਓ। ਇਹ ਟੋਨਰ ਚਮੜੀ ਦੇ ਸੁਰਾਖਾਂ ਨੂੰ ਬੰਦ ਕਰਕੇ ਚਮੜੀ ਵਿਚ ਕਸਾਵਟ ਲਿਆਏਗਾ ਅਤੇ ਚਿਹਰੇ ਨੂੰ ਆਕਰਸ਼ਕ ਬਣਾਏਗਾ।

ਇਕ ਚਮਚ ਖੀਰਾ ਜੂਸ ਨੂੰ ਕਿ ਕੱਪ ਨਾਰੀਅਲ ਪਾਣੀ ਵਿਚ ਮਿਲਾ ਕੇ ਟੋਨਰ ਬਣਾ ਲਓ। ਇਸ ਦੀ ਲਗਾਤਾਰ ਵਰਤੋਂ ਨਾਲ ਚਮੜੀ ਵਿਚ ਨਿਖਾਰ ਆਵੇਗਾ ਅਤੇ ਚਿਹਰੇ ਦਾ ਆਕਰਸ਼ਣ ਵਧੇਗਾ।

ਇਕ ਕੌਲੀ ਵਿਚ 10 ਗ੍ਰਾਮ ਗੁਲਾਬ ਦੀਆਂ ਪੱਤੀਆਂ ਪਾਓ। ਇਸ ਕੌਲੀ ਵਿਚ 2 ਕੱਪ ਗਰਮ ਪਾਣੀ ਪਾ ਕੇ ਇਸ ਨੂੰ ਰਾਤ ਭਰ ਭਿੱਜਣ ਦਿਓ। ਅਗਲੀ ਸਵੇਰ ਇਸ ਨੂੰ ਠੰਢਾ ਹੋਣ 'ਤੇ ਛਾਣ ਲਓ ਅਤੇ ਮਿਸ਼ਰਨ ਵਿਚ ਇਕ ਚਮਚ ਖੀਰੇ ਦਾ ਜੂਸ ਅਤੇ ਇਕ ਵਿਟਾਮਿਨ ਈ ਕੈਪਸੂਲ ਮਿਲਾ ਕੇ ਇਸ ਮਿਸ਼ਰਨ ਨੂੰ ਚੰਗੀ ਤਰ੍ਹਾਂ ਫੈਂਟ ਲਓ। ਇਸ ਮਿਸ਼ਰਨ ਨੂੰ ਸਪ੍ਰੇਅ ਬੋਤਲ ਵਿਚ ਪਾ ਕੇ ਇਸ ਨੂੰ ਚਿਹਰੇ 'ਤੇ ਕੋਮਲਤਾ ਨਾਲ ਸਪ੍ਰੇਅ ਕਰੋ। ਇਸ ਨਾਲ ਚਿਹਰੇ ਦੇ ਟੋਨ, ਰਿਫ੍ਰੈਸ਼ ਅਤੇ ਨਾਰਿਸ਼ ਕਰਨ ਵਿਚ ਮਦਦ ਮਿਲੇਗੀ। ਖੀਰੇ ਦੀਆਂ ਫਾੜੀਆਂ ਨੂੰ ਅੱਧੇ ਘੰਟੇ ਤੱਕ ਫਰਿੱਜ ਦੀ ਠੰਢਕ ਵਿਚ ਰੱਖਣ ਤੋਂ ਬਾਅਦ ਅੱਖਾਂ 'ਤੇ ਰੱਖਣ ਨਾਲ ਦਿਨ ਭਰ ਦੀ ਥਕਾਵਟ ਤੋਂ ਰਾਹਤ ਮਹਿਸੂਸ ਹੁੰਦੀ ਹੈ। ਕਦੀ ਵੀ ਘਰੇਲੂ ਸੁੰਦਰਤਾ ਨੁਸਖਿਆਂ ਨੂੰ ਵੱਡੀ ਮਾਤਰਾ ਵਿਚ ਨਾ ਬਣਾਓ ਅਤੇ ਇਨ੍ਹਾਂ ਨੂੰ ਠੰਢੀ ਅਤੇ ਖ਼ੁਸ਼ਕ ਥਾਂ 'ਤੇ ਰੱਖੋ।

ਸ਼ਹਿਨਾਜ਼ ਹੁਸੈਨ

# ਹਰਦਿਲ ਅਜ਼ੀਜ਼ ਅਦਾਕਾਰ ਧਰਮਿੰਦਰ

ਧਰਮ ਸਿੰਘ ਦਿਓਲ ਉਰਫ਼ ਧਰਮਿੰਦਰ ਇੱਕ ਅਦਾਕਾਰ, ਨਿਰਮਾਤਾ, ਸਿਆਸਤਦਾਨ ਤੇ ਇੱਕ ਚੰਗਾ ਕਾਰੋਬਾਰੀ ਵੀ ਸੀ। ਉਹ ਆਪਣੇ ਸਮੇਂ ਦੇ ਸਫਲ ਸਿਤਾਰਿਆਂ ਵਿੱਚੋਂ ਇੱਕ ਸੀ। ਦੁਨੀਆ ਦੇ ਸਭ ਤੋਂ ਖੂਬਸੂਰਤ ਇਨਸਾਨ ਦਾ ਖਿਤਾਬ ਵੀ ਧਰਮਿੰਦਰ ਦੇ ਨਾਂ ਸੀ। ਇੱਕ ਸਾਲ ਵਿੱਚ ਸਭ ਤੋਂ ਵੱਧ ਹਿੱਟ ਫਿਲਮਾਂ ਦੇਣ ਦਾ ਰਿਕਾਰਡ ਵੀ ਉਸ ਦੇ ਨਾਂ ਹੈ।

ਗੁਰਦਾਸ ਮਾਨ ਦੇ ਇੱਕ ਗੀਤ ਦੀਆਂ ਦੋ ਸਤਰਾਂ 'ਜੱਟ ਤਾਂ ਸੁਹਾਗੇ ਉੱਤੇ ਮਾਣ ਨਈਂ, ਲੰਘ ਜੇ ਤਾਂ ਹਾਥੀ ਭਾਵੇਂ, ਨਈਂ ਤਾਂ ਪੂਛ ਦੇਂਦਾ ਜਾਣ ਨਈਂ' ਅਨੁਸਾਰ ਪੰਜਾਬੀ ਜੱਟ ਤਾਂ ਸੁਹਾਗੇ ਉੱਤੇ ਚੜ੍ਹਿਆ ਮਾਣ ਨਈਂ ਹੁੰਦਾ ਤੇ ਜੇ ਕਿਧਰੇ ਉਹ ਬਣ ਜਾਵੇ ਫਿਲਮੀ ਹੀਰੋ ਤੇ ਉਹ ਵੀ ਉੱਚਕੋਟੀ ਦਾ ਤਾਂ ਫਿਰ ਕਹਿਣੇ ਹੀ ਕੀ। ਇਹ ਸਤਰਾਂ ਧਰਮਿੰਦਰ 'ਤੇ ਬਾਖੂਬੀ ਢੁੱਕਦੀਆਂ ਹਨ। ਧਰਮਿੰਦਰ ਨੇ ਫਿਲਮ ਨਗਰੀ ਵਿੱਚ ਆਪਣੇ ਨਾਂ ਦਾ ਲੋਹਾ ਮਨਵਾਇਆ ਹੈ। ਉਂਝ ਤਾਂ ਫਿਲਮ ਨਗਰੀ ਵਿੱਚ ਪੰਜਾਬੀਆਂ ਦੀ ਬੱਲੇ-ਬੱਲੇ ਹੈ, ਪਰ ਜੋ ਸ਼ੁਹਰਤ ਤੇ ਇੱਜ਼ਤ ਧਰਮਿੰਦਰ ਦੇ ਹਿੱਸੇ ਆਈ ਹੈ, ਉਹ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਕਲਾਕਾਰ ਦੇ ਹਿੱਸੇ ਆਈ ਹੋਵੇ। ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਧਰਮਿੰਦਰ ਨੇ ਵੀ ਕਾਫ਼ੀ ਸੰਘਰਸ਼ ਕੀਤਾ ਸੀ।

ਧਰਮਿੰਦਰ ਦਾ ਜਨਮ 8 ਦਸੰਬਰ 1935 ਨੂੰ ਪਿਤਾ ਕੇਵਲ ਕਿਸ਼ਨ ਸਿੰਘ ਦਿਓਲ ਤੇ ਮਾਤਾ ਸਤਵੰਤ ਕੌਰ ਦਿਓਲ ਦੇ ਘਰ ਪਿੰਡ ਨਸਰਾਲੀ ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਪਿਤਾ ਲਲਤੋਂ ਕਲਾਂ ਸਕੂਲ ਵਿੱਚ ਹੈੱਡ ਮਾਸਟਰ ਸਨ। ਫਿਰ ਉਸ ਦੇ ਪਿਤਾ ਦੀ ਬਦਲੀ ਸਾਹਨੇਵਾਲ ਹੋ ਗਈ ਤੇ ਪੂਰਾ ਪਰਿਵਾਰ ਸਾਹਨੇਵਾਲ ਆ ਗਿਆ ਤੇ ਇਸ ਪਿੰਡ ਦਾ ਨਾਂ ਉਸ ਦੇ ਨਾਂ ਨਾਲ ਜੁੜ ਗਿਆ। ਜਦੋਂ ਸਾਹਨੇਵਾਲ ਆਏ ਤਾਂ ਉਸ ਸਮੇਂ ਧਰਮਿੰਦਰ ਦੀ ਉਮਰ ਦੋ ਸਾਲ ਦੀ ਸੀ। ਉਸ ਦਾ ਬਚਪਨ ਦਾ ਨਾਂ ਧਰਮ ਸਿੰਘ ਦਿਓਲ ਸੀ। ਤਿੰਨ ਭੈਣਾਂ ਤੇ ਤਿੰਨ ਭਰਾ ਸਨ। ਵੱਡਾ ਸੰਤੋਸ਼ ਸੀ ਤੇ ਦੂਜਾ ਧਰਮਿੰਦਰ ਸੀ, ਅਜੀਤ ਸਿੰਘ ਦਿਓਲ ਛੋਟਾ ਸੀ। ਵੱਡੇ ਭਰਾ ਸੰਤੋਸ਼ ਦੀ ਬੇਵਕਤੀ ਮੌਤ ਹੋ ਗਈ ਸੀ। ਇੱਕ ਵੱਡੀ ਭੈਣ ਟਾਈਫਾਈਡ ਕਾਰਨ ਚੱਲ ਵੱਸੀ।

ਸੰਨ 1954 ਵਿੱਚ 19 ਸਾਲ ਦੀ ਉਮਰ ਵਿੱਚ ਉਸ ਦਾ ਪਹਿਲਾ ਵਿਆਹ ਪ੍ਰਕਾਸ਼ ਕੌਰ ਨਾਲ ਹੋਇਆ, ਜਿਸ ਤੋਂ ਚਾਰ ਬੱਚੇ ਦੋ ਲੜਕੇ ਸੰਨੀ ਦਿਓਲ (ਅਜੇ ਸਿੰਘ ਦਿਓਲ), ਬੌਬੀ ਦਿਓਲ (ਵਿਜੇ ਸਿੰਘ ਦਿਓਲ), ਦੋ ਲੜਕੀਆਂ ਅਜੇਤਾ ਕੌਰ ਦਿਓਲ ਤੇ ਵਿਜੇਤਾ ਕੌਰ ਦਿਓਲ ਹੋਈਆਂ। ਦੂਜਾ ਵਿਆਹ 1980 ਵਿੱਚ ਹੇਮਾ ਮਾਲਿਨੀ ਨਾਲ ਹੋਇਆ। ਇਸ ਤੋਂ ਉਨ੍ਹਾਂ ਦੀਆਂ ਦੋ ਲੜਕੀਆਂ ਈਸ਼ਾ ਦਿਓਲ ਤੇ ਆਹਨਾ ਦਿਓਲ ਹੋਈਆਂ।

ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਕਾਲਜ ਪੜ੍ਹਦੇ ਸਮੇਂ ਹੀ ਧਰਮਿੰਦਰ ਨੇ ਇੱਕ ਵਿਦੇਸ਼ੀ ਕੰਪਨੀ ਵਿੱਚ ਟਿਊਬਵੈੱਲ ਓਪਰੇਟਰ ਦੀ ਨੌਕਰੀ ਕੀਤੀ। ਉਸ ਨੂੰ ਫਿਲਮਾਂ ਦੇਖਣ ਦਾ ਬੜਾ ਸ਼ੌਕ ਸੀ। ਉਹ ਆਪਣੀ ਮਾਂ ਤੋਂ ਪੈਸੇ ਲੈ ਕੇ ਜਲੰਧਰ ਜੋਤੀ ਸਿਨੇਮਾ ਵਿੱਚ ਅਕਸਰ ਫਿਲਮਾਂ ਵੇਖਣ ਜਾਇਆ ਕਰਦਾ ਸੀ। ਜ਼ਿਆਦਾਤਰ ਉਹ ਦਿਲੀਪ ਕੁਮਾਰ ਦੀਆਂ ਫਿਲਮਾਂ ਹੀ ਦੇਖਦਾ ਸੀ ਤੇ ਉਸ ਵਾਂਗ ਹੀ ਬਣਨਾ ਚਾਹੁੰਦਾ ਸੀ।

ਇੰਨੀਂ ਦਿਨੀਂ ਹੀ ਹੀਰੋ ਬਣਨ ਦੇ ਚਾਹਵਾਨਾਂ ਲਈ ਇੱਕ ਇਸ਼ਤਿਹਾਰ ਛਪਿਆ। ਇਹ ਇਸ਼ਤਿਹਾਰ ਬਿਮਲ ਰਾਏ ਤੇ ਗੁਰੂ ਦੱਤ ਨੇ ਫਿਲਮਫੇਅਰ ਮੈਗਜ਼ੀਨ ਵਿੱਚ ਦਿੱਤਾ ਸੀ। ਸੋ ਧਰਮਿੰਦਰ ਨੇ ਇਸ ਫਾਰਮ ਵਿੱਚ ਆਪਣਾ ਬਿਓਰਾ ਭਰ ਕੇ ਤੇ ਨਾਲ ਫਗਵਾੜੇ ਦੇ ਫੋਟੋਗ੍ਰਾਫਰ ਜਾਨ ਮੁਹੰਮਦ ਤੋਂ ਫੋਟੋਆਂ ਖਿੱਚਵਾਂ ਕੇ ਦੋਰਾਹੇ ਦੇ



ਡਾਕਖਾਨੇ ਤੋਂ ਬੰਬਈ ਵੱਲ ਭੇਜ ਦਿੱਤੀਆਂ। ਬੁਲਾਵਾ ਆਉਣ 'ਤੇ ਫਰੰਟੀਅਰ ਮੇਲ ਰਾਹੀਂ ਮੁੰਬਈ ਪਹੁੰਚੇ ਧਰਮਿੰਦਰ ਨੂੰ ਡਾਇਰੈਕਟਰਾਂ ਤੇ ਪ੍ਰੋਡਿਊਸਰਾਂ ਦੇ ਦਫਤਰਾਂ ਦੇ ਚੱਕਰ ਵੀ ਲਾਉਣੇ ਪਏ। ਸਾਹਨੇਵਾਲ ਤੋਂ ਮੁਬੰਈ ਤੱਕ ਦਾ ਰਸਤਾ ਕਾਫ਼ੀ ਸੰਘਰਸ਼ਪੂਰਨ ਰਿਹਾ। ਫਾਕੇ ਵੀ ਕੱਟਣੇ ਪਏ। ਇਸ ਸੰਘਰਸ਼ ਦੇ ਦਿਨਾਂ ਵਿੱਚ ਉਸ ਦੇ ਭਰਾ ਅਜੀਤ ਸਿੰਘ ਦਿਓਲ ਨੇ ਉਸ ਦੀ ਪੈਸੇ ਪੱਖੋਂ ਬੜੀ ਮਦਦ ਕੀਤੀ। ਪਹਿਲੇ ਵਿਆਹ ਤੋਂ ਬਾਅਦ ਮੁੰਬਈ ਪਹੁੰਚ ਕੇ ਫਿਲਮਫੇਅਰ ਪ੍ਰਤੀਯੋਗਤਾ ਵਿੱਚ ਫਾਰਮ ਭਰ ਕੇ ਹਿੱਸਾ ਲਿਆ ਤਾਂ ਪਹਿਲੀ ਫਿਲਮ ਮਿਲੀ ਅਰਜੁਨ ਹਿੰਗੋਰਾਨੀ ਦੀ 'ਦਿਲ ਭੀ ਤੇਰਾ ਹਮ ਭੀ ਤੇਰੇ' ਜੋ 1960 ਵਿੱਚ ਪ੍ਰਦਰਸ਼ਿਤ ਹੋਈ। ਧਰਮਿੰਦਰ ਨੇ ਇਸ ਫਿਲਮ ਵਿੱਚ ਰਸਤੇ ਵਿੱਚ ਸਿਗਰਟ ਵੇਚਣ ਵਾਲੇ ਅਸ਼ੋਕ ਨਾਂ ਦੇ ਲੜਕੇ ਦਾ ਕਿਰਦਾਰ ਨਿਭਾਇਆ ਸੀ ਜੋ ਬਾਅਦ ਵਿੱਚ ਬਾਕਸਰ ਬਣ ਜਾਂਦਾ ਹੈ। ਇਹ ਫਿਲਮ ਬੁਰੀ ਤਰ੍ਹਾਂ ਪਿੱਟ ਗਈ, ਪਰ ਅੱਗੇ ਜਾ ਕੇ ਹੌਲੀ-ਹੌਲੀ ਧਰਮਿੰਦਰ ਲਈ ਰਸਤਾ ਖੁੱਲ੍ਹ ਗਿਆ ਤੇ ਉਸ ਨੂੰ ਫਿਲਮਾਂ ਮਿਲਣ ਲੱਗੀਆਂ।

ਉਸ ਨੇ ਆਪਣੇ 60 ਸਾਲਾਂ ਦੇ ਫਿਲਮੀ ਸਫ਼ਰ ਵਿੱਚ 300 ਤੋਂ ਵੀ ਜ਼ਿਆਦਾ ਫਿਲਮਾਂ ਵਿੱਚ ਕੰਮ ਕੀਤਾ ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਉਸ ਦੀਆਂ ਸਫਲ ਫਿਲਮਾਂ ਵਿੱਚ ਸ਼ਾਮਲ ਹਨ 'ਸ਼ੋਅਲੇ', 'ਚੁਪਕੇ ਚੁਪਕੇ', 'ਸਤਿਅਮ', 'ਹਕੀਕਤ', 'ਅਨੁਪਮਾ', 'ਸੀਤਾ ਔਰ ਗੀਤਾ', 'ਪ੍ਰਤਿੱਗਿਆ', 'ਫੂਲ ਔਰ ਪੱਥਰ', 'ਬੰਦਿਨੀ', 'ਧਰਮਵੀਰ', 'ਦਿ ਬਰਨਿੰਗ ਟਰੇਨ', 'ਮੇਰਾ ਗਾਓਂ ਮੇਰਾ ਦੇਸ', 'ਜੀਵਨ ਮ੍ਰਿਤਯੂ', 'ਨਯਾ ਜਮਾਨਾ', 'ਜੁਗਨੂੰ', 'ਜੌਹਨੀ ਗੱਦਾਰ', 'ਗੁਲਾਮੀ', 'ਗੁੱਡੀ', 'ਆਂਖੇ', 'ਦੋਸਤ', 'ਅਪਨੇ', 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ', 'ਦਿਲਲਗੀ', 'ਸਮਾਧੀ', 'ਪਿਆਰ ਕੀਆ ਤੋ ਡਰਨਾ ਕਿਆ', 'ਜਵਾਰ ਭਾਟਾ', 'ਸ਼ਾਲੀਮਾਰ', 'ਭਾਗਵਤ', 'ਰਾਮ ਬਲਰਾਮ', 'ਨੌਕਰ ਬੀਵੀ ਕਾ', 'ਯਮਲਾ ਪਗਲਾ ਦੀਵਾਨਾ', 'ਆਜ਼ਾਦ', 'ਕਣਕਾਂ ਦੇ ਓਹਲੇ', 'ਇਸ਼ਕ ਪਰ ਜ਼ੋਰ ਨਹੀਂ', 'ਡਰੀਮ ਗਰਲ', 'ਇੰਟਰਨੈਸ਼ਨਲ ਕਰੋਕ', 'ਰਾਜਪੂਤ', 'ਆਈ ਮਿਲਨ ਕੀ ਬੇਲਾ', 'ਰਾਜਾ ਜਾਨੀ', 'ਲੋਫਰ', 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ', 'ਬਟਵਾਰਾ', 'ਆਦਮੀ ਔਰ ਇਨਸਾਨ', 'ਲੋਹਾ', 'ਜਾਗੀਰ', 'ਚਾਚਾ ਭਤੀਜਾ', 'ਰਜ਼ੀਆ ਸੁਲਤਾਨ' ਆਦਿ।

ਧਰਮਿੰਦਰ ਨੇ ਪੰਜਾਬੀ ਹੋਣ ਦੇ ਨਾਤੇ ਕਈ ਪੰਜਾਬੀ ਫਿਲਮਾਂ ਵਿੱਚ ਬਗੈਰ ਮਿਹਨਤਾਨਾ ਲਏ ਕੰਮ ਕੀਤਾ। 'ਕਣਕਾਂ ਦੇ ਓਹਲੇ' (1971), 'ਦੋ ਸ਼ੇਰ' (1974), 'ਦੁੱਖ ਭੰਜਨ ਤੇਰਾ ਨਾਮ ਜੀ' (1974), 'ਤੇਰੀ ਮੇਰੀ ਇੱਕ ਜਿੰਦੜੀ' (1975), 'ਸੰਤੋ ਬੰਤੋ' (1976), 'ਪੁੱਤ ਜੱਟਾਂ ਦੇ' (1983), 'ਕੁਰਬਾਨੀ ਜੱਟ ਦੀ' (1990) ਅਤੇ 'ਡਬਲ ਦੀ ਟ੍ਰਬਲ' (2014) ਆਦਿ।

ਧਰਮਿੰਦਰ ਜਦੋਂ ਨਵਾਂ-ਨਵਾਂ ਫਿਲਮਾਂ 'ਚ ਆਇਆ ਸੀ ਤਾਂ ਬੜਾ ਚਾਅ ਸੀ, ਖੂਨ ਗਰਮ ਸੀ, ਪੰਜਾਬੀ ਬੰਦਾ ਸੀ ਤੇ ਦਲੇਰ ਸੀ। ਇਸ ਲਈ ਆਪਣੇ ਜ਼ਿਆਦਾਤਰ ਸਟੰਟ ਉਹ ਖੁਦ ਹੀ ਕਰਦਾ ਸੀ। ਜਿਵੇਂ ਕਿ ਫਿਲਮ 'ਸ਼ੋਅਲੇ' 'ਚ ਇੱਕ ਸੀਨ ਵਿੱਚ ਡਾਕੂਆਂ ਨੇ ਭੱਜੇ ਜਾਂਦੇ ਘੋੜੇ ਤੋਂ ਧਰਮਿੰਦਰ ਨੂੰ ਥੱਲੇ ਸੁੱਟਣਾ ਸੀ ਤੇ ਧਰਮਿੰਦਰ ਨੇ ਫਿਰ ਘੋੜੇ 'ਤੇ ਚੜ੍ਹਨਾ ਸੀ। ਇਹ ਸੀਨ ਧਰਮਿੰਦਰ ਨੇ ਖੁਦ ਕੀਤਾ ਸੀ। ਉਹ ਵੀ ਡਾਇਰੈਕਟਰ ਨੂੰ ਦੱਸੇ ਬਿਨਾਂ। ਜਦੋਂ ਸੀਨ ਇਸ ਤਰ੍ਹਾਂ ਹੋਇਆ ਤਾਂ ਡਾਇਰੈਕਟਰ ਧਰਮਿੰਦਰ ਨੂੰ ਗੁੱਸੇ ਹੋਇਆ। ਫਿਲਮ 'ਮੇਰਾ ਗਾਓਂ ਮੇਰਾ ਦੇਸ' ਵਿੱਚ ਘੋੜਿਆਂ 'ਤੇ ਕੀਤਾ ਸਟੰਟ ਵੀ ਉਸ ਦਾ ਹੀ ਸੀ। ਇੱਕ ਹੋਰ ਫਿਲਮ ਵਿੱਚ ਉਹ ਚੀਤੇ ਨਾਲ ਭਿੜ ਗਿਆ ਸੀ।

ਆਪਣੀਆਂ ਫਿਲਮਾਂ ਦੀ ਸਫਲਤਾ ਲਈ ਧਰਮਿੰਦਰ ਨੇ ਕਈ ਮਾਨ ਸਨਮਾਨ ਵੀ ਹਾਸਲ ਕੀਤੇ। ਇਨ੍ਹਾਂ ਵਿੱਚ 1965 ਵਿੱਚ ਆਈ ਫਿਲਮ 'ਆਈ ਮਿਲਨ ਕੀ ਬੇਲਾ' ਲਈ ਫਿਲਮਫੇਅਰ ਬੈਸਟ ਸਪੋਰਟਿੰਗ ਐਕਟਰ ਐਵਾਰਡ ਅਤੇ 1967 ਵਿੱਚ 'ਫੂਲ ਔਰ ਪੱਥਰ' ਲਈ ਫਿਲਮਫੇਅਰ ਬੈਸਟ ਐਕਟਰ ਐਵਾਰਡ ਮਿਲਿਆ ਸੀ। 1970 ਵਿੱਚ ਧਰਮਿੰਦਰ ਨੂੰ ਦੁਨੀਆ ਦਾ ਸਭ ਤੋਂ ਖੂਬਸੂਰਤ ਵਿਅਕਤੀ ਐਲਾਨਿਆ ਗਿਆ। 1972 ਵਿੱਚ 'ਮੇਰਾ ਗਾਓਂ ਮੇਰਾ ਦੇਸ' ਲਈ ਫਿਲਮਫੇਅਰ ਬੈਸਟ ਐਕਟਰ, 1974 ਵਿੱਚ 'ਯਾਦੋਂ ਕੀ ਬਾਰਾਤ' ਲਈ ਫਿਲਮਫੇਅਰ ਬੈਸਟ ਐਕਟਰ ਐਵਾਰਡ ਮਿਲਿਆ। 1975 ਵਿੱਚ 'ਰੇਸ਼ਮ ਕੀ ਡੋਰੀ' ਲਈ ਫਿਲਮਫੇਅਰ ਬੈਸਟ ਐਕਟਰ ਐਵਾਰਡ, 1991 ਵਿੱਚ 'ਘਾਇਲ' ਲਈ ਵਧੀਆ ਫਿਲਮ ਲਈ 'ਰਾਸ਼ਟਰੀ ਫਿਲਮ ਐਵਾਰਡ' ਮਿਲਿਆ ਸੀ। ਇਸੇ ਫਿਲਮ ਲਈ ਫਿਲਮਫੇਅਰ ਬੈਸਟ ਫਿਲਮ ਐਵਾਰਡ ਮਿਲਿਆ। 1997 ਵਿੱਚ ਉਸ ਨੂੰ ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਦੇ ਨਾਲ ਹੀ ਉਸ ਨੂੰ 2005 ਵਿੱਚ ਜ਼ੀ ਸਿਨੇ ਐਵਾਰਡ ਵੱਲੋਂ ਲਾਈਫਟਾਈਮ ਅਚੀਵਮੈਂਟ ਐਵਾਰਡ ਅਤੇ 2011 ਵਿੱਚ ਦਾਦਾ ਸਾਹਬ ਫਾਲਕੇ ਅਕਾਦਮੀ ਐਵਾਰਡ ਵਿੱਚ ਦਾਦਾ ਸਾਹਬ ਫਾਲਕੇ ਰਤਨਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 2012 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ ਪ੍ਰਦਾਨ ਕੀਤਾ ਗਿਆ।

ਧਰਮਿੰਦਰ ਨੇ ਜਿਨ੍ਹਾਂ ਅਭਿਨੇਤਰੀਆਂ ਨਾਲ ਕੰਮ ਕੀਤਾ, ਉਨ੍ਹਾਂ ਵਿੱਚ ਮਧੂਬਾਲਾ, ਸਾਇਰਾ ਬਾਨੋ, ਨੂਤਨ, ਮੀਨਾ ਕੁਮਾਰੀ, ਸ਼ਰਮੀਲਾ ਟੈਗੋਰ, ਸਲਮਾ ਆਗਾ, ਕਿਮੀ ਕਾਟਕਰ, ਡਿੰਪਲ ਕਪਾਡੀਆ, ਸ਼ਬਾਨਾ ਆਜ਼ਮੀ, ਸੁਚਿੱਤਰਾ ਸੇਨ, ਰਤੀ ਅਗਨੀਹੋਤਰੀ, ਸ਼ਸ਼ੀਕਲਾ, ਤਨੂਜਾ, ਆਸ਼ਾ ਪਾਰੇਖ, ਮੁਮਤਾਜ਼, ਹੈਲਨ, ਕਾਮਿਨੀ ਕੌਸ਼ਿਲ, ਰਾਖੀ ਗੁਲਜ਼ਾਰ, ਬਬੀਤਾ ਕਪੂਰ, ਵਹੀਦਾ ਰਹਿਮਾਨ, ਹੇਮਾ ਮਾਲਿਨੀ, ਦੀਪਾ, ਜਯਾ ਬਚਨ, ਲੀਨਾ ਚੰਦਰਾਵਰਕਰ, ਮਾਲਾ ਸਿਨਹਾ, ਰੇਖਾ, ਜੀਨਤ ਅਮਾਨ, ਨੀਤੂ ਸਿੰਘ, ਰੀਨਾ ਰਾਏ, ਸ੍ਰੀਦੇਵੀ, ਮੋਨਿਕਾ ਬੇਦੀ, ਆਗਾ, ਸਮਿਤਾ ਪਾਟਿਲ, ਜਯਾ ਪ੍ਰਦਾ, ਪ੍ਰਵੀਨ ਬਾਬੀ, ਪੂਨਮ ਢਿੱਲੋਂ, ਮੌਸਮੀ ਚੈਟਰਜੀ, ਨੀਲਮ ਕੋਠਾਰੀ, ਭਾਨੂੰ ਪ੍ਰਿਆ, ਉਪਾਸਨਾ ਸਿੰਘ, ਮਾਧੁਰੀ ਦੀਕਸ਼ਤ ਤੇ ਅੰਮ੍ਰਿਤਾ ਸਿੰਘ ਆਦਿ ਦੇ ਨਾਂ ਵਰਨਣਯੋਗ ਹਨ। ਉਸ ਨੇ ਲਗਭਗ 70 ਦੇ ਕਰੀਬ ਹੀਰੋਇਨਾਂ ਨਾਲ ਕੰਮ ਕੀਤਾ, ਪਰ ਸਭ ਤੋਂ ਜ਼ਿਆਦਾ ਫਿਲਮਾਂ ਹੇਮਾ ਮਾਲਿਨੀ ਨਾਲ ਕੀਤੀਆਂ।

ਧਰਮਿੰਦਰ ਨੇ ਆਪਣੀ ਪ੍ਰੋਡਕਸ਼ਨ ਕੰਪਨੀ ਵਿਜੇਤਾ ਖੋਲ੍ਹੀ। ਉਸ ਦੇ ਆਪਣੇ 'ਵਿਜੇਤਾ ਬੈਨਰ' ਹੇਠ ਪੁੱਤਰ ਸੰਨੀ ਦਿਓਲ ਤੇ ਬੌਬੀ ਦਿਓਲ ਦੀਆਂ ਰਿਲੀਜ਼ ਫਿਲਮਾਂ ਹਨ: 'ਬੇਤਾਬ' ਸੰਨੀ ਦਿਓਲ ਨਾਲ, 'ਘਾਇਲ' ਸੰਨੀ ਦਿਓਲ, 'ਬਰਸਾਤ' ਬੌਬੀ ਦਿਓਲ, 'ਸੋਚਾ ਨਾ ਥਾ' ਅਭੈ ਦਿਓਲ, 'ਅਪਨੇ', 'ਘਾਇਲ ਵੰਨਸ ਅਗੇਨ', 'ਸ਼ਹੀਦ' ਸਾਮਲ ਸਨ। ਧਰਮਿੰਦਰ ਨੇ ਆਪਣੇ ਪੋਤੇ ਕਰਨ ਦਿਓਲ ਨੂੰ ਫਿਲਮ 'ਪਲ-ਪਲ ਦਿਲ ਕੇ ਪਾਸ' ਨਾਲ ਸਾਲ 2019 ਵਿੱਚ ਫਿਲਮੀਂ ਦੁਨੀਆ ਵਿੱਚ ਕਦਮ ਰਖਵਾਇਆ। ਕਰਨ ਦਿਓਲ ਦੀ ਪਹਿਲੀ ਫਿਲਮ ਵੀ ਸੰਨੀ ਦਿਓਲ ਤੇ ਬੌਬੀ ਦਿਓਲ ਵਾਂਗ ਧਰਮਿੰਦਰ ਨੇ ਹੀ ਪ੍ਰੋਡਿਊਸ ਕੀਤੀ। ਸੰਨੀ ਦਿਓਲ ਨੇ ਇਸ ਫਿਲਮ ਨੂੰ ਡਾਇਰੈਕਟ ਕੀਤਾ ਤੇ ਇਹ ਫਿਲਮ ਵੀ ਵਿਜੇਤਾ ਬੈਨਰ ਹੇਠ ਹੀ ਤਿਆਰ ਹੋਈ।

ਧਰਮਿੰਦਰ ਨੇ ਟੀਵੀ ਦਾ ਵੀ ਰੁਖ਼ ਕੀਤਾ। ਸਾਜਿਦ ਖਾਨ ਨਾਲ 2011 ਵਿੱਚ ਕਲਰਜ਼ ਚੈਨਲ 'ਤੇ 'ਇੰਡੀਆਜ ਗੌਟ ਟੈਲੇਂਟ' ਵਿੱਚ ਹਾਜਰੀ ਲਵਾਈ। ਉਸ ਨੇ ਰਾਜਨੀਤੀ ਦਾ ਵੀ ਰੁਖ਼ ਕੀਤਾ। 2004 ਵਿੱਚ ਉਸ ਨੇ ਭਾਰਤੀ ਜਨਤਾ ਪਾਰਟੀ ਵੱਲੋਂ ਬੀਕਾਨੇਰ ਤੋਂ ਚੋਣ ਲੜੀ ਤੇ ਜਿੱਤ ਹਾਸਲ ਕੀਤੀ, ਪਰ ਰਾਜਨੀਤੀ ਉਸ ਨੂੰ ਰਾਸ ਨਹੀਂ ਆਈ ਕਿਉਂਕਿ ਰਾਜਨੀਤੀ ਬਹੁਤ ਪੇਚੀਦਾ ਖੇਡ ਹੈ। ਧਰਮਿੰਦਰ ਇੱਕ ਨੇਕ ਦਿਲ ਤੇ ਨਰਮ ਦਿਲ ਇਨਸਾਨ ਸੀ।

ਦਿਲਚਸਪ ਕਿੱਸੇ

ਧਰਮਿੰਦਰ ਨੇ ਇੱਕ ਇੰਟਰਵਿਊ ਵਿੱਚ ਆਪਣੀ ਜ਼ਿੰਦਗੀ ਦੇ ਦਿਲਚਸਪ ਕਿੱਸੇ ਸਾਂਝੇ ਕਰਦਿਆਂ ਦੱਸਿਆ ਸੀ,

"ਮੈਂ ਉਦੋਂ ਸਕੂਲ ਵਿੱਚ ਪੜ੍ਹਦਾ ਸੀ ਤੇ ਪਿਤਾ ਜੀ ਦੇ ਹੁਕਮ ਅਨੁਸਾਰ ਸਕੂਲ ਦਸਤਾਰ ਸਜਾ ਕੇ ਜਾਂਦਾ ਸੀ। ਇੱਕ ਦਿਨ ਮੈਂ ਸਕੂਲ ਨੰਗੇ ਸਿਰ ਹੀ ਚਲਾ ਗਿਆ ਕਿ ਚਲੋ ਮੈਂ ਹੈੱਡ ਮਾਸਟਰ ਦਾ ਮੁੰਡਾ ਹਾਂ, ਕੋਈ ਅਧਿਆਪਕ ਮੈਨੂੰ ਕੀ ਕਹੇਗਾ ? ਉੱਥੇ ਇੱਕ ਅਧਿਆਪਕ ਸਨ ਗੁਲਾਮ ਰਸੂਲ। ਉਨ੍ਹਾਂ ਨੇ ਮੈਨੂੰ ਇਸ ਗਲਤੀ ਲਈ ਖੂਬ ਝਿੜਕਾਂ ਮਾਰੀਆਂ। ਇਸ ਘਟਨਾ ਬਾਰੇ ਸ਼ਾਮੀਂ ਘਰ ਆ ਕੇ ਮੈਂ ਆਪਣੇ ਪਿਤਾ ਜੀ ਨੂੰ ਦੱਸਿਆ ਤਾਂ ਪਿਤਾ ਜੀ ਨੇ ਮੈਨੂੰ ਉਸ ਮਾਸਟਰ ਤੋਂ ਵੀ ਜ਼ਿਆਦਾ ਝਿੜਕਾਂ ਮਾਰੀਆਂ।"

"ਮੈਂ ਆਪਣੀ ਮਾਂ ਦੀ ਸੇਵਾ ਕਰਦੇ ਸਮੇਂ ਲੱਤਾਂ ਬਾਹਾਂ ਘੁੱਟ ਦਿਆ ਕਰਦਾ ਸੀ। ਪੈੱਗ ਲਾਉਣ ਦੀ ਆਦਤ ਜਿਹੀ ਪੈ ਗਈ ਸੀ, ਪਰ ਮੇਰੇ ਪਿਤਾ ਜੀ ਬੜੇ ਸਖਤ ਸੁਭਾਅ ਦੇ ਆਦਮੀ ਸਨ। ਉਨ੍ਹਾਂ ਤੋਂ ਚੋਰੀ ਛਿਪੇ ਪੀ ਲੈਂਦਾ ਸੀ। ਮਾਂ ਨੇ ਕਹਿਣਾ ਕਿ ਪੁੱਤ ਨਾ ਪੀਆ ਕਰ। ਤੇਰੇ ਪਿਤਾ ਜੀ ਨਾਰਾਜ਼ ਹੋਣਗੇ। ਇੱਕ ਦਿਨ ਰਾਤ ਨੂੰ ਮੈਂ ਛੋਟਾ ਜਿਹਾ ਪੈੱਗ ਲਾ ਲਿਆ ਤੇ ਮੈਂ ਕਿਹਾ ਕਿ 'ਬੇਬੇ ਲਿਆ ਲੱਤਾਂ ਘੁੱਟ ਦਿਆ', ਸੋ ਮੈਂ ਆਪਣੀ ਮਾਂ ਦੀਆਂ ਲੱਤਾਂ ਬਾਹਾਂ ਘੁੱਟਣ ਲੱਗ ਪਿਆ। ਮੇਰੀ ਮਾਂ ਕਹਿੰਦੀ ਕਿ ਤੂੰ ਸ਼ਰਾਬ ਪੀਤੀ ਏ, ਮੈਂ 'ਹਾਂ' ਵਿੱਚ ਸਿਰ ਹਿਲਾਇਆ। ਮਾਂ ਮੈਨੂੰ ਕਹਿਣ ਲੱਗੀ ਕਿ 'ਚੱਲ ਕਦੀ-ਕਦੀ ਪੀ ਲਿਆ ਕਰ।' ਮੈਂ ਕਿਹਾ ਕਿ ਕਿਉਂ ਬੇਬੇ ? ਕਿਉਂ ਪੀ ਲਿਆ ਕਰਾਂ ? ਤਾਂ ਉਹ ਕਹਿੰਦੀ ਕਿ 'ਪੀ ਕੇ ਤੂੰ ਲੱਤਾ ਬਾਹਾਂ ਬੜੀਆਂ ਵਧੀਆਂ ਘੁੱਟਦਾ ਏ।"

ਧਰਮਿੰਦਰ ਇੱਕ ਬਹੁਤ ਚੰਗਾ ਕਵੀ ਵੀ ਸੀ। ਉਸ ਨੇ ਆਪਣੀ ਆਤਮ ਕਥਾ ਵੀ ਲਿਖੀ ਹੈ। ਉਸ ਦੇ ਲਿਖੇ ਕੁਝ ਸ਼ੇਅਰ ਹਨ;

ਵਕਤ ਕੀ ਨੰਗੀ ਤਲਵਾਰ ਪੇ,
ਤਵਾਜ਼ਨ ਸੀਖਾ ਹੈ ਮੈਂਨੇ।
ਅਬ ਯੇ ਨੋਕੀਲੇ ਪੱਥਰ, ਕਿਆ
ਡਰਾਏਂਗੇ ਮੁਝੇ।

ਨਹੀਂ ਚਾਹਤਾ ਜੋ ਜਹਾਂ, ਜਰਾ ਦਿਲ ਸੇ
ਪੂਛੋ ਵੋਹ।
ਧੜਕ ਉਠੇਗਾ ਨਾਮ ਸੇ ਮੇਰੇ, ਔਰ
ਗਵਾਹੀ ਦੇਗਾ ਵੋਹ।

ਯਹਾਂ ਕਭੀ ਕੋਈ ਕੁਛ ਭੀ ਨਹੀਂ ਹੋਤਾ।
ਔਰ ਕਭੀ ਕੋਈ ਉਸ ਜੈਸਾ ਨਹੀਂ ਹੋਤਾ

ਐਸੇ ਵੈਸੇ ਲੋਗ, ਬਨ ਜਾਤੇ ਹੈ ਕੈਸੇ
ਕੈਸੇ।
ਹਮ ਤੀਨ ਮੇਂ ਹੈ, ਨਾ ਤੇਰਾਂ ਮੇਂ ਹੈ।
ਮਗਰ ਹਮ ਖੁਦਾ ਕੇ ਬੰਦੋਂ ਕੀ, ਉਸ
ਗਿਨਤੀ ਮੇਂ ਹੈ।
ਜੋ ਮੁਹੱਬਤ ਕੋ ਖੁਦਾ, ਖੁਦਾ ਕੋ ਮੁਹੱਬਤ
ਕਹਿਤੇ ਹੈਂ।

ਸਭ ਕੁਛ ਜਹਾਂ ਹਾਸਿਲੋਂ ਜ਼ਿੰਦਗੀ ਕੁਛ
ਭੀ ਨਹੀਂ ਹੋਤੀ।
ਮੈਨੇ ਦੇਖੇ ਹੈ ਏਕ ਸੇ ਏਕ ਸਿਕੰਦਰ
ਖਾਲੀ ਹਾਥ ਜਾਤੇ ਹੂਏ।

ਸਵਾਲ- ਇਸ਼ਕ ਨੇ ਮਾਰਾ ਤੁਝੇ ਸ਼ਰਾਬ
ਨੇ ਮਾਰਾ।
ਮਿਲਤਾ ਨਾ ਵਰਨਾ ਕੋਈ ਸਾਨੀ
ਤੁਮਹਾਰਾ।
ਜਵਾਬ-ਸ਼ਰਾਬ ਨਾ ਹੋਤੀ ਤੋ ਇਸ਼ਕ ਨਾ
ਹੋਤਾ।
ਯੇ ਜੀਨਾ ਭੀ ਕੋਈ ਜੀਨਾ ਹੋਤਾ।

ਜਹਾਂ ਰੂਹ ਸਹਿਮਤ ਨਹੀਂ।
ਵਹਾਂ ਉਸ ਕੀ ਰਹਿਮਤ ਨਹੀਂ।

ਧਰਮਿੰਦਰ ਸਿੰਘ

# ਦਿਲ ਦੇ ਰੋਗ ਵਾਲੀ ਔਰਤ ਨੂੰ ਜਣੇਪੇ ਤੋਂ ਪਹਿਲਾਂ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ



ਭਾਵੇਂ ਦਿਲ ਦੇ ਰੋਗ ਹੋਣ ਜਾਂ ਨਾ, ਗਰਭ ਦੌਰਾਨ ਹਰ ਔਰਤ ਦੇ ਦਿਲ ਉੱਤੇ ਅਸਰ ਜ਼ਰੂਰ ਪੈਂਦਾ ਹੈ। ਜੇ ਦਿਲ ਦਾ ਕੋਈ ਪਹਿਲਾਂ ਰੋਗ ਨਾ ਹੋਵੇ ਤਾਂ ਔਰਤ ਇਹ ਬਦਲਾਓ ਸੌਖਿਆਂ ਜਰ ਜਾਂਦੀ ਹੈ ਪਰ ਜੇ ਪਹਿਲਾਂ ਤੋਂ ਹੀ ਦਿਲ ਦਾ ਰੋਗ ਹੋਵੇ ਤਾਂ ਕਈ ਵਾਰ ਜੱਚਾ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ।

ਹਰ ਗਰਭਵਤੀ ਔਰਤ ਦੇ ਦਿਲ ਨੂੰ 30 ਤੋਂ 50 ਪ੍ਰਤੀਸ਼ਤ ਵੱਧ ਲਹੂ ਕੱਢਣਾ ਪੈਂਦਾ ਹੈ ਕਿਉਂਕਿ ਲਹੂ ਵਿਚ ਪਲਾਜ਼ਮਾ ਵਾਧੂ ਹੋ ਜਾਂਦਾ ਹੈ ਤੇ ਨਾੜੀਆਂ ਫੈਲਣ ਕਾਰਨ ਜ਼ਿਆਦਾ ਲਹੂ ਬਾਹਰ ਵੱਲ ਧੱਕਣਾ ਪੈਂਦਾ ਹੈ।

ਜੇ ਪਹਿਲਾਂ ਤੋਂ ਹੀ ਦਿਲ ਦਾ ਰੋਗ ਹੋਵੇ ਤਾਂ
* ਭਰੂਣ ਪੂਰਾ ਵਧ-ਫੁੱਲ ਨਹੀਂ ਸਕਦਾ
* ਗਰਭ ਡਿਗ ਸਕਦਾ ਹੈ
* ਬੱਚਾ ਵਕਤ ਪੂਰਾ ਹੋਣ ਤੋਂ ਪਹਿਲਾਂ ਜੰਮ ਸਕਦਾ ਹੈ
* ਦਿਲ ਫੇਲ੍ਹ ਹੋ ਸਕਦਾ ਹੈ
* ਜੱਚਾ ਦੀ ਮੌਤ ਵੀ ਹੋ ਸਕਦੀ ਹੈ

ਦਿਲ ਦੇ ਰੋਗ ਹੋਣ ਤਾਂ ਚਾਰ ਹਿੱਸਿਆਂ ਵਿਚ ਜੱਚਾ ਦੇ ਲੱਛਣ ਵੰਡ ਕੇ, ਉਸੇ ਹਿਸਾਬ ਨਾਲ ਇਲਾਜ ਕੀਤਾ ਜਾਂਦਾ ਹੈ।

ਭਾਗ : 1
* ਤੁਰਨ-ਫਿਰਨ ਜਾਂ ਕੰਮਕਾਰ ਵਿਚ ਕੋਈ ਦਿੱਕਤ ਨਾ ਆ ਰਹੀ ਹੋਵੇ
* ਕੰਮ ਕਰਦਿਆਂ ਛਾਤੀ ਵਿਚ ਕੋਈ ਪੀੜ ਨਾ ਹੋਵੇ
* ਐਨਜਾਈਨਾ ਨਾ ਹੋ ਰਿਹਾ ਹੋਵੇ (ਛਾਤੀ ਵਿਚ ਪੀੜ)

ਭਾਗ : 2
* ਕੰਮਕਾਰ ਕਰਦਿਆਂ ਕੁਝ ਚਿਰ ਰੁਕਣਾ ਪਵੇ
* ਹਲਕਾ ਸਾਹ ਚੜ੍ਹਨਾ, ਦਿਲ ਦੀ ਧੜਕਨ ਤੇਜ਼ ਹੋਣੀ, ਜੋ ਆਰਾਮ ਕਰਨ ਨਾਲ ਠੀਕ ਹੋ ਜਾਵੇ

ਭਾਗ : 3
* ਕੰਮ ਕੀਤਾ ਹੀ ਨਾ ਜਾ ਰਿਹਾ ਹੋਵੇ
* ਥੋੜ੍ਹਾ ਤੁਰਨ ਨਾਲ ਵੀ ਸਾਹ ਚੜ੍ਹਨ ਲੱਗ ਪਵੇ ਤੇ ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋਵੇ
* ਐਨਜਾਈਨਾ ਦੀ ਪੀੜ ਰਤਾ ਕੁ ਤੁਰਨ ਉੱਤੇ ਹੋਣ ਲੱਗ ਪਵੇ

ਭਾਗ : 4
* ਲੇਟੇ ਹੋਇਆਂ ਵੀ ਧੜਕਨ ਵਧਦੀ ਰਹੇ ਤੇ ਸਾਹ ਚੜ੍ਹੇ
* ਬੈਠੇ ਹੋਇਆਂ ਵੀ ਐਨਜਾਈਨਾ ਦੀ ਪੀੜ ਹੋਵੇ

ਘਰੇਲੂ ਇਲਾਜ
* ਪੂਰੀ ਤਰ੍ਹਾਂ ਆਰਾਮ ਕਰਨਾ
* ਭਾਰ ਰੋਜ਼ ਤੋਲਣਾ
* ਭੀੜ-ਭੜੱਕੇ ਤੋਂ ਪਰ੍ਹਾਂ ਰਹਿਣਾ ਤੇ ਰਿਸ਼ਤੇਦਾਰਾਂ ਨੂੰ ਘੱਟ ਤੋਂ ਘੱਟ ਮਿਲਣਾ * ਲਹੂ ਦੀ ਕਮੀ ਨਾ ਹੋਣ ਦੇਣੀ, ਪ੍ਰੋਟੀਨ ਵੱਧ ਖਾਣੀ, ਥਿੰਦਾ ਘੱਟ ਖਾਣਾ * ਘਰ ਦੇ ਕੰਮਕਾਰ ਤੋਂ ਪੂਰੀ ਛੁੱਟੀ ਲੈਣੀ

ਦਿਲ ਫੇਲ੍ਹ ਹੋਣ ਦੇ ਲੱਛਣ
* ਵਾਰ-ਵਾਰ ਖੰਘ ਹੁੰਦੀ ਰਹਿਣੀ
* ਸਾਹ ਚੜ੍ਹਨਾ, ਰਾਤ ਨੂੰ ਸੁੱਤਿਆਂ ਸਾਹ ਚੜ੍ਹਨ ਨਾਲ ਇਕਦਮ ਉੱਠ ਕੇ ਬੈਠਣਾ ਪਵੇ * ਦਿਲ ਦੀ ਧੜਕਨ ਲਗਾਤਾਰ ਵਧੀ ਲੱਗੇ
* ਪੈਰਾਂ ਤੇ ਲੱਤਾਂ ਉੱਤੇ ਸੋਜਾ
* ਮੂੰਹ ਉੱਤੇ ਵੀ ਸੋਜ਼ਿਸ਼
* ਬਲਗਮ ਵਾਲੀ ਖੰਘ ਜਾਂ ਥੁੱਕ ਵਿਚ ਲਹੂ ਆਉਣਾ

ਡਾਕਟਰੀ ਇਲਾਜ :
ਗਰਭ ਦੌਰਾਨ ਹਰ ਹਫ਼ਤੇ ਡਾਕਟਰ ਕੋਲੋਂ ਚੈੱਕਅਪ ਕਰਵਾਉਣਾ ਚਾਹੀਦਾ ਹੈ ਅਤੇ ਉਸ ਦੀ ਸਲਾਹ ਨਾਲ ਇਲਾਜ ਕਰਾਉਣਾ ਜ਼ਰੂਰੀ ਹੁੰਦਾ ਹੈ।

ਡਾ. ਹਰਸ਼ਿੰਦਰ ਕੌਰ

# ਸਦਾਬਹਾਰ ਨਿੰਬੂ ਹੈ ਸਿਹਤ ਦਾ ਖ਼ਜ਼ਾਨਾ

ਵਿਟਾਮਿਨ ਸੀ ਨਾਲ ਭਰਪੂਰ ਨਿੰਬੂ ਸਾਰਾ ਸਾਲ ਬਾਜ਼ਾਰ ਵਿਚ ਮਿਲਦਾ ਰਹਿੰਦਾ ਹੈ। ਇਸ ਦੀ ਵੱਖ-ਵੱਖ ਢੰਗਾਂ ਨਾਲ ਵਰਤੋਂ ਨਾਲ ਵੱਖ-ਵੱਖ ਲਾਭ ਮਿਲਦੇ ਹਨ। ਨਿੰਬੂ ਹਾਜ਼ਮੇ ਸੰਬੰਧੀ ਕਈ ਤਕਲੀਫ਼ਾਂ ਵਿਚ ਲਾਭਕਾਰੀ ਹੁੰਦਾ ਹੈ। ਨਿੰਬੂ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਕਾਗਜ਼ੀ ਨਿੰਬੂ ਸਭ ਤੋਂ ਉੱਤਮ ਹੁੰਦਾ ਹੈ। ਨਿੰਬੂ ਹਮੇਸ਼ਾ ਤਾਜ਼ਾ ਖ਼ਰੀਦ ਕੇ ਵਰਤੋਂ ਵਿਚ ਲਿਆਉਣਾ ਲਾਭਕਾਰੀ ਹੁੰਦਾ ਹੈ।

ਸਿਹਤ ਸੰਬੰਧੀ ਲਾਭ : ਤਾਜ਼ੇ ਪਾਣੀ ਵਿਚ ਨਿੰਬੂ ਦਾ ਰਸ ਅਤੇ ਕਾਲਾ ਨਮਕ ਮਿਲਾ ਕੇ ਪੀਣ ਨਾਲ ਖ਼ੂਨ ਦੀ ਕਮੀ ਵਿਚ ਲਾਭ ਹੁੰਦਾ ਹੈ।



ਜਿਨ੍ਹਾਂ ਲੋਕਾਂ ਨੂੰ ਭੁੱਖ ਘੱਟ ਲੱਗਦੀ ਹੋਵੇ ਉਹ ਲੋਕ ਭੋਜਨ ਕਰਨ ਤੋਂ ਇਕ ਘੰਟਾ ਪਹਿਲਾਂ ਅੱਧੇ ਨਿੰਬੂ ਨੂੰ ਨਮਕ ਅਤੇ ਪੀਸੀ ਕਾਲੀ ਮਿਰਚ ਦੇ ਨਾਲ ਚੱਟਣ। ਕੁਝ ਦਿਨਾਂ ਵਿਚ ਭੁੱਖ ਲੱਗਣੀ ਸ਼ੁਰੂ ਹੋ ਜਾਵੇਗੀ। ਸਰੀਰ ਦੇ ਪਾਚਨ ਤੰਤਰ ਨੂੰ ਵੀ ਠੀਕ ਰੱਖਦਾ ਹੈ ਨਿੰਬੂ। ਨਿਰੋਗ ਰਹਿਣ ਲਈ ਅੱਧੇ ਨਿੰਬੂ ਦਾ ਸੇਵਨ ਹਰ ਰੋਜ਼ ਕਰੋ। ਜਿਨ੍ਹਾਂ ਰੋਗੀਆਂ ਦਾ ਯੂਰਿਕ ਐਸਿਡ ਵਧਦਾ ਹੈ, ਉਨ੍ਹਾਂ ਨੂੰ ਇਕ ਗਿਲਾਸ ਕੋਸੇ ਪਾਣੀ ਵਿਚ ਇਕ ਨਿੰਬੂ ਦਾ ਰਸ ਅਤੇ ਅੱਧਾ ਚਮਚ ਅਦਰਕ ਦਾ ਰਸ ਮਿਲਾ ਕੇ ਪੀਣਾ ਚਾਹੀਦਾ ਹੈ। ਸਵੇਰੇ ਖ਼ਾਲੀ ਪੇਟ ਲਗਾਤਾਰ ਪੀਣ ਨਾਲ ਯੂਰਿਕ ਐਸਿਡ ਦੀ ਮਾਤਰਾ ਘੱਟ ਹੁੰਦੀ ਹੈ।

ਬੱਚਿਆਂ ਨੂੰ ਦਸਤ ਲੱਗਣ 'ਤੇ ਗਰਮ ਦੁੱਧ ਵਿਚ 8-10 ਬੂੰਦਾਂ ਨਿੰਬੂ ਦੇ ਰਸ ਦੀਆਂ ਪਾ ਕੇ ਉਸ ਨੂੰ ਫੈਂਟ ਲਓ। ਦੁੱਧ ਵਿਚ ਜਦੋਂ ਪਨੀਰ ਵਰਗੀਆਂ ਫੁਟੀਆਂ ਬਣ ਜਾਣ, ਤਾਂ ਉਨ੍ਹਾਂ ਨੂੰ ਵੱਖ ਕਰ ਕੇ ਉਸ ਦਾ ਪਾਣੀ ਥੋੜ੍ਹਾ ਥੋੜ੍ਹਾ ਕਰ ਕੇ ਬੱਚਿਆਂ ਨੂੰ ਪਿਲਾਓ। ਅਜਿਹਾ ਦਿਨ ਵਿਚ ਚਾਰ ਵਾਰ ਦਿਓ। ਹੌਲੀ-ਹੌਲੀ ਲਾਭ ਮਿਲੇਗਾ। ਵੱਡੇ ਰੋਗੀ ਨੂੰ ਵੀ ਦਿੱਤਾ ਜਾ ਸਕਦਾ ਹੈ। ਵੱਡਿਆਂ ਨੂੰ ਇਕ ਗਿਲਾਸ ਪਾਣੀ ਵਿਚ ਅੱਧਾ ਨਿੰਬੂ ਨਿਚੋੜ ਕੇ ਦਿਨ ਵਿਚ ਚਾਰ ਵਾਰ ਥੋੜ੍ਹਾ ਥੋੜ੍ਹਾ ਦਿਓ।

ਬਲੱਡ ਪ੍ਰੈਸ਼ਰ ਠੀਕ ਬਣਾਈ ਰੱਖਣ ਲਈ ਸਵੇਰੇ ਇਕ ਗਿਲਾਸ ਪਾਣੀ ਵਿਚ ਨਿੰਬੂ ਦਾ ਰਸ ਮਿਲਾ ਕੇ ਪੀਓ। ਇਸ ਨਾਲ ਮੋਟਾਪਾ ਵੀ ਘੱਟ ਹੋਵੇਗਾ ਕਿਉਂਕਿ ਨਿੰਬੂ ਸਰੀਰ ਵਿਚ ਮੌਜੂਦ ਸੋਡੀਅਮ ਲੂਣਾਂ ਨੂੰ ਘੱਟ ਕਰਦਾ ਹੈ।

ਬੁਖ਼ਾਰ ਹੋਣ 'ਤੇ ਜਦੋਂ ਪਿਆਸ ਜ਼ਿਆਦਾ ਲੱਗੇ ਤਾਂ ਉਬਲਿਆ ਹੋਇਆ ਪਾਣੀ ਠੰਢਾ ਕਰ ਕੇ ਉਸ ਵਿਚ ਇਕ ਨਿੰਬੂ ਦਾ ਰਸ ਮਿਲਾ ਕੇ ਪੀਂਦੇ ਰਹੋ। ਮੂੰਹ ਸੁੱਕੇਗਾ ਨਹੀਂ।

ਸਬਜ਼ੀਆਂ ਵਿਚ ਨਿੰਬੂ ਦਾ ਰਸ ਪਾਉਣ ਨਾਲ ਸਬਜ਼ੀ ਦੇ ਸਵਾਦ ਵਿਚ ਕੁਦਰਤੀ ਖਟਾਸ ਆ ਜਾਂਦੀ ਹੈ ਅਤੇ ਸਬਜ਼ੀ ਤੇ ਦਾਲ, ਸੌਖਿਆਂ ਹਜ਼ਮ ਹੋ ਜਾਂਦੀ ਹੈ।

ਕਬਜ਼ ਦੂਰ ਕਰਨ ਲਈ ਹਰ ਰੋਜ਼ ਇਕ ਗਿਲਾਸ ਕੋਸੇ ਪਾਣੀ ਵਿਚ ਤਾਜ਼ੇ ਨਿੰਬੂ ਦਾ ਰਸ ਨਿਚੋੜ ਕੇ ਪੀਣ ਨਾਲ ਕਬਜ਼ ਦੀ ਸ਼ਿਕਾਇਤ ਦੂਰ ਹੁੰਦੀ ਹੈ।

ਧਿਆਨ ਦਿਓ : ਜਿਨ੍ਹਾਂ ਲੋਕਾਂ ਨੂੰ ਐਸਿਡੀਟੀ ਹੋਵੇ, ਉਹ ਨਿੰਬੂ ਦੀ ਵਰਤੋਂ ਘੱਟ ਤੋਂ ਘੱਟ ਕਰਨ।

ਜਿਨ੍ਹਾਂ ਲੋਕਾਂ ਦੀ ਚਮੜੀ 'ਤੇ ਸਫ਼ੇਦ ਦਾਗ ਦੀ ਸਮੱਸਿਆ ਹੋਵੇ, ਉਹ ਵੀ ਨਿੰਬੂ ਦੀ ਵਰਤੋਂ ਨਾ ਕਰਨ।

ਨੀਤੂ ਗੁਪਤਾ

# ਫਲੂ ਤੇ ਡੇਂਗੂ ਦੇ ਲੱਛਣ ਅਤੇ ਇਲਾਜ

ਫਲੂ (ਵਾਇਰਲ)/ ਕੋਰੋਨਾ

ਇਹ ਬੁਖਾਰ ਸਭ ਤੋਂ ਜ਼ਿਆਦਾ ਸਾਧਾਰਨ ਬੁਖਾਰ ਹੈ ਕਿਉਂਕਿ ਇਸ ਦੇ ਵਾਇਰਸ ਹਵਾ ਵਿਚ ਰਹਿੰਦੇ ਹਨ ਜਿਸ ਨਾਲ ਕਮਜ਼ੋਰ, ਬਜ਼ੁਰਗ ਅਤੇ ਬੱਚੇ ਇਸ ਦੇ ਘੇਰੇ ਵਿਚ ਆ ਜਾਂਦੇ ਹਨ। ਇਹ ਬੁਖਾਰ ਬਹੁਤ ਛੇਤੀ ਬਿਮਾਰੀ ਫੈਲਾਉਂਦਾ ਹੈ। ਇਸ ਨਾਲ ਪੀੜਤ ਵਿਅਕਤੀ ਦੇ ਸੰਪਰਕ ਵਿਚ ਆਈ ਚੀਜ਼ ਨੂੰ ਕੋਈ ਦੂਜਾ ਵਰਤੇ ਤਾਂ ਉਸ ਨੂੰ ਵੀ ਬੁਖਾਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ ਜਿਵੇਂ ਫੋਨ, ਹੈਂਡਲ, ਤੌਲੀਆ ਆਦਿ ਵਰਤਣ ਨਾਲ।

ਲੱਛਣ : ਸਿਰ ਦਰਦ, ਜੋੜਾਂ ਅਤੇ ਮਾਸਪੇਸ਼ੀਆਂ ਵਿਚ ਦਰਦ, ਥਕਾਵਟ, ਗਲਾ ਖ਼ਰਾਬ, ਖਾਂਸੀ ਜ਼ੁਕਾਮ (ਨੱਕ ਵਗਣਾ ਜਾਂ ਨੱਕ ਦਾ ਬੰਦ ਹੋਣਾ), ਅੱਖਾਂ ਵਿਚ ਲਾਲੀ ਹੋਣਾ ਇਸ ਦੇ ਲੱਛਣ ਹਨ।

ਉਂਝ ਇਸ ਬੁਖਾਰ ਵਿਚ ਕਿਸੇ ਟੈਸਟ ਦੀ ਲੋੜ ਨਹੀਂ ਪੈਂਦੀ ਪਰ ਇਸ ਦੇ ਅਤੇ ਕੋਰੋਨਾ ਦੇ ਲੱਛਣ ਇਕੋ ਜਿਹੇ ਹੋਣ ਕਾਰਨ ਇਸ ਲਈ ਤੇਜ਼ ਬੁਖਾਰ ਹੋਣ 'ਤੇ ਇਕ-ਦੋ ਦਿਨ ਤੋਂ ਬਾਅਦ ਆਰ.ਟੀ.ਪੀ.ਸੀ.ਆਰ. ਟੈਸਟ ਕਰਵਾ ਲੈਣਾ ਚਾਹੀਦਾ ਹੈ। ਬੁਖਾਰ ਜ਼ਿਆਦਾ ਦਿਨ ਰਹੇ ਤਾਂ ਪੂਰਾ ਬਲੱਡ ਕਾਊਂਟ ਕਰਵਾਇਆ ਜਾਂਦਾ ਹੈ।

ਇਲਾਜ : ਇਸ ਵਿਚ ਜੇ ਬੁਖਾਰ ਜ਼ਿਆਦਾ ਹੋ ਜਾਵੇ ਤਾਂ ਇਸ ਲਈ ਡਾਕਟਰ ਹਰ ਛੇ ਘੰਟੇ ਤੋਂ ਬਾਅਦ ਪੈਰਾਸੀਟਾਮੋਲ ਲੈਣ ਦੀ ਸਲਾਹ ਦਿੰਦੇ ਹਨ। ਬੱਚਿਆਂ ਨੂੰ ਉਸ ਦੀ ਉਮਰ ਅਤੇ ਭਾਰ ਅਨੁਸਾਰ ਪੈਰਾਸੀਟਾਮੋਲ ਸਿਰਪ ਦੱਸਦੇ ਹਨ। ਜੇਕਰ ਇਕ ਜਾਂ ਦੋ ਦਿਨ ਤੱਕ ਬੁਖਾਰ ਨਾ ਠੀਕ ਹੋਇਆ ਤਾਂ ਡਾਕਟਰ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਹੈ।

ਡੇਂਗੂ : ਡੇਂਗੂ ਦਾ ਬੁਖਾਰ ਵੀ ਮੱਛਰ ਦੇ ਲੜਨ ਨਾਲ ਫੈਲਦਾ ਹੈ। ਮਾਦਾ ਮੱਛਰ ਏਡੀਜ਼ ਏਜਿਪਟੀ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਦਿਨ ਵਿਚ ਖ਼ਾਸ ਕਰਕੇ





ਸ ਵ ੇ ਰ

ਵੇਲੇ ਲੜਦਾ ਹੈ। ਇਹ 5 ਤੋਂ 10 ਦਿਨ ਤੱਕ ਰਹਿੰਦਾ ਹੈ। ਇਸ ਵਿਚ ਤੇਜ਼ ਬੁਖਾਰ ਹੁੰਦਾ ਹੈ, ਤੇਜ਼ ਸਿਰ ਦਰਦ, ਅੱਖਾਂ ਪਿੱਛੇ ਦਰਦ, ਕਮਜ਼ੋਰੀ, ਉਲਟੀ, ਪੇਟ ਦਰਦ, ਚੱਕਰ ਆਉਣਾ ਆਮ ਲੱਛਣ ਹਨ। ਕਦੇ-ਕਦੇ ਮਸੂੜਿਆਂ ਵਿਚੋਂ ਖ਼ੂਨ ਆਉਣਾ, ਪਾਖਾਨੇ ਜਾਂ ਉਲਟੀ ਵਿਚ ਖ਼ੂਨ ਆ ਸਕਦਾ ਹੈ। ਸਰੀਰ 'ਤੇ ਗੂੜ੍ਹੇ ਨੀਲੇ ਰੰਗ ਦੇ ਦਾਗ਼ ਵੀ ਦਿਖਾਈ ਦੇ ਸਕਦੇ ਹਨ। ਰੋਗੀ ਦਾ ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ, ਰੋਗੀ ਬੇਹੋਸ਼ ਹੋ ਸਕਦਾ ਹੈ। ਡੇਂਗੂ ਤਿੰਨ ਤਰ੍ਹਾਂ ਦਾ ਹੁੰਦਾ ਹੈ। ਸਾਧਾਰਨ ਡੇਂਗੂ, ਹੈਮਰੇਜਿਕ, ਡੇਂਗੂ ਸ਼ਾਕ ਸਿੰਡਰੋਮ। ਡੇਂਗੂ ਬੁਖਾਰ ਦੀ ਜਾਂਚ ਵੀ ਟੈਸਟ ਰਾਹੀਂ ਹੁੰਦੀ ਹੈ। ਪਹਿਲੇ ਦਿਨ ਹੀ ਟੈਸਟ ਤੋਂ ਪਤਾ ਲੱਗ ਜਾਂਦਾ ਹੈ। ਸਾਧਾਰਨ ਡੇਂਗੂ ਹੋਣ 'ਤੇ ਘਰ ਆਰਾਮ ਕਰ ਕੇ ਹਰ 6 ਘੰਟੇ ਦੇ ਵਕਫ਼ੇ ਬਾਅਦ ਪੈਰਾਸੀਟਾਮੋਲ ਦੀ ਗੋਲੀ ਲਈ ਜਾ ਸਕਦੀ। ਤਰਲ ਪਦਾਰਥ ਜ਼ਿਆਦਾ ਲਓ। ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਲਓ ਤਾਂ ਕਿ ਖ਼ੂਨ ਸੰਘਣਾ ਨਾ ਹੋ ਹੋਵੇ ਅਤੇ ਜੰਮੇ ਨਾ। ਡਾਕਟਰ ਦੀ ਸਲਾਹ ਲਓ ਤਾਂ ਬਿਹਤਰ ਰਹੇਗਾ।

ਬਾਕੀ ਦੇ ਦੋਵੇਂ ਡੇਂਗੂ ਬੁਖਾਰ ਵਿਚ ਪਲੇਟਲੈਟਸ ਘੱਟ ਹੋਣ ਲਗਦੇ ਹਨ ਜਿਸ ਨਾਲ ਸਰੀਰ ਦੇ ਜ਼ਰੂਰੀ ਅੰਗਾਂ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਬੁਖਾਰ ਉਤਰਨ ਤੋਂ ਬਾਅਦ ਵੀ ਪਲੇਟਲੈਟਸ ਇਕ-ਦੋ ਦਿਨ ਬਾਅਦ ਜ਼ਰੂਰ ਚੈੱਕ ਕਰਾਓ। ਬਲੱਡ ਪ੍ਰੈਸ਼ਰ ਦੀ ਵੀ ਜਾਂਚ ਕਰਾਉਂਦੇ ਰਹੋ।

ਬੁਖਾਰ ਵਿਚ ਕੀ ਖਾਈਏ, ਕੀ ਨਹੀਂ
* ਰੋਗੀ ਦਾ ਭੋਜਣ ਬੰਦ ਨਾ ਕਰੋ। ਤਰਲ ਪਦਾਰਥ ਜ਼ਿਆਦਾ ਦਿਓ। ਹਲਕਾ ਖਾਣਾ ਦਿੰਦੇ ਰਹੋ। ਬੁਖਾਰ ਵਿਚ ਸਿਹਤਮੰਦ ਖਾਣਾ ਜ਼ਰੂਰੀ ਹੈ।
* ਬੁਖਾਰ ਵਿਚ ਰੋਗੀ ਨੂੰ ਪ੍ਰੋਟੀਨ ਵਾਲੇ ਭੋਜਨ ਦਿਓ, ਜਿਵੇਂ ਦਾਲ, ਰਾਜਮਾਹ, ਦੁੱਧ, ਅੰਡਾ, ਪਨੀਰ, ਮੱਛੀ ਆਦਿ, ਖ਼ਾਸ ਕਰਕੇ ਵਧਦੇ ਬੱਚਿਆਂ ਲਈ।
* ਮੌਸਮੀ ਫਲ, ਮੌਸਮੀ ਸਬਜ਼ੀਆਂ ਦਿਓ। ਸਰੀਰਕ ਤਾਕਤ ਨੂੰ ਬਣਾਈ ਰੱਖਣ ਲਈ ਵਿਟਾਮਿਨ-ਸੀ ਦਿਓ।

# ਜੀਵਨ ਰੱਖਿਅਕ ਹੈ ਐਂਜ਼ਾਈਮ



ਸਰੀਰ ਦੀਆਂ ਸਾਰੀਆਂ ਕਿਰਿਆਵਾਂ ਦਾ ਸੰਚਾਲਨ ਐਂਜ਼ਾਈਮ ਕਰਦੇ ਹਨ ਇਹ ਸੌਂਦੇ-ਜਾਗਦੇ ਸਮੇਂ ਖੁਦ ਕੰਮ ਕਰਦੇ ਰਹਿੰਦੇ ਹਨ। ਖਾਣ ਵਾਲੇ ਪਦਾਰਥਾਂ ਦੇ ਮੂੰਹ 'ਚ ਪਹੁੰਚਦਿਆਂ ਹੀ ਐਂਜ਼ਾਈਮ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ।

ਇਹ ਸਰੀਰ ਨੂੰ ਚਲਾਉਣ ਦਾ ਕੰਮ ਕਰਦੇ ਹਨ। ਸਰੀਰਕ ਬਣਤਰ 'ਚ ਸਹਿਯੋਗ ਕਰਦੇ ਹਨ। ਜ਼ਹਿਰੀਲੇ ਪਦਾਰਥਾਂ ਅਤੇ ਭੋਜਨ ਦੇ ਵਾਧੂ ਅੰਸ਼ਾਂ ਨੂੰ ਬਾਹਰ ਕੱਢ ਦਿੰਦੇ ਹਨ। ਐਂਜ਼ਾਈਮ ਦਾ ਨਿਰਮਾਣ ਕੁਦਰਤੀ ਰੂਪ 'ਚ ਹੁੰਦਾ ਹੈ। ਕੱਚੇ ਫਲ, ਸਬਜ਼ੀਆਂ 'ਚ ਇਸ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਪਰ ਗ਼ੈਰ-ਕੁਦਰਤੀ ਢੰਗ ਨਾਲ ਪਕਾਏ ਜਾਣ 'ਤੇ ਇਹ ਖਤਮ ਹੋ ਜਾਂਦੇ ਹਨ। ਪੁੰਗਰਿਆ ਅਨਾਜ ਇਨ੍ਹਾਂ ਦਾ ਸਭ ਤੋਂ ਵਧੀਆ ਸਰੋਤ ਹੈ। ਇਹ ਭੋਜਨ ਨੂੰ ਹਜ਼ਮ ਹੋਣ 'ਚ ਸਹਿਯੋਗ ਕਰਦੇ ਹਨ। ਸਰੀਰਕ ਕਸ਼ਟਾਂ ਅਤੇ ਅੜਚਨਾਂ ਨੂੰ ਦੂਰ ਵੀ ਕਰਦੇ ਹਨ।

ਇਹ ਦਿਮਾਗ ਨੂੰ ਤੰਦਰੁਸਤ ਰੱਖਦੇ ਹਨ। ਸਰੀਰ ਦੀ ਟੁਟ-ਭੱਜ ਨੂੰ ਠੀਕ ਕਰਦੇ ਹਨ। ਜ਼ਖ਼ਮਾਂ ਨੂੰ ਭਰਨ 'ਚ ਮਦਦ ਕਰਦੇ ਹਨ। ਫਲ-ਫੁੱਲ ਅਤੇ ਸਬਜ਼ੀ ਤਾਜ਼ੀ ਖਾਣ ਨਾਲ ਸਰੀਰ 'ਚ ਰੋਗਾਂ ਨਾਲ ਲੜਨ ਦੀ ਸ਼ਕਤੀ ਬਣੀ ਰਹਿੰਦੀ ਹੈ। ਸਿਹਤ ਵੀ ਸਹੀ ਰਹਿੰਦੀ ਹੈ।

# ਜੇ ਬੱਚੇ ਦੇ ਸੱਟ ਲੱਗ ਜਾਵੇ



ਇਹ ਕਹਾਵਤ ਤਾਂ ਸੱਚ ਹੈ ਕਿ 'ਬੱਚੇ ਡਿਗ-ਡਿੱਗ ਕੇ ਹੀ ਜਵਾਨ ਹੁੰਦੇ ਹਨ।' ਬੱਚੇ ਤਾਂ ਆਖਿਰ ਬੱਚੇ ਹੀ ਹਨ। ਇਹ ਭਲਾ ਬਿਨਾਂ ਡਿੱਗੇ ਕਿਸ ਤਰ੍ਹਾਂ ਵੱਡੇ ਹੋਣਗੇ। ਕਦੀ ਡਿਗਦੇ ਹਨ, ਕਦੀ ਕੱਟ ਲਗਵਾ ਲੈਂਦੇ ਹਨ ਤੇ ਕਦੀ ਕਿਸੇ ਗਰਮ ਚੀਜ਼ ਨੂੰ ਛੂਹ ਲੈਂਦੇ ਹਨ। ਅਜਿਹਾ ਹੋਣ 'ਤੇ ਬੱਚਿਆਂ ਦੀ ਤਕਲੀਫ਼ ਵੀ ਵਧ ਜਾਂਦੀ ਹੈ। ਅਜਿਹੀ ਸਥਿਤੀ 'ਤੇ ਮਾਂ-ਬਾਪ ਕਿਵੇਂ ਕਾਬੂ ਪਾਉਣ, ਧਿਆਨ ਦਿਓ ਕੁਝ ਆਸਾਨ ਘਰੇਲੂ ਉਪਾਵਾਂ ਵੱਲ:

* ਕਦੀ-ਕਦੀ ਬੱਚੇ ਖੇਡਦੇ ਹੋਏ ਬਿਜਲੀ ਦੀ ਸਾਕਟ 'ਚ ਉਂਗਲੀ ਫਸਾ ਲੈਂਦੇ ਹਨ, ਅਜਿਹਾ ਹੋਣ 'ਤੇ ਉਨ੍ਹਾਂ ਨੂੰ ਹਲਕਾ ਜਿਹਾ ਝਟਕਾ ਲੱਗ ਸਕਦਾ ਹੈ। ਇਸ ਸਥਿਤੀ 'ਚ ਬੱਚੇ ਨੂੰ ਗੋਦ 'ਚ ਲੈ ਕੇ ਪਿਆਰ ਕਰੋ, ਗਰਮ ਦੁੱਧ ਪਿਲਾਓ ਅਤੇ ਬੱਚੇ ਨੂੰ ਗਰਮ ਵਾਤਾਵਰਨ 'ਚ ਰੱਖੋ।
* ਤੇਜ਼ ਕਰੰਟ ਲੱਗਣ 'ਤੇ ਜੇਕਰ ਬੱਚਾ ਬੇਹੋਸ਼ ਹੋ ਗਿਆ ਤਾਂ ਤੁਰੰਤ ਡਾਕਟਰ ਕੋਲ ਲੈ ਜਾਓ।
* ਜੇਕਰ ਬੱਚੇ 'ਤੇ ਗਰਮ ਦੁੱਧ, ਚਾਹ ਜਾਂ ਪਾਣੀ ਪੈ ਜਾਵੇ ਤਾਂ ਅਜਿਹੀ ਸਥਿਤੀ 'ਚ ਉਸ ਜਗ੍ਹਾ 'ਤੇ ਠੰਢਾ ਪਾਣੀ ਪਾਓ। ਇਸ ਨਾਲ ਠੰਢਕ ਵੀ ਮਿਲੇਗੀ ਅਤੇ ਇਨਫੈਕਸ਼ਨ ਦਾ ਖ਼ਤਰਾ ਵੀ ਘੱਟ ਹੋ ਜਾਵੇਗਾ।
* ਸੜੇ ਹੋਈ ਜਗ੍ਹਾ 'ਤੇ ਹਲਦੀ ਦਾ ਲੇਪ ਜਾਂ ਐਂਟੀਸੈਪਟਿਕ ਕਰੀਮ ਲਗਾਓ।
* ਜ਼ਿਆਦਾ ਸੜ ਜਾਵੇ, ਤਾਂ ਉਸ ਨੂੰ ਤੁਰੰਤ ਡਾਕਟਰ ਕੋਲ ਲੈ ਜਾਓ।
* ਖੇਡਦੇ-ਖੇਡਦੇ ਬੱਚੇ ਜੇਕਰ ਡਿਗ ਜਾਣ ਅਤੇ ਉਨ੍ਹਾਂ ਨੂੰ ਸੱਟ ਲੱਗ ਜਾਵੇ, ਖ਼ੂਨ ਵਗਣਾ ਬੰਦ ਨਾ ਹੋਵੇ ਤਾਂ ਪਹਿਲਾਂ ਖ਼ੂਨ ਨੂੰ ਵਗਣ ਤੋਂ ਰੋਕਣ ਦਾ ਯਤਨ ਕਰੋ। ਸੱਟ ਵਾਲੀ ਜਗ੍ਹਾ ਨੂੰ ਸਾਫ਼ ਹੱਥਾਂ ਨਾਲ, ਤੌਲੀਏ ਜਾਂ ਰੂੰ ਨਾਲ ਘੱਟੋ-ਘੱਟ ਪੰਜ ਮਿੰਟ ਤੱਕ ਦਬਾ ਕੇ ਰੱਖੋ। ਵਿਚ-ਵਿਚ ਹੱਥ ਹਟਾ ਕੇ ਨਾ ਦੇਖੋ। ਖ਼ੂਨ ਵਗਣ ਤੋਂ ਬਾਅਦ ਦੇਖੋ ਕਿ ਸੱਟ ਕਿੰਨੀ ਡੂੰਘੀ ਹੈ। ਮਾਮੂਲੀ ਸੱਟ ਲੱਗਣ 'ਤੇ ਰੂੰ 'ਤੇ ਡਿਟੋਲ ਜਾਂ ਸੈਵਲਾਨ ਲਗਾ ਕੇ ਸੱਟ ਨੂੰ ਸਾਫ਼ ਕਰੋ। ਉਸ ਤੋਂ ਬਾਅਦ ਕੋਈ ਐਂਟੀਸੈਪਟਿਕ ਕਰੀਮ ਲਗਾਓ ਅਤੇ ਪੱਟੀ ਬੰਨ੍ਹ ਦਿਓ।
* ਵਾਰ-ਵਾਰ ਸੱਟ ਲੱਗਣ 'ਤੇ, ਸੜਕ 'ਤੇ ਡਿਗਣ ਜਾਂ ਲੋਹੇ ਨਾਲ ਸੱਟ ਲੱਗਣ 'ਤੇ ਟੈਟਨੈੱਸ ਟਾਕਸਾਈਡ ਦਾ ਟੀਕਾ ਨਾ ਲਗਵਾਓ। ਇਕ ਵਾਰ ਟੀਕੇ ਦਾ ਕੋਰਸ ਪੂਰਾ ਹੋਣ ਤੋਂ ਬਾਅਦ ਇਸ ਦਾ ਅਸਰ ਪੂਰੇ ਪੰਜ ਸਾਲ ਰਹਿੰਦਾ ਹੈ। ਟੀਕਾ ਲਗਵਾਉਣ ਦੀ ਤਰੀਕ ਬੱਚੇ ਦੀ ਟੀਕਾ ਬੁੱਕ 'ਚ ਨੋਟ ਕਰ ਲਓ, ਤਾਂ ਕਿ ਵਾਰ-ਵਾਰ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ।
* ਡੂੰਘਾ ਜ਼ਖ਼ਮ ਹੋਵੇ ਤਾਂ ਡਾਕਟਰ ਕੋਲ ਜਾਓ ਅਤੇ ਪੱਟੀ ਕਰਵਾਓ। ਡਾਕਟਰ ਦੀ ਸਲਾਹ ਅਨੁਸਾਰ ਸੱਟ ਨੂੰ ਢਕ ਕੇ ਰੱਖੋ।
* ਜੀਭ ਕੱਟੀ ਜਾਵੇ ਤਾਂ ਬੱਚੇ ਨੂੰ ਠੰਢੇ ਪਾਣੀ ਨਾਲ ਕੁਰਲੀ ਜ਼ਰੂਰ ਕਰਵਾਓ ਅਤੇ ਥੋੜ੍ਹੀ ਜਿਹੀ ਖੰਡ ਬੱਚੇ ਦੇ ਮੂੰਹ ਵਿਚ ਪਾਓ। ਇਸ ਨਾਲ ਖ਼ੂਨ ਰੁਕ ਜਾਵੇਗਾ।
* ਧਿਆਨ ਰੱਖੋ ਕਿ ਸੱਟ ਨੂੰ ਨੰਗਾ ਨਾ ਰੱਖੋ ਕਿਉਂਕਿ ਮੱਖੀ, ਮੱਛਰ ਦੇ ਬੈਠਣ ਨਾਲ ਜ਼ਖ਼ਮ ਜ਼ਿਆਦਾ ਖ਼ਰਾਬ ਹੋ ਜਾਵੇਗਾ।
* ਕੰਨ ਜਾਂ ਨੱਕ 'ਚ ਬੱਚੇ ਨੇ ਕੁਝ ਫਸਾ ਲਿਆ ਹੈ, ਤਾਂ ਉਸ ਨੂੰ ਈ.ਐਨ.ਟੀ. ਸਪੈਸ਼ਲਿਸਟ ਦੇ ਕੋਲ ਲੈ ਜਾਓ। ਭੁੱਲ ਕੇ ਵੀ ਖੁਦ ਚਿਮਟੀ ਆਦਿ ਨਾਲ ਕੱਢਣ ਦਾ ਯਤਨ ਨਾ ਕਰੋ।
* ਜੇਕਰ ਬੱਚਾ ਕੋਈ ਤਿੱਖੀ ਵਸਤੂ ਅੰਦਰ ਲੰਘਾ ਲਵੇ, ਉਸੇ ਸਮੇਂ ਐਕਸਰੇ ਕਰਵਾ ਲਓ ਤਾਂ ਉਸੇ ਸਮੇਂ 'ਤੇ ਪਤਾ ਲੱਗ ਜਾਵੇਗਾ ਕਿ ਸਰੀਰ ਦੇ ਕਿਹੜੇ ਹਿੱਸੇ 'ਚ ਚੀਜ਼ ਫਸੀ ਹੋਈ ਹੈ ਅਤੇ ਕਿੰਨੀ ਨੁਕਸਾਨਦਾਇਕ ਹੈ। ਅਜਿਹੇ 'ਚ ਡਾਕਟਰ ਦੀ ਸਲਾਹ ਨੂੰ ਮੰਨੋ।

# ਧਰਤੀ ਦੀ ਕਵਿਤਾ ਹੈ ਨਾਰੀ

ਦੁਆਬੇ ਦਾ ਦਿਲ ਮੰਨੇ ਜਾਂਦੇ ਜਲੰਧਰ ਸ਼ਹਿਰ ਦੇ ਘੁੱਗ ਵਸਦੇ ਇਕ ਮੁਹੱਲੇ ਵਿਚ ਤੇਰਾਂ ਸਾਲ ਦੀ ਬੱਚੀ ਦੇ ਵਹਿਸ਼ੀਆਨਾ ਕਤਲ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਅਫਸੋਸ! ਇਹ ਕਾਲੀ ਕਰਤੂਤ ਉਸ ਰਾਕਸ਼ਸ਼ ਨੇ ਕੀਤੀ ਜਿਸ ਦੀ ਧੀ ਨਾਲ ਬੱਚੀ ਖੇਡਣ ਲਈ ਘਰੋਂ ਨਿਕਲੀ ਸੀ। ਮੰਦੜੇ ਭਾਗੀਂ ਦਰਿੰਦਾ ਘਰ ਵਿਚ ਇਕੱਲਾ ਸੀ ਜਿਸ ਨੇ ਪੀੜਤ ਨੂੰ ਆਪਣਾ ਸ਼ਿਕਾਰ ਬਣਾ ਲਿਆ। ਇਨਸਾਨ ਦੇ ਭੇਸ ਵਿਚ ਇਸ ਨੇ ਡੈਣ ਵਾਂਗ ਸੱਤ ਘਰ ਵੀ ਨਾ ਛੱਡੇ। ਫਾਰਸੀ ਜੜ੍ਹਾਂ ਨਾਲ ਜੁੜੇ ਸ਼ਬਦ 'ਦਰਿੰਦਾ' ਦਾ ਅਰਥ ਚੀਰਨਾ/ਫਾੜਨਾ ਜਾਂ ਨਿਰਦਈ ਮਨੁੱਖ ਹੈ।

ਭਾਵ, ਦਰਿੰਦਾ ਉਹ ਮਾਸਾਹਾਰੀ ਜਨੌਰ ਹੁੰਦਾ ਹੈ ਜਿਸ ਦੇ ਮੂੰਹ ਨੂੰ ਖੂਨ ਲੱਗਾ ਹੁੰਦਾ ਹੈ। ਅਜਿਹੇ ਜਾਂਗਲੀ, ਜੰਗਲ ਵਿਚ ਨਹੀਂ ਰਹਿੰਦੇ ਬਲਕਿ ਜੰਗਲ ਇਨ੍ਹਾਂ ਦੇ ਦਿਲੋ-ਦਿਮਾਗ ਵਿਚ ਹੁੰਦਾ ਹੈ। ਅਜਿਹਾ ਕਾਂਡ ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲੇ ਹਰੇਕ ਸੰਵੇਦਨਸ਼ੀਲ ਵਿਅਕਤੀ ਨੂੰ ਝੰਜੋੜ ਕੇ ਰੱਖ ਦਿੰਦਾ ਹੈ। ਇਹ ਬਹਿਰੂਪੀਆ ਕੇਵਲ ਮਨੁੱਖਤਾ ਦਾ ਹੀ ਨਹੀਂ ਬਲਕਿ ਦੀਨ ਦਾ ਵੀ ਦੋਸ਼ੀ ਹੈ ਜਿਸ ਨੇ ਪੰਜ ਕਕਾਰਾਂ ਦੀ ਬੇਅਦਬੀ ਕਰਦਿਆਂ ਕੁਕਰਮ ਕੀਤਾ ਸੀ। ਸਿੱਖੀ ਸਰੂਪ ਧਾਰਨ ਕਰਨ ਤੋਂ ਪਹਿਲਾਂ ਉਹ ਹੋਰ ਧਰਮਾਂ ਦਾ ਪੈਰੋਕਾਰ ਵੀ ਸੀ। ਭੇਖ ਉਸ ਦੀ ਜੀਵਨ-ਸ਼ੈਲੀ ਸੀ।

ਸਿੱਖੀ ਸਰੂਪ ਵਿਚ ਆ ਕੇ ਵੀ ਉਹ ਸ਼ਰੇਆਮ ਸ਼ਰਾਬ ਤੇ ਕਬਾਬ ਦਾ ਸੇਵਨ ਕਰਦਾ ਸੀ। ਘਰ ਵਿਚ ਕਲ੍ਹਾ-ਕਲੇਸ਼ ਆਮ ਵਰਤਾਰਾ ਸੀ। ਕੁਕਰਮ ਤੋਂ ਬਾਅਦ ਜਦੋਂ ਇਸ ਭੇਖੀ ਦੀ ਗਿੱਦੜ-ਕੁੱਟ ਹੋਈ ਤਾਂ ਇਸ ਕਾਰੇ ਨੇ ਸਮੁੱਚੀ ਕੌਮ ਨੂੰ ਸ਼ਰਮਸਾਰ ਕਰ ਦਿੱਤਾ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਸਰਬਰਾਹ, ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਇਲਾਵਾ ਅਕਾਲੀ ਦਲ ਤੇ ਹੋਰ ਸਿਆਸੀ ਜਮਾਤਾਂ ਦੇ ਲੀਡਰਾਂ ਨੇ ਪੀੜਤ ਪਰਿਵਾਰ ਨਾਲ ਉਨ੍ਹਾਂ ਦੇ ਘਰ ਪੁੱਜ ਕੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੋਸ਼ੀ ਨੂੰ ਮਿਸਾਲੀ ਸਜਾ ਦਿਵਾਉਣ ਦੀ ਮੰਗ ਕੀਤੀ।

ਪੀੜਤ ਬੱਚੀ ਦੇ ਘਰ ਤੋਂ ਕੁਝ ਕਦਮਾਂ 'ਤੇ ਦੋਸ਼ੀ ਦਾ ਘਰ ਹੈ। ਸੀਸੀਟੀਵੀ ਕੈਮਰੇ ਨਾ ਹੁੰਦੇ ਤਾਂ ਦੋਸ਼ੀ ਨੇ ਲਾਸ਼ ਨੂੰ ਖੁਰਦ-ਬੁਰਦ ਕਰ ਦੇਣਾ ਸੀ। ਸੀਸੀਟੀਵੀ ਕੈਮਰੇ ਵਿਚ ਬੱਚੀ ਚਾਈਂ-ਚਾਈਂ ਆਪਣੀ ਸਹੇਲੀ ਦੇ ਘਰ ਵੱਲ ਨੂੰ ਦੌੜੀ ਜਾਂਦੀ ਦਿਖਾਈ ਦਿੰਦੀ ਹੈ। ਸਹੇਲੀ ਦਾ ਬਾਪ ਉਸ ਨੂੰ ਅੰਦਰ ਬੁਲਾ ਕੇ ਅੰਦਰੋਂ ਕੁੰਡੀ ਲਗਾ ਲੈਂਦਾ ਹੈ। ਬੱਚੀ ਦੇ ਘਰ ਦੇ ਜਦੋਂ ਲੱਭਦੇ-ਲੁਭਾਉਂਦੇ ਉਸ ਦੀ ਸਹੇਲੀ ਦੇ ਘਰ ਪੁੱਜਦੇ ਹਨ ਤਾਂ ਉਸ ਦਾ ਰਾਕਸ਼ਸ਼ ਪਿਤਾ ਮੁੱਕਰ ਜਾਂਦਾ ਹੈ ਕਿ ਉਹ ਉਸ ਦੇ ਘਰ ਆਈ ਸੀ। ਚਿੱਟੇ ਦਿਨ ਕਾਲੀ ਕਰਤੂਤ ਦਾ ਉਦੋਂ ਪਤਾ ਲੱਗਾ ਜਦੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲੀ ਗਈ।



ਇਸ ਨੇ ਪੁਲਿਸ ਦੀ ਨਾਲਾਇਕੀ ਨੂੰ ਵੀ ਜੱਗ ਜਾਹਰ ਕੀਤਾ ਜਿਸ ਕਾਰਨ ਏਐੱਸਆਈ ਤੇ ਪੀਸੀਆਰ ਦੇ ਮੁਲਾਜਮ ਨੂੰ ਕ੍ਰਮਵਾਰ ਬਰਖਾਸਤ ਤੇ ਮੁਅੱਤਲ ਕੀਤਾ ਗਿਆ ਹੈ। ਇਸ ਘਿਨੌਣੀ ਵਾਰਦਾਤ ਦਾ ਪੰਜਾਬ ਵਰਗੇ ਸੂਬੇ ਵਿਚ ਵਾਪਰਨਾ ਹੋਰ ਵੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ ਕਿਉਂਕਿ ਔਰਤ ਜਾਤ ਦੇ ਹੱਕ-ਹਕੂਕ ਸੁਰੱਖਿਅਤ ਰੱਖਣ ਲਈ ਸਭ ਤੋਂ ਵੱਧ ਬੁਲੰਦ ਆਵਾਜ ਇਸ ਖਿੱਤੇ 'ਚੋਂ ਹੀ ਚੁੱਕੀ ਜਾਂਦੀ ਰਹੀ ਹੈ। ਜਿਸ ਵੇਲੇ ਔਰਤ ਜਾਤ 'ਤੇ ਅਕਹਿ ਤੇ ਅਸਹਿ ਜੁਲਮ ਹੁੰਦੇ ਸਨ, ਉਦੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਸ਼ਲੋਕ ਰਾਹੀਂ ਮਨੁੱਖ ਦੀ ਜਮੀਰ ਨੂੰ ਝੰਜੋੜਿਆ ਸੀ। ਮਹਾਂਵਾਕ ਅਨੁਸਾਰ ਔਰਤ ਜਗਤ-ਜਣਨੀ ਹੈ। ਉਸ ਨੇ ਰਾਜੇ-ਰਾਣਿਆਂ ਤੱਕ ਨੂੰ ਜਨਮ ਦਿੱਤਾ ਹੈ।

ਇਕ ਸੱਚਾ ਰੱਬ ਹੀ ਹੈ ਜੋ ਉਸ ਦੇ ਉਦਰ 'ਚੋਂ ਪੈਦਾ ਨਹੀਂ ਹੋਇਆ। ਸੋਲਵੀਂ ਸਦੀ ਵਿਚ ਪੰਜਾਬ ਦਾ ਲੋਕ-ਨਾਇਕ ਅਬਦੁੱਲਾ ਖਾਨ ਭੱਟੀ (ਦੁੱਲਾ ਭੱਟੀ) ਔਰਤ ਦੇ ਮਨੁੱਖੀ ਅਧਿਕਾਰਾਂ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਜੁਲਮ ਖਿਲਾਫ ਲੜਨ ਵਾਲੀ ਭੱਟੀ ਖਾਨ ਦੀ ਉਹ ਤੀਜੀ ਪੀੜ੍ਹੀ ਦਾ ਨਾਇਕ ਸੀ ਜੋ ਅੱਜ ਵੀ ਲੋਕ-ਮਨਾਂ 'ਤੇ ਰਾਜ ਕਰਦਾ ਹੈ। ਧੀਆਂ ਦੀ ਲਾਜ ਦਾ ਰਾਖਾ ਬਣਨ ਕਰ ਕੇ ਉਸ ਦਾ ਨਾਂ ਅੱਜ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ। 'ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ/ਦੁੱਲਾ ਭੱਟੀ ਵਾਲਾ, ਹੋ/ਦੁੱਲੇ ਧੀ ਵਿਆਹੀ...' ਵਰਗੇ ਲੋਕ ਗੀਤਾਂ ਨੇ ਉਸ ਨੂੰ ਅਮਰ ਕਰ ਦਿੱਤਾ ਹੈ। ਅਗਲੀ ਸਦੀ 'ਚ ਜੱਸਾ ਸਿੰਘ ਆਹਲੂਵਾਲੀਆ ਵਰਗੇ ਸੂਰਬੀਰ ਜਰਨੈਲ ਨੇ ਮੁਗਲ ਸੈਨਾਵਾਂ ਵੱਲੋਂ ਅਗਵਾ ਕੀਤੀਆਂ ਗਈਆਂ ਕੁੜੀਆਂ ਨੂੰ ਛੁਡਵਾ ਕੇ ਬੰਦੀ ਛੋੜ ਦਾ ਲਕਬ ਹਾਸਲ ਕੀਤਾ। ਛੋਟੀਆਂ ਬੱਚੀਆਂ ਨੂੰ ਕੰਜਕਾਂ ਤੇ ਦੇਵੀਆਂ ਵਾਂਗ ਪੂਜਣ ਵਾਲੇ ਖਿੱਤੇ ਵਿਚ ਜਲੰਧਰ ਵਰਗੀ ਵਹਿਸ਼ੀਆਨਾ ਵਾਰਦਾਤ ਵਾਪਰਨ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸੋਲਾਂ ਦਸੰਬਰ 2012 ਨੂੰ ਜਦੋਂ ਰਾਜਧਾਨੀ ਦਿੱਲੀ 'ਚ ਨਿਰਭੈਆ ਕਾਂਡ ਵਾਪਰਿਆ ਸੀ ਤਾਂ ਹੱਥਾਂ ਵਿਚ ਬਲਦੀਆਂ ਮੋਮਬੱਤੀਆਂ ਲੈ ਕੇ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਦਾ ਸੈਲਾਬ ਆ ਗਿਆ ਸੀ। ਸਭ ਤੋਂ ਵੱਧ ਮੋਮ ਪੰਜਾਬ ਵਿਚ ਪਿਘਲੀ ਸੀ। ਨਿਰਭੈਆ ਨਾਲ ਹੋਈ ਦਰਿੰਦਗੀ ਤੋਂ ਬਾਅਦ ਉਸ ਨੇ 20 ਮਾਰਚ 2012 ਨੂੰ ਸਿੰਗਾਪੁਰ ਦੇ ਹਸਪਤਾਲ ਵਿਚ ਆਖਰੀ ਸਾਹ ਲਿਆ ਸੀ। ਇਹ ਵਾਰਦਾਤ ਰਾਤ ਵੇਲੇ ਇਕ ਪ੍ਰਾਈਵੇਟ ਬੱਸ ਵਿਚ ਵਾਪਰੀ ਸੀ। ਇਸ ਕੇਸ ਵਿਚ ਚਾਰ ਨੂੰ ਫਾਂਸੀ ਹੋਈ, ਇਕ ਨੇ ਜੇਲ੍ਹ ਵਿਚ ਆਤਮਹੱਤਿਆ ਕਰ ਲਈ ਤੇ ਛੇਵੇਂ ਦੋਸ਼ੀ ਨੂੰ ਨਾਬਾਲਗ ਹੋਣ ਕਾਰਨ ਕੇਵਲ ਤਿੰਨ ਸਾਲ ਦੀ ਸਜਾ ਹੋਈ ਸੀ। ਇਸ ਦੇ ਵਿਪਰੀਤ ਜਲੰਧਰ ਵਾਲੀ ਸ਼ਰਮਨਾਕ ਘਟਨਾ ਤਾਂ ਚਿੱਟੇ ਦਿਨ ਵਾਪਰੀ ਸੀ।

ਉਹ ਵੀ ਪੀੜਤ ਦੇ ਘਰ ਤੋਂ ਚੰਦ ਕਦਮਾਂ ਦੀ ਦੂਰੀ 'ਤੇ। ਨਿਰਭੈਆ ਕਾਂਡ ਤੋਂ ਬਾਅਦ ਕਾਨੂੰਨ ਵਿਚ ਸੋਧਾਂ ਕਰ ਕੇ ਸਜਾਵਾਂ ਨੂੰ ਹੋਰ ਸਖਤ ਬਣਾਇਆ ਗਿਆ ਸੀ। ਕਾਨੂੰਨ ਬਦਲੇ ਗਏ ਫਿਰ ਵੀ ਅਪਰਾਧੀਆਂ ਦੀ ਮਾਨਸਿਕਤਾ ਨਹੀਂ ਬਦਲੀ। ਘਿਨੌਣੇ ਅਪਰਾਧਾਂ ਨੂੰ ਠੱਲ੍ਹ ਪਾਉਣ ਲਈ ਸਮਾਜ ਦੀ ਵੱਡੀ ਭੂਮਿਕਾ ਹੁੰਦੀ ਹੈ। ਜਗਤ-ਜਣਨੀ ਤੋਂ ਬਿਨਾਂ ਮਨੁੱਖਤਾ ਦੀ ਹੋਂਦ ਸੰਭਵ ਨਹੀਂ ਹੈ। ਇਸ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਜਾਲਮਾਂ ਦੀ ਆਤਮਾ ਨੂੰ ਝੰਜੋੜਨ ਲਈ ਥਾਂ-ਥਾਂ ਗੋਸ਼ਠੀਆਂ ਦਾ ਆਯੋਜਨ ਕਰਨ ਦੀ ਜਰੂਰਤ ਹੈ। ਇੰਟਰਨੈੱਟ ਦੇ ਯੁੱਗ 'ਚ ਅਜਿਹੇ ਹੰਭਲਿਆਂ ਦੀ ਹੋਰ ਵੀ ਲੋੜ ਹੈ। ਨੈੱਟ 'ਤੇ ਪਰੋਸੀਆਂ ਜਾ ਰਹੀਆਂ ਫਾਹਸ਼ ਪੋਸਟਾਂ ਮਾਨਸਿਕਤਾ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। 'ਕੁੜੀਆਂ ਕਿਸਮਤ ਥੁੜ੍ਹੀਆਂ' ਨਹੀਂ ਹਨ। ਉਹ ਕਿਹੜਾ ਖੇਤਰ ਹੈ ਜਿੱਥੇ ਧੀਆਂ ਨੇ ਮੱਲਾਂ ਨਹੀਂ ਮਾਰੀਆਂ। ਕੁੜੀਆਂ ਨੂੰ ਧੀਆਂ, ਭੈਣਾਂ, ਮਾਵਾਂ ਤੇ ਦੇਵੀਆਂ ਦੇ ਰੂਪ ਵਿਚ ਵੇਖਣਾ ਸੱਭਿਅਕ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ। ਸ਼ਿਵ ਕੁਮਾਰ ਬਟਾਲਵੀ ਨਾਰੀ ਨੂੰ ਧਰਤੀ ਦੀ ਕਵਿਤਾ ਕਹਿੰਦਾ ਹੈ।

ਇਨ੍ਹਾਂ ਨਾਲ ਜੁੜੇ ਅਲੰਕਾਰ ਇਤਰਾਂ ਦੇ ਬੁੱਲੇ ਵਾਂਗ ਹੁੰਦੇ ਹਨ। ਇਨ੍ਹਾਂ ਦੀ ਸੋਚ ਨੂੰ ਜੰਜੀਰਾਂ ਪਾਉਣ ਵਾਲਾ ਸਮਾਜ ਰਸਾਤਲ ਵੱਲ ਜਾਂਦਾ ਹੈ। ਪੱਛਮ ਨੇ ਔਰਤਾਂ ਨੂੰ ਘਰਾਂ ਦੀ ਚਾਰਦੀਵਾਰੀ ਦੇ ਪਿੰਜਰਿਆਂ ਤੋਂ ਆਜਾਦ ਕੀਤਾ ਤਾਂ ਇਸ ਨੇ ਬਹੁ-ਪੱਖੀ ਵਿਕਾਸ ਕੀਤਾ ਸੀ। ਪਿੰਜਰਾ ਸੋਨੇ ਦਾ ਵੀ ਹੋਵੇ, ਇਸ ਵਿਚ ਕੈਦ ਹੋਇਆ ਪੰਛੀ ਕੋਈ ਗੀਤ ਨਹੀਂ ਗਾ ਸਕਦਾ। ਪੰਛੀ ਦੇ ਪੌਂਚੇ 'ਚ ਪੱਥਰ-ਗੀਟੀਆਂ ਦੀਆਂ ਝਾਂਜਰਾਂ ਪਾ ਦਿੱਤੀਆਂ ਜਾਣ ਤਾਂ ਉਹ ਭਲਾ ਕਿੰਨੀ ਕੁ ਪਰਵਾਜ ਭਰ ਸਕੇਗਾ? ਜੇ ਔਰਤ ਖੁਸ਼ ਹੈ ਤਾਂ ਉਸ ਘਰ ਦੀ ਤਸਵੀਰ ਤੇ ਤਕਦੀਰ ਬਦਲ ਜਾਂਦੀ ਹੈ। ਕਬਾਇਲੀ ਮਾਨਸਿਕਤਾ ਨੇ ਸਮਾਜ ਦੀ ਮਾਨਸਿਕਤਾ ਨੂੰ ਜਖਮੀ ਕੀਤਾ ਸੀ। ਜਿਨ੍ਹਾਂ ਕੌਮਾਂ ਨੇ ਔਰਤ ਨੂੰ ਬੋਝ ਦੀ ਬਜਾਏ ਬਰਕਤ ਸਮਝਿਆ, ਉਨ੍ਹਾਂ ਨੇ ਹਰ ਮੁਸ਼ਕਲ ਮੰਜਿਲ ਨੂੰ ਸਰ ਕੀਤਾ। ਮਾਵਾਂ ਠੰਢੀਆਂ ਛਾਵਾਂ ਮੰਨੀਆਂ ਗਈਆਂ ਤਾਂ ਉਨ੍ਹਾਂ ਘਰਾਂ ਨੂੰ ਭਾਗ ਲੱਗ ਗਏ। ਜਿਸ ਘਰ 'ਚ ਧੀਆਂ ਦੇ ਚਿਹਰਿਆਂ 'ਤੇ ਖੇੜਾ ਹੋਵੇ, ਓਥੇ ਮਹਿਕਾਂ ਦਾ ਡੇਰਾ ਜਰੂਰ ਹੁੰਦਾ ਹੈ। ਤ੍ਰੈਲੋਚਨ ਲੋਚੀ ਦੇ ਬੋਲ ਯਾਦ ਆਉਂਦੇ ਹਨ, "ਜਾਲਮ ਕਹਿਣ ਬਲਾਵਾਂ ਹੁੰਦੀਆਂ/ਕੁੜੀਆਂ ਤੇ ਕਵਿਤਾਵਾਂ ਹੁੰਦੀਆਂ।" ਮਹਾ-ਕਾਵਿ 'ਲੂਣਾ' ਵਿਚ ਸ਼ਿਵ ਕਹਿੰਦਾ ਹੈ, "ਧਰਤੀ 'ਤੇ ਜੋ ਕੁਝ ਸੋਹਣਾ ਹੈ/ਉਸ ਦੇ ਪਿੱਛੇ ਨਾਰ ਅਵੱਸ਼ ਹੈ।" ਵਿਡੰਬਣਾ ਇਹ ਹੈ ਕਿ ਇੱਕੀਵੀਂ ਸਦੀ 'ਚ ਵੀ ਅਣਗਿਣਤ ਬੱਚੀਆਂ ਕੁੱਖ 'ਚ ਮਰਦੀਆਂ ਹਨ।

ਕਈ ਜਿਉਂਦੀਆਂ ਮਰਦੀਆਂ ਹਨ। ਕਈਆਂ ਨੂੰ ਫੋਕੀ ਅਣਖ ਕਾਰਨ ਮਾਰ ਦਿੱਤਾ ਜਾਂਦਾ ਹੈ। ਸਿੱਖ ਧਰਮ 'ਚ 'ਕੁੜੀਮਾਰ' ਤੇ 'ਨੜੀ ਮਾਰ' ਨੂੰ ਪੰਥ 'ਚੋਂ ਛੇਕਿਆ ਮੰਨਿਆ ਜਾਂਦਾ ਹੈ। ਉਨ੍ਹਾਂ ਖਿਲਾਫ ਹੁਕਮਨਾਮਾ ਜਾਰੀ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ। ਇਸ ਦੇ ਬਾਵਜੂਦ ਬੱਚੀਆਂ ਬਾਰੇ ਸੋਚ ਨਹੀਂ ਬਦਲੀ ਹੈ। ਕੁੜੀ ਮਗਰੋਂ ਮੁੰਡਾ ਜੰਮ ਪਵੇ ਤਾਂ ਪਰਿਵਾਰ ਸੰਪੂਰਨ ਸਮਝਿਆ ਜਾਂਦਾ ਹੈ। 'ਧੀਆਂ ਦੀ ਲੋਹੜੀ' ਮਨਾਉਣ ਵਰਗੇ ਉਪਰਾਲਿਆਂ ਨੇ ਮਾਨਸਿਕਤਾ ਨੂੰ ਬਦਲਣ ਲਈ ਕੁਝ ਹੱਦ ਤੱਕ ਨੇਕ ਕਾਰਜ ਕੀਤਾ ਹੈ। ਫਿਰ ਵੀ 'ਇਕ ਵੀਰ ਦੇਵੀਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ' ਜਾਂ 'ਪੁੱਤਰ ਮਿੱਠੜੇ ਮੇਵੇ, ਅੱਲਾ ਸਭ ਨੂੰ ਦੇਵੇ' ਵਰਗੇ ਲੋਕ ਗੀਤ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਅਜਿਹਾ ਨਾ ਹੁੰਦਾ ਤਾਂ ਭਰੂਣ-ਹੱਤਿਆਵਾਂ ਵਰਗੇ ਅਪਰਾਧਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪੈ ਜਾਂਦੀ।

ਵਰਿੰਦਰ ਸਿੰਘ ਵਾਲੀਆ

# ਭਾਰਤ ਦੀ ਰਣਨੀਤਕ ਪਹੁੰਚ



ਅਮਰੀਕਾ ਵੱਲੋਂ ਨਿਰੰਤਰ ਦਬਾਅ ਬਣਾਉਣ ਦੇ ਬਾਵਜੂਦ ਭਾਰਤ ਰੂਸ ਨਾਲ ਆਪਣਾ ਸਹਿਯੋਗ ਘਟਾਉਣ ਦੇ ਰੌਂਅ ਵਿੱਚ ਨਹੀਂ ਹੈ। ਭਾਰਤ ਦੀ ਸਰਕਾਰੀ ਕੰਪਨੀ ਹਿੰਦੁਸਤਾਨ ਐਰੋਨੌਟਿਕਸ ਲਿਮਟਿਡ ਨੇ ਰੂਸ ਦੀ ਜਨਤਕ ਪੱਧਰ ਦੀ ਸਾਂਝੀ ਸਟਾਕ ਕੰਪਨੀ ਯੂਨਾਈਟਿਡ ਏਅਰਕ੍ਰਾਫਟ ਕਾਰਪੋਰੇਸਨ (ਅਮਰੀਕਾ ਦੁਆਰਾ ਪਾਬੰਦੀਸ਼ੁਦਾ ਫਰਮ) ਨਾਲ ਭਾਰਤ ਵਿੱਚ ਐੱਸਜੇ-100 ਜੈੱਟ ਬਣਾਉਣ ਲਈ ਇੱਕ ਸਮਝੌਤਾ ਕੀਤਾ ਹੈ। ਇਸ ਪਹਿਲਕਦਮੀ ਨਾਲ ਭਾਰਤ ਦੇ ਸਿਵਲ ਹਵਾਬਾਜੀ ਖੇਤਰ ਵਿੱਚ ਆਤਮ-ਨਿਰਭਰਤਾ ਨੂੰ ਹੁਲਾਰਾ ਮਿਲਣ ਤੇ ਐਰੋਸਪੇਸ ਨਿਰਮਾਣ ਦਾ ਕੇਂਦਰ ਬਣਨ ਦੇ ਇਸ ਦੇ ਸੁਪਨੇ ਨੂੰ ਬਲ ਮਿਲਣ ਦੀ ਉਮੀਦ ਹੈ। ਇਹ ਸਮਝੌਤਾ, ਹਵਾਬਾਜੀ ਤੋਂ ਇਲਾਵਾ, ਨਵੀਂ ਦਿੱਲੀ ਦੀ ਮਾਸਕੋ ਨਾਲ ਰਣਨੀਤਕ ਸਬੰਧ ਬਣਾਈ ਰੱਖਣ ਦੀ ਵਿਹਾਰਕ ਪਹੁੰਚ ਨੂੰ ਉਜਾਗਰ ਕਰਦਾ ਹੈ, ਭਾਵੇਂ ਇਸ ਨਾਲ ਵਾਸ਼ਿੰਗਟਨ ਨਾਰਾਜ ਵੀ ਹੋ ਜਾਵੇ। ਇਸੇ ਤਰ੍ਹਾਂ ਇੰਡੀਅਨ ਆਇਲ ਕਾਰਪੋਰੇਸਨ ਅਤੇ ਹੋਰ ਭਾਰਤੀ ਤੇਲ ਕੰਪਨੀਆਂ ਕੱਚੇ ਰੂਸੀ ਤੇਲ ਦੀ ਖਰੀਦ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕਰ ਸਕਦੀਆਂ। ਹਾਲੀਆ ਅਮਰੀਕੀ ਪਾਬੰਦੀਆਂ ਵਿੱਚ ਇੱਕ ਕਮੀ ਹੈ; ਇਹ ਕੁਝ ਖਾਸ ਰੂਸੀ ਸਪਲਾਇਰਾਂ ਨੂੰ ਹੀ ਪਾਬੰਦੀ ਦੇ ਘੇਰੇ ਵਿੱਚ ਲਿਆਉਂਦੀਆਂ ਹਨ, ਤੇਲ ਨੂੰ ਨਹੀਂ। ਇਸ ਦਾ ਮਤਲਬ ਹੈ ਕਿ ਰੂਸ ਦੀ ਧਰਤੀ 'ਚੋਂ ਕੱਚਾ ਤੇਲ ਉਨ੍ਹਾਂ ਫਰਮਾਂ ਰਾਹੀਂ ਮੰਗਵਾਇਆ ਜਾ ਸਕਦਾ ਹੈ ਜਿਨ੍ਹਾਂ 'ਤੇ ਪਾਬੰਦੀ ਨਹੀਂ ਲੱਗੀ, ਜਿਸ ਨਾਲ ਸਪਲਾਈ ਜਾਰੀ ਰਹਿ ਸਕਦੀ ਹੈ। ਇਹ ਬੰਦੋਬਸਤ ਭਾਰਤ ਦੇ ਨਾਲ-ਨਾਲ ਰੂਸ ਲਈ ਵੀ ਢੁੱਕਵਾਂ ਹੈ, ਜੋ ਸਜਾ ਵਰਗੀਆਂ ਪਾਬੰਦੀਆਂ ਦੇ ਅਸਰ ਨੂੰ ਘੱਟ ਕਰਦਾ ਹੈ।

ਅਮਰੀਕੀ ਰਾਸਟਰਪਤੀ ਡੋਨਲਡ ਟਰੰਪ ਨੇ ਮਜਬੂਰ ਹੋ ਕੇ ਮੰਨ ਲਿਆ ਹੈ ਕਿ ਰੂਸ ਦੇ ਮਾਮਲੇ ਵਿੱਚ ਆਪਣੀ ਗੱਲ ਮੰਨਵਾਉਣ ਲਈ ਭਾਰਤ 'ਤੇ ਦਬਾਅ ਬਣਾਉਣਾ ਔਖਾ ਹੈ। ਇੱਕ ਸੁਰੂਆਤੀ ਵਪਾਰਕ ਸਮਝੌਤੇ ਵੱਲ ਸੰਕੇਤ ਕਰਦਿਆਂ, ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਸਭ ਤੋਂ ਵਧੀਆ ਦਿਸਣ ਵਾਲਾ ਵਿਅਕਤੀ' ਕਰਾਰ ਦਿੱਤਾ ਹੈ ਜੋ 'ਬਹੁਤ ਸਖਤ ਸੁਭਾਅ' ਰੱਖਦਾ ਹੈ। ਜਰੂਰੀ ਨਹੀਂ ਕਿ ਇਸ ਪ੍ਰਸੰਸਾ ਦਾ ਮਤਲਬ ਹੈ ਕਿ ਟਰੰਪ ਭਾਰਤ ਨੂੰ ਪਰਖਣਾ ਬੰਦ ਕਰ ਦੇਣਗੇ, ਪਰ ਇਸ ਵਿੱਚੋਂ ਉਨ੍ਹਾਂ ਦੀ ਲੈਣ-ਦੇਣ ਵਾਲੀ ਵਿਸ਼ੇਸ਼ ਕੂਟਨੀਤੀ ਝਲਕਦੀ ਹੈ। ਉਹ ਲੰਮੇ ਸਮੇਂ ਤੋਂ ਲਟਕ ਰਹੇ ਵਪਾਰਕ ਸਮਝੌਤੇ ਨੂੰ ਮੁੜ ਲੀਹ 'ਤੇ ਲਿਆਉਣਾ ਚਾਹੁੰਦੇ ਹਨ, ਭਾਵੇਂ ਕਿ ਉਨ੍ਹਾਂ ਵੱਲੋਂ ਭਾਰਤ-ਪਾਕਿਸਤਾਨ ਜੰਗਬੰਦੀ ਕਰਵਾਉਣ ਬਾਰੇ ਵਾਰ-ਵਾਰ ਕੀਤੇ ਗਏ ਦਾਅਵਿਆਂ ਨੂੰ ਮੋਦੀ ਸਰਕਾਰ 'ਚ ਕੋਈ ਮਾਨਤਾ ਨਹੀਂ ਦਿੰਦਾ। ਭਾਰਤ ਨੇ ਟਰੰਪ ਦੀਆਂ ਠੰਢੀਆਂ-ਗਰਮ ਰਣਨੀਤੀਆਂ ਤੋਂ ਨਾ ਭੜਕ ਕੇ ਚੰਗਾ ਕੰਮ ਕੀਤਾ ਹੈ। ਨਵੀਂ ਦਿੱਲੀ ਵਿਆਪਕ ਨਜਰੀਆ ਰੱਖਦੀ ਹੈ, ਜਿੱਥੇ ਮਾਸਕੋ ਦਾ ਆਪਣਾ ਵਿਸੇਸ ਸਥਾਨ ਹੈ, ਪਰ ਇਹ ਵਾਸਿੰਗਟਨ ਨਾਲ ਆਰਥਿਕ ਸਬੰਧਾਂ ਨੂੰ ਸਥਿਰ ਕਰਨ ਤੋਂ ਵੀ ਗੁਰੇਜ ਨਹੀਂ ਕਰਦੀ। ਭਾਰਤ ਦਾ ਫੌਰੀ ਟੀਚਾ ਹੋਣਾ ਚਾਹੀਦਾ ਹੈ ਕਿ ਬਿਨਾਂ ਜਿਆਦਾ ਢਿੱਲ ਦਿੱਤਿਆਂ ਟੈਰਿਫ ਮੋਰਚੇ 'ਤੇ ਅਤਿ ਲੋੜੀਂਦੀ ਰਾਹਤ ਹਾਸਲ ਕੀਤੀ ਜਾਵੇ।

# ਸਾਈਬਰ ਖ਼ਤਰਿਆਂ ਤੋਂ ਰਹੋ ਹੁਸ਼ਿਆਰ

ਹਰ ਸਾਲ ਤੀਹ ਨਵੰਬਰ ਨੂੰ ਦੁਨੀਆ ਭਰ ਵਿਚ 'ਇੰਟਰਨੈੱਟ ਸੁਰੱਖਿਆ ਦਿਵਸ' ਮਨਾਇਆ ਜਾਂਦਾ ਹੈ ਤਾਂ ਜੋ ਡਿਜੀਟਲ ਦੁਨੀਆ ਵਿਚ ਸੁਰੱਖਿਆ ਅਤੇ ਨਿੱਜੀ ਡਾਟਾ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਈ ਜਾ ਸਕੇ। ਇਹ ਦਿਨ ਲੋਕਾਂ, ਸੰਸਥਾਵਾਂ ਅਤੇ ਸਰਕਾਰਾਂ ਨੂੰ ਸਾਈਬਰ ਹਮਲਿਆਂ, ਡਾਟਾ ਚੋਰੀ ਅਤੇ ਆਨਲਾਈਨ ਧੋਖਾਧੜੀ ਤੋਂ ਬਚਾਅ ਲਈ ਸੁਰੱਖਿਆ ਦੇ ਕਦਮ ਚੁੱਕਣ ਲਈ ਪ੍ਰੇਰਿਤ ਕਰਦਾ ਹੈ। ਇਸ ਦਾ ਮੁੱਖ ਉਦੇਸ ਇੰਟਰਨੈੱਟ ਨੂੰ ਹਰ ਉਮਰ ਦੇ ਵਰਤੋਂਕਾਰ ਲਈ ਸੁਰੱਖਿਅਤ ਤੇ ਭਰੋਸੇਯੋਗ ਬਣਾਉਣਾ ਹੈ।

ਇਸ ਦਿਨ ਦੀ ਸੁਰੂਆਤ 1988 ਵਿਚ ਕੰਪਿਊਟਰ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨ ਲਈ ਹੋਈ ਸੀ ਪਰ ਹੌਲੀ-ਹੌਲੀ ਸਮੇਂ ਦੀ ਅਹਿਮੀਅਤ ਅਨੁਸਾਰ ਇਸ ਦਾ ਵਿਸਥਾਰ 'ਇੰਟਰਨੈੱਟ ਸੁਰੱਖਿਆ' ਤੱਕ ਹੋ ਗਿਆ। ਤੀਹ ਨਵੰਬਰ ਨੂੰ ਇਹ ਦਿਨ ਇਸ ਲਈ ਚੁਣਿਆ ਗਿਆ ਤਾਂ ਜੋ ਨਵੇਂ ਸਾਲ ਦੇ ਆਖਰੀ ਮਹੀਨੇ 'ਚ ਲੋਕ ਆਪਣੀਆਂ ਸਾਲ ਭਰ ਦੀਆਂ ਆਨਲਾਈਨ ਗਤੀਵਿਧੀਆਂ ਤੇ ਡਾਟਾ ਸੁਰੱਖਿਆ 'ਤੇ ਵਿਚਾਰ ਕਰ ਸਕਣ। ਇਸ ਦਿਨ ਦੁਨੀਆ ਭਰ 'ਚ ਵਰਕਸਾਪਾਂ, ਸੈਮੀਨਾਰਾਂ ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਤਾਂ ਜੋ ਮਜਬੂਤ ਪਾਸਵਰਡ, ਟੂ-ਫੈਕਟਰ ਪ੍ਰਮਾਣੀਕਰਨ ਤੇ ਸਾਈਬਰ ਧੋਖਾਧੜੀ ਤੋਂ ਬਚਣ ਦੇ ਤਰੀਕੇ ਸਾਂਝੇ ਕੀਤੇ ਜਾ ਸਕਣ। ਇਸ ਦਿਨ ਦਾ ਮੰਤਵ ਕੰਪਿਊਟਰ ਤੇ ਇੰਟਰਨੈੱਟ ਦੇ ਵਰਤੋਂਕਾਰਾਂ ਵਿਚ ਤਕਨਾਲੋਜੀ ਨੂੰ ਜਿੰਮੇਵਾਰੀ ਨਾਲ ਵਰਤਣ ਦੀ ਜਾਗਰੂਕਤਾ ਪੈਦਾ ਕਰਨਾ ਹੈ। ਇਹ ਦਿਵਸ ਸਾਨੂੰ ਆਨਲਾਈਨ ਵਿਹਾਰ 'ਤੇ ਵਿਚਾਰ ਕਰਨ ਤੇ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਣ ਦਾ ਚੇਤਾ ਕਰਵਾਉਂਦਾ ਹੈ। ਇਸ ਮੌਕੇ ਸਾਨੂੰ ਸਾਈਬਰ ਖਤਰਿਆਂ ਦੇ ਸਫਲ ਖਿਡਾਰੀ ਬਣਨ ਅਤੇ ਆਨਲਾਈਨ ਖਤਰਿਆਂ ਤੋਂ ਬਚਣ ਦੀ ਪ੍ਰੇਰਨਾ ਮਿਲਦੀ ਹੈ। ਇਸ ਦਿਨ ਕੌਮਾਂਤਰੀ ਆਨਲਾਈਨ ਮੰਚਾਂ ਰਾਹੀਂ ਡਿਜੀਟਲ ਚੌਗਿਰਦਾ ਸਿਰਜ ਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਕੰਮ ਕੀਤਾ ਜਾਂਦਾ ਹੈ। ਅਸੀਂ ਕੰਪਿਊਟਰ, ਇੰਟਰਨੈੱਟ,ਸਮਾਰਟਫੋਨ,ਮਸਨੂਈ ਬੁੱਧੀ (ਏਆਈ) ਆਦਿ ਤਕਨੀਕਾਂ ਦੀ ਵਰਤੋਂ ਰੋਜਮੱਰਾ ਦੀ ਜਿੰਦਗੀ 'ਚ ਕਰਦੇ ਹਾਂ। ਨਵੀਂ ਤਕਨਾਲੋਜੀ ਨਾਲ ਸਾਡੀਆਂ ਸੁੱਖ-ਸੁਵਿਧਾਵਾਂ 'ਚ ਵਾਧਾ ਹੋਇਆ ਹੈ ਤੇ ਅਸੀਂ ਸੰਸਾਰ ਨੂੰ ਇਕ ਛੋਟਾ ਡਿਜੀਟਲ ਪਿੰਡ ਬਣਾਉਣ ਵਿਚ ਸਫਲ ਹੋਏ ਹਾਂ। ਸੋਸਲ ਮੀਡੀਆ ਰਾਹੀਂ ਦੇਸ-ਵਿਦੇਸ ਦੇ ਅਨੇਕ ਵਿਸਿਆਂ ਬਾਰੇ ਸਾਨੂੰ ਘਰ ਬੈਠਿਆਂ ਜਾਣਕਾਰੀ ਹਾਸਲ ਹੋ ਰਹੀ ਹੈ ਪਰ ਇਸ ਦੇ ਦੂਜੇ ਪੱਖ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

'ਯੂਕੇ ਸੇਫਰ ਇੰਟਰਨੈੱਟ ਸੈਂਟਰ' ਦੀ ਰਿਪੋਰਟ ਮੁਤਾਬਕ ਅਜੋਕੇ ਨੌਜਵਾਨ ਸਾਈਬਰ ਮੀਡੀਆ 'ਤੇ ਗੁਮਰਾਹਕੁਨ ਸਮੱਗਰੀ 'ਚ ਫਸ ਰਹੇ ਹਨ ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਭੈੜਾ ਅਸਰ ਪੈ ਰਿਹਾ ਹੈ। ਸੰਯੁਕਤ ਰਾਸਟਰ ਚਿਲਡਰਨਜ ਫੰਡ (ਯੂਨੀਸੈਫ) ਨੇ ਬੱਚਿਆਂ ਦੀ ਆਨਲਾਈਨ ਭਾਗੀਦਾਰੀ 'ਤੇ ਚਿੰਤਾ ਪ੍ਰਗਟਾਈ ਹੈ।



ਸਾਈਬਰ ਧੱਕੇਸ਼ਾਹੀ, ਸਾਈਬਰ ਸੁਰੱਖਿਆ, ਨਿੱਜੀ ਲੁਕਾਅ ਤੇ ਪਛਾਣ ਆਦਿ ਕੁਝ ਅਜਿਹੇ ਪਹਿਲੂ ਹਨ ਜਿਨ੍ਹਾਂ ਬਾਰੇ ਬੱਚਿਆਂ, ਨੌਜਵਾਨਾਂ, ਅਧਿਆਪਕਾਂ ਤੇ ਮਾਪਿਆਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਮਸੀਨੀ ਸਿਆਣਪ ਆਧਾਰਤ ਚੈਟ-ਜੀਪੀਟੀ ਵਰਗੇ ਚੈਟਬੌਟ ਤੇ ਹੋਰ ਚਲਾਕ ਸਾਫਟਵੇਅਰ ਵਿਕਸਤ ਹੋਣ ਨਾਲ ਮਨੁੱਖ ਵੱਲੋਂ ਨਵੀਂ ਕਿਸਮ ਦੇ ਅਪਰਾਧਾਂ ਦੀ ਗ੍ਰਿਫਤ 'ਚ ਆਉਣ ਦੀਆਂ ਕਿਆਸ-ਅਰਾਈਆਂ ਲਾਈਆਂ ਜਾ ਰਹੀਆਂ ਹਨ। ਸਾਨੂੰ ਡੀਪ ਫੇਕ ਰਾਹੀਂ ਜਾਅਲੀ ਆਡੀਓ ਤੇ ਵੀਡੀਓ ਕਲਿੱਪ ਆਉਂਦੇ ਹਨ ਜੋ ਕਿਸੇ ਦੀ ਹੂਬਹੂ ਨਕਲ ਕਰਦੇ ਹਨ। ਇਹ ਲੋਕਾਂ ਨੂੰ ਬਦਨਾਮ ਕਰਨ, ਨੁਕਸਾਨ ਪਹੁੰਚਾਉਣ, ਠੱਗੀ ਤੇ ਜਬਰਦਸਤੀ ਕਰਨ ਲਈ ਵਰਤੇ ਜਾਂਦੇ ਹਨ। ਕਈ ਸਾਈਬਰ ਅਪਰਾਧੀ ਚਾਲਕ-ਰਹਿਤ ਗੱਡੀਆਂ ਨੂੰ ਹਥਿਆਰ ਵਜੋਂ ਵਰਤਦੇ ਹਨ। ਮਸਨੂਈ ਬੁੱਧੀ ਰਾਹੀਂ ਬਾਖੂਬੀ ਬਣਾਏ ਸੁਨੇਹੇ ਸਾਨੂੰ ਭਰੋਸੇਮੰਦ ਤੇ ਤਸੱਲੀਬਖਸ ਲੱਗਦੇ ਹਨ। ਇਹ ਸੁਨੇਹੇ ਬਣਾ ਕੇ ਈਮੇਲ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਕਦਰ ਭੇਜੇ ਜਾਂਦੇ ਹਨ ਕਿ ਅਗਲਾ ਅਸਲੀ-ਨਕਲੀ ਵਿਚਲਾ ਫਰਕ ਲੱਭਣ ਦੇ ਅਸਮਰੱਥ ਹੋ ਜਾਂਦਾ ਹੈ। ਕਈ ਲਿੰਕ ਸਾਨੂੰ ਕਲਿੱਕ ਕਰਨ 'ਤੇ ਮਜਬੂਰ ਕਰਦੇ ਹਨ ਤੇ ਅਸੀਂ ਕਿਸੇ ਸੁਰੱਖਿਅਤ ਤੇ ਲੋਟੂ ਵੈੱਬਸਾਈਟ ਦੇ ਦਰਵਾਜੇ 'ਤੇ ਬਿਨਾਂ ਬੁਲਾਏ ਮਹਿਮਾਨ ਵਾਂਗ ਦਸਤਕ ਦੇਣ ਚਲੇ ਜਾਂਦੇ ਹਾਂ।

ਮਸੀਨੀ ਸਿਆਣਪ ਆਧਾਰਤ ਆਵਾਜਾਈ ਪ੍ਰਣਾਲੀ, ਚਾਲਕ ਰਹਿਤ ਗੱਡੀਆਂ, ਗੱਡੀ ਠਹਿਰਾਅ ਵਿਵਸਥਾ, ਡਾਕਟਰੀ ਮਸੀਨਾਂ, ਚੈਟਬੌਟਾਂ ਲਈ ਖੁਦ ਏਆਈ ਹੀ ਖਤਰੇ ਦੀ ਘੰਟੀ ਸਾਬਿਤ ਹੋ ਸਕਦੀ ਹੈ। ਸਾਈਬਰ ਅਪਰਾਧੀ ਜੇਕਰ ਏਆਈ ਆਧਾਰਤ ਮਸੀਨਾਂ ਨੂੰ ਨਿਸਾਨਾ ਬਣਾਉਂਦੇ ਹਨ ਤਾਂ ਇਸ ਦੇ ਬੜੇ ਭਿਆਨਕ ਸਿੱਟੇ ਨਿਕਲਣਗੇ। ਸਾਈਬਰ ਅਪਰਾਧੀ ਮਸੀਨੀ ਸਿਆਣਪ ਨੂੰ ਆਧਾਰ ਬਣਾ ਕੇ ਵਰਤੋਂਕਾਰਾਂ ਦੇ ਡਾਟੇ ਦਾ ਵੱਡਾ ਜਖੀਰਾ ਇਕੱਠਾ ਕਰ ਸਕਦੇ ਹਨ ਤੇ ਫਿਰ ਉਸ ਦਾ ਵਿਸਲੇਸਣ ਕਰ ਕੇ ਫਿਰੌਤੀ ਮੰਗਣ ਤੇ ਡਾਟੇ ਦੀ ਦੁਰਵਰਤੋਂ ਕਰਨ ਵਾਲੇ ਪ੍ਰੋਗਰਾਮ ਬਣਾ ਸਕਦੇ ਹਨ। ਮਸੀਨੀ ਸਿਆਣਪ ਨਾਲ ਲੈਸ ਮਸੀਨੀ ਲੇਖਕ ਅਜਿਹੀਆਂ ਜਾਅਲੀ ਖਬਰਾਂ ਲਿਖ ਸਕਦੇ ਹਨ ਜੋ ਮੌਜੂਦਾ ਹਾਲਾਤ ਵਿਚ ਆਮ ਬੰਦੇ ਲਈ ਬਿਲਕੁਲ ਅਸਲ ਲੱਗ ਸਕਦੀਆਂ ਹਨ। ਮਸੀਨੀ ਸਿਆਣਪ ਪ੍ਰਤੀ ਅਗਾਊਂ ਅੰਦਾਜਾ ਲਾਉਣਾ ਬਹੁਤ ਔਖਾ ਹੈ ਪਰ ਸਾਨੂੰ ਇਸ ਦੇ ਮਾੜੇ ਪ੍ਰਭਾਵ ਨੂੰ ਘੱਟ ਕਰਨ ਲਈ ਹੁਣ ਤੋਂ ਸੁਚੇਤ ਹੋਣਾ ਪਵੇਗਾ ਤੇ ਇੱਥੇ ਦਿੱਤੇ ਕੁਝ ਨੁਕਤੇ ਧਿਆਨ ਵਿਚ ਰੱਖਣੇ ਪੈਣਗੇ। ਪਾਸਵਰਡ ਤਾਕਤਵਰ ਰੱਖੋ, ਸਮੇਂ-ਸਮੇਂ 'ਤੇ ਇਸ ਨੂੰ ਬਦਲਦੇ ਰਹੋ। ਇਸ ਨੂੰ ਲੁਕਾ ਕੇ ਰੱਖੋ। ਪਾਸਵਰਡ ਮੈਨੇਜਰ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਹੜਾ ਪਾਸਵਰਡ ਬਣਾਉਣ ਤੇ ਉਸ ਨੂੰ ਸਾਂਭਣ ਦੇ ਕੰਮ ਆਉਂਦਾ ਹੈ। ਆਪਣੇ ਖਾਤੇ 'ਤੇ ਬਹੁ-ਪਰਤੀ ਪ੍ਰਮਾਣਿਕਤਾ (ਟੂ-ਸਟੈੱਪ ਅਥੈਂਟੀਕੇਸਨ) ਲਗਾ ਕੇ ਰੱਖੋ। ਇਹ ਇਕ ਅੱਡ ਕੋਡ ਜਾਂ ਫੋਨ ਰਾਹੀਂ ਲਾਗਇਨ ਕਰਨ ਲਈ ਸੁਰੱਖਿਆ ਦੀ ਵਾਧੂ ਪਰਤ ਦਿੰਦੀ ਹੈ। ਆਨਲਾਈਨ ਬੈਂਕਿੰਗ ਜਾਂ ਖਰੀਦਦਾਰੀ ਸਮੇਂ ਸੁਰੱਖਿਅਤ ਨੈੱਟਵਰਕ ਕਨੈਕਸਨ ਤੇ ਵੀਪੀਐੱਨ ਦੀ ਵਰਤੋਂ ਕਰੋ। ਜਨਤਕ ਵਾਈ-ਫਾਈ ਦੀ ਵਰਤੋਂ ਤੋਂ ਗੁਰੇਜ ਕਰੋ। ਸੁਰੱਖਿਅਤ ਤੇ ਸਹੀ ਵੈੱਬਸਾਈਟਾਂ ਹੀ ਖੋਲ੍ਹੋ। ਸਿਰਨਾਵਾਂ ਪੱਟੀ ਉੱਤੇ ਐੱਚਟੀਟੀਪੀਐੱਸ ਪ੍ਰੋਟੋਕਾਲ ਅਤੇ ਤਾਲੇ ਦੇ ਚਿੰਨ੍ਹ ਨੂੰ ਯਕੀਨੀ ਬਣਾਓ। ਆਪ੍ਰੇਟਿੰਗ ਸਿਸਟਮ ਜਿਵੇਂ ਕਿ ਵਿੰਡੋਜ, ਐਂਡਰਾਇਡ ਆਦਿ ਨੂੰ ਸਮੇਂ-ਸਮੇਂ 'ਤੇ ਅਪਡੇਟ ਕਰਦੇ ਰਹੋ। ਹਮੇਸ਼ਾ ਖ਼ਰੀਦੇ ਹੋਏ ਸਾਫਟਵੇਅਰਾਂ ਨੂੰ ਹੀ ਤਰਜੀਹ ਦਿਉ। ਕਰੈਕ ਸੰਸਕਰਨ ਸੁਰੱਖਿਆ ਲਈ ਖਤਰਾ ਹੋ ਸਕਦੇ ਹਨ। ਪ੍ਰਾਈਵੇਸੀ ਸਬੰਧੀ ਸਥਾਪਨਾਵਾਂ ਅਤੇ ਨੀਤੀਆਂ ਨੂੰ ਪੜ੍ਹ-ਸਮਝ ਕੇ ਹੀ ਪ੍ਰਵਾਨ ਕਰੋ। ਅਣ-ਪਛਾਤੀਆਂ ਵੈੱਬਸਾਈਟਾਂ ਸਾਨੂੰ ਅਸੁਰੱਖਿਅਤ ਥਾਵਾਂ 'ਤੇ ਲਿਜਾ ਸਕਦੀਆਂ ਹਨ। ਇਸ ਕਾਰਨ ਇਨ੍ਹਾਂ 'ਤੇ ਕਲਿੱਕ ਨਾ ਕਰੋ। ਬੈਂਕਾਂ ਤੇ ਖਰੀਦਦਾਰੀ ਵਾਲੀਆਂ ਵੈੱਬਸਾਈਟਾਂ ਦੇ ਨਾਂ ਸਿਰਨਾਵਾਂ ਪੱਟੀ 'ਤੇ ਸਿੱਧੇ ਭਰ ਕੇ ਖੋਲ੍ਹੋ। ਗੂਗਲ ਰਾਹੀਂ ਖੋਜਣ ਉਪਰੰਤ ਜਰੂਰੀ ਨਹੀਂ ਕਿ ਤੁਹਾਡੇ ਵੱਲੋਂ ਕਲਿੱਕ ਕੀਤਾ ਗਿਆ ਲਿੰਕ ਸਹੀ ਨਿਕਲੇ। ਕਈ ਲੋਕ ਨਕਲੀ ਵੈੱਬਸਾਈਟਾਂ 'ਤੇ ਆਪਣਾ ਪਾਸਵਰਡ ਦੱਸ ਬਹਿੰਦੇ ਹਨ ਜਿਸ ਨਾਲ ਨੁਕਸਾਨ ਹੋ ਸਕਦਾ ਹੈ। ਬੈਂਕਾਂ ਦੀਆਂ ਅਸਲ ਵਾਂਗ ਨਜਰ ਆਉਣ ਵਾਲੀਆਂ ਵੈੱਬਸਾਈਟਾਂ 'ਤੇ ਨਿੱਜੀ ਜਾਣਕਾਰੀ ਸਾਂਝੀ ਨਾ ਕਰੋ। ਡਾਊਨਲੋਡ ਕਰਨ ਸਮੇਂ ਸਾਵਧਾਨ ਰਹੋ। ਸਾਈਬਰ ਅਪਰਾਧੀ ਬੜੀ ਚਲਾਕੀ ਨਾਲ ਤੁਹਾਨੂੰ ਖਤਰਨਾਕ ਪ੍ਰੋਗਰਾਮ ਡਾਊਨਲੋਡ ਕਰਵਾ ਸਕਦੇ ਹਨ ਜਿਸ ਵਿਚਲਾ ਖਤਰਨਾਕ ਸਾਫਟਵੇਅਰ (ਮਾਲਵੇਅਰ) ਸਾਡੇ ਕੰਪਿਊਟਰ ਵਿਚਲੀ ਜਾਣਕਾਰੀ ਚੁਰਾ ਲੈਂਦਾ ਹੈ। ਆਨਲਾਈਨ ਖਰੀਦਦਾਰੀ ਸਿਰਫ ਨਾਮੀ ਕੰਪਨੀਆਂ ਤੋਂ ਹੀ ਕਰੋ। ਇੰਟਰਨੈੱਟ ਉੱਤੇ ਜਾਣਕਾਰੀ ਸੋਚ-ਸਮਝ ਕੇ ਪਾਓ। ਇਕ ਵਾਰ ਸਾਂਝੀ ਕੀਤੀ ਜਾਣਕਾਰੀ ਨੂੰ ਹਟਾਉਣ ਦਾ ਕੋਈ ਬਟਨ ਨਹੀਂ।

ਪਹਿਲੀ ਵਾਰ ਸਿੱਧਾ ਆਨਲਾਈਨ ਮਿਲਣ ਵਾਲੇ ਦੋਸਤਾਂ 'ਤੇ ਭਰੋਸਾ ਨਾ ਕਰੋ। ਜਰੂਰੀ ਨਹੀਂ ਕਿ ਆਨਲਾਈਨ ਮਿਲਣ ਵਾਲਾ ਵਿਅਕਤੀ ਉਹੀ ਹੈ ਜਿਸ ਦੀ ਉਸ ਨੇ ਪ੍ਰੋਫਾਈਲ ਜਾਂ ਦਿਖਾਵਟੀ ਤਸਵੀਰ (ਡੀਪੀ) ਲਾਈ ਹੋਈ ਹੈ। ਸੋਸਲ ਮੀਡੀਆ ਉੱਤੇ ਕਈ ਮੁੰਡੇ-ਕੁੜੀਆਂ ਆਪਣਾ ਨਾਂ, ਲਿੰਗ ਤੇ ਹੁਲੀਆ ਬਦਲ ਕੇ ਖਾਤਾ ਚਲਾ ਰਹੇ ਹਨ। ਆਪਣੇ ਕੰਪਿਊਟਰ 'ਚ ਇਕ ਤਸੱਲੀਬਖਸ ਐਂਟੀਵਾਇਰਸ ਪਾ ਕੇ ਰੱਖੋ ਤੇ ਸਮੇਂ-ਸਮੇਂ 'ਤੇ ਉਸ ਨੂੰ ਅਪਡੇਟ ਕਰਦੇ ਰਹੋ। ਕਈ ਬ੍ਰਾਊਜਰ ਜਿਵੇਂ ਕਿ ਮੌਜ਼ੀਲਾ ਫਾਇਰਫੌਕਸ ਆਦਿ ਸਾਨੂੰ ਮਾਸਟਰ ਪਾਸਵਰਡ ਰੱਖਣ ਦੀ ਸਹੂਲਤ ਦਿੰਦੇ ਹਨ। ਇਹ ਸੁਰੱਖਿਅਤ ਹੁੰਦਾ ਹੈ ਤੇ ਇਸ ਨੂੰ ਵਰਤਣ ਨਾਲ ਸਾਡਾ ਵੱਖ-ਵੱਖ ਖਾਤਿਆਂ ਦੇ ਪਾਸਵਰਡ ਯਾਦ ਰੱਖਣ ਦਾ ਮਸਲਾ ਹੱਲ ਹੋ ਜਾਂਦਾ ਹੈ। ਕਦੇ ਵੀ ਡਾਰਕ ਵੈੱਬ 'ਤੇ ਨਾ ਜਾਓ। ਇਹ ਸਾਡੇ ਨਿੱਜੀ ਲੁਕਾਅ ਅਤੇ ਸੁਰੱਖਿਆ ਲਈ ਖਤਰਾ ਸਾਬਿਤ ਹੋ ਸਕਦੀ ਹੈ। ਪੈੱਨ ਡਰਾਈਵ ਜਾਂ ਹੋਰ ਸਟੋਰੇਜ ਯੰਤਰਾਂ ਨੂੰ ਕੰਪਿਊਟਰ 'ਚ ਵਰਤਣ ਤੋਂ ਪਹਿਲਾਂ ਐਂਟੀਵਾਇਰਸ ਸਾਫਟਵੇਅਰ ਰਾਹੀਂ ਸਕੈਨ ਕਰ ਲਓ। ਆਪਣੇ ਕੰਪਿਊਟਰ ਜਾਂ ਲੈਪਟਾਪ ਦੇ ਕੈਮਰੇ ਤੇ ਮਾਈਕ ਨੂੰ ਬੰਦ ਕਰ ਕੇ ਜਾਂ ਢਕ ਕੇ ਰੱਖੋ ਤੇ ਲੋੜ ਪੈਣ 'ਤੇ ਹੀ ਇਨ੍ਹਾਂ ਨੂੰ ਚਾਲੂ ਕਰੋ। ਸਾਈਬਰ ਸੁਰੱਖਿਆ ਅਤੇ ਅਪਰਾਧਾਂ ਦੇ ਨਵੇਂ ਰੁਝਾਨਾਂ ਬਾਰੇ ਲਗਾਤਾਰ ਖਬਰਾਂ ਪੜ੍ਹਦੇ ਰਹੋ। ਸੁਰੱਖਿਆ ਲਈ ਮਸੀਨੀ ਸਿਆਣਪ ਆਧਾਰਤ ਸਾਫਟਵੇਅਰਾਂ ਦੀ ਵਰਤੋਂ ਕਰੋ। ਇਨਸਾਨੀ ਸੁੱਖ-ਸੁਵਿਧਾ ਲਈ ਵਿਕਸਤ ਕੀਤੀ ਹਰੇਕ ਤਕਨਾਲੋਜੀ ਬਿਪਤਾਵਾਂ ਦਾ ਕਾਰਨ ਵੀ ਬਣਦੀ ਹੈ। ਵੱਡਾ ਸਵਾਲ ਇਹ ਹੈ ਕਿ ਕੀ ਨਵੀਂ ਤਕਨਾਲੋਜੀ ਮਨੁੱਖ 'ਤੇ ਸਾਈਬਰ ਸੰਸਾਰ ਨਾਲ ਜੁੜਨ ਕਾਰਨ ਪੈ ਰਹੇ ਮਾਨਸਿਕ ਦਬਾਅ ਨੂੰ ਘਟਾਏਗੀ। ਕੀ ਮਸ਼ੀਨੀ ਸਿਆਣਪ ਪੰਜਾਬ ਦੇ ਹੇਠਾਂ ਜਾ ਰਹੇ ਪਾਣੀ ਦੇ ਪੱਧਰ ਨੂੰ ਉਤਾਂਹ ਚੁੱਕਣ 'ਚ ਮਦਦ ਕਰੇਗੀ। ਕੀ ਇਹ ਸਾਨੂੰ ਪਲੀਤ ਹੋ ਰਹੇ ਚੌਗਿਰਦੇ ਨੂੰ ਹਰਿਆ-ਭਰਿਆ ਤੇ ਸਵੱਛ ਬਣਾਉਣ 'ਚ ਕੋਈ ਭੂਮਿਕਾ ਨਿਭਾਏਗੀ। ਇਹ ਸਾਨੂੰ ਸੰਤੁਲਿਤ ਤੇ ਕੁਦਰਤੀ ਖੁਰਾਕ ਦੇਣ 'ਚ ਕੀ ਮਾਅਰਕਾ ਮਾਰੇਗੀ। ਸਾਨੂੰ ਕੰਪਿਊਟਰੀ ਦੁਨੀਆ ਦੇ ਸੋਹਲੇ ਗਾਉਣ ਦੇ ਨਾਲ-ਨਾਲ ਇਸ ਨਾਲ ਪੈਣ ਵਾਲੇ ਮਾੜੇ ਪ੍ਰਭਾਵਾਂ ਪ੍ਰਤੀ ਅੱਜ ਤੋਂ ਹੀ ਚੇਤੰਨ ਹੋਣਾ ਪਵੇਗਾ।

ਡਾ. ਸੀ.ਪੀ. ਕੰਬੋਜ

# ਆਪਣੇ ਵਾਸਤੇ ਹੱਦਬੰਦੀਆਂ ਤੈਅ ਕਰਨਾ

ਜਟਿਲਤਾਵਾਂ ਨਾਲ ਭਰੇ ਜੀਵਨ ਵਿਚ ਇਕ ਮਹੱਤਵਪੂਰਨ ਪਹਿਲੂ ਹੈ ਆਪਣੀਆਂ ਹੱਦਾਂ ਨੂੰ ਨਿਰਧਾਰਤ ਕਰਨਾ। ਇਹ ਉਹ ਸਮਝਦਾਰੀ ਹੈ ਜੋ ਵਿਅਕਤੀ ਨੂੰ ਆਪਣੀ ਊਰਜਾ, ਸਮੇਂ ਅਤੇ ਭਾਵਨਾਵਾਂ ਦੀ ਰੱਖਿਆ ਕਰਨਾ ਸਿਖਾਉਂਦੀ ਹੈ। ਮਨੁੱਖ ਦੀ ਸਭ ਤੋਂ ਵੱਡੀ ਥਕਾਵਟ ਹਾਲਾਤ ਤੋਂ ਨਹੀਂ ਸਗੋਂ ਉਨ੍ਹਾਂ ਬੇਕਾਬੂ ਉਮੀਦਾਂ ਤੋਂ ਉਪਜਦੀ ਹੈ ਜਿਨ੍ਹਾਂ ਨੂੰ ਉਹ ਨਾਂਹ ਕਹਿਣ ਦੇ ਹੌਸਲੇ ਦੀ ਕਮੀ ਕਾਰਨ ਲਗਾਤਾਰ ਢੋਅ ਰਿਹਾ ਹੁੰਦਾ ਹੈ। ਹੱਦਾਂ ਸਿਰਫ ਦੂਰੀ ਨਹੀਂ ਬਣਾਉਂਦੀਆਂ ਸਗੋਂ ਵਿਅਕਤੀ ਨੂੰ ਆਪਣੇ ਅੰਦਰ ਸਥਿਰ ਤੇ ਸੰਤੁਲਿਤ ਰਹਿਣ ਦਾ ਰਾਹ ਉਪਲਬਧ ਕਰਦੀਆਂ ਹਨ। ਵਿਵਹਾਰਕ ਜੀਵਨ 'ਚ ਜਦੋਂ ਕੋਈ ਵਿਅਕਤੀ ਹਰ ਬੇਨਤੀ, ਹਰ ਉਮੀਦ ਅਤੇ ਹਰ ਦਬਾਅ ਨੂੰ ਸਵੀਕਾਰ ਕਰਦਾ ਜਾਂਦਾ ਹੈ ਤਾਂ ਉਸ ਦੀਆਂ ਤਰਜੀਹਾਂ ਹੌਲੀ-ਹੌਲੀ ਧੁੰਦਲੀਆਂ ਹੋਣ ਲੱਗਦੀਆਂ ਹਨ।



ਹੱਦਾਂ ਨਿਰਧਾਰਤ ਕਰਨਾ ਅਸਲ ਵਿਚ ਆਪਣੀਆਂ ਕਦਰਾਂ-ਕੀਮਤਾਂ, ਆਪਣੀ ਸਮਰੱਥਾ ਤੇ ਆਪਣੀਆਂ ਹੱਦਾਂ ਦੀ ਨਿਸ਼ਾਨਦੇਹੀ ਕਰਨ ਦੀ ਪ੍ਰਕਿਰਿਆ ਹੀ ਹੈ। ਇਹ ਕੋਈ ਬੇਨਤੀ ਨਹੀਂ ਬਲਕਿ ਆਪਣੀ ਸਮਝ ਦਾ ਪਰਪੱਕ ਅਤੇ ਸੁਧਰਿਆ ਹੋਇਆ ਰੂਪ ਹੈ। ਹਾਲਾਤ ਕਦੋਂ, ਕਿੰਨਾ ਅਤੇ ਕਿਵੇਂ ਪ੍ਰਭਾਵਿਤ ਕਰਨਗੇ, ਇਹ ਫੈਸਲਾ ਤਦ ਹੀ ਸੰਭਵ ਹੈ ਜਦੋਂ ਵਿਅਕਤੀ ਖੁਦ ਲਈ ਇਹ ਰੇਖਾ ਸਪਸ਼ਟ ਕਰਦਾ ਹੈ ਕਿ ਉਹ ਕਿਹੜੀਆਂ ਗੱਲਾਂ ਨੂੰ ਸਵੀਕਾਰ ਕਰੇਗਾ ਤੇ ਕਿਹੜੀਆਂ ਤੋਂ ਦੂਰ ਰਹੇਗਾ। ਅਕਸਰ ਕਿਹਾ ਜਾਂਦਾ ਹੈ ਕਿ ਰਿਸ਼ਤੇ ਤਿਆਗ 'ਤੇ ਟਿਕੇ ਹੁੰਦੇ ਹਨ ਪਰ ਸੱਚ ਇਹ ਹੈ ਕਿ ਸਿਹਤਮੰਦ ਰਿਸ਼ਤੇ ਆਪਸੀ ਆਦਰ-ਸਤਿਕਾਰ 'ਤੇ ਆਧਾਰਤ ਹੁੰਦੇ ਹਨ। ਆਦਰ ਓਥੇ ਹੀ ਜਨਮ ਲੈਂਦਾ ਹੈ ਜਿੱਥੇ ਆਪਣੀਆਂ ਭਾਵਨਾਵਾਂ ਦੀ ਸੁਰੱਖਿਆ ਦਾ ਅਧਿਕਾਰ ਸਪਸ਼ਟ ਹੋਵੇ। ਜੋ ਵਿਅਕਤੀ ਸੀਮਾਵਾਂ ਨਿਰਧਾਰਤ ਕਰਦਾ ਹੈ, ਉਹ ਸਿਰਫ ਆਪਣੇ ਅੰਦਰ ਦੀ ਸਪਸ਼ਟਤਾ ਨੂੰ ਮਜਬੂਤ ਕਰਦਾ ਹੈ। ਇਹ ਸਪਸ਼ਟਤਾ ਅੱਗੇ ਚੱਲ ਕੇ ਉਸ ਦੇ ਫੈਸਲਿਆਂ ਨੂੰ ਸਥਿਰ ਅਤੇ ਉਸ ਦੇ ਜੀਵਨ ਨੂੰ ਸੁਚਾਰੂ ਬਣਾਉਂਦੀ ਹੈ। ਜੀਵਨ ਵਿਚ ਸੰਤੁਲਨ, ਸਾਂਤੀ ਅਤੇ ਮਾਨਸਿਕ ਸਵੱਛਤਾ ਤਦ ਹੀ ਸੰਭਵ ਹੈ ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਹਰ ਉਮੀਦ ਪੂਰੀ ਕਰਨਾ ਉਸ ਦਾ ਫਰਜ ਨਹੀਂ ਅਤੇ ਹਰ ਬੇਨਤੀ ਸਵੀਕਾਰ ਕਰਨਾ ਉਦਾਰਤਾ ਨਹੀਂ। ਹੱਦਾਂ ਨਿਰਧਾਰਤ ਕਰਨਾ ਸਵੈ-ਰੱਖਿਆ ਦਾ ਇਕ ਸਾਧਨ ਹੈ। ਜੋ ਵਿਅਕਤੀ ਇਸ ਦਾ ਅਭਿਆਸ ਕਰ ਲੈਂਦਾ ਹੈ, ਉਹੀ ਆਪਣੇ ਸਮੇਂ, ਮਨ ਅਤੇ ਰਿਸ਼ਤਿਆਂ ਦਾ ਅਸਲ ਰਾਖਾ ਬਣ ਪਾਉਂਦਾ ਹੈ।

ਅਮਨ ਸਿੰਘ ਗੌੜ

# ਕ੍ਰਿਸਮਸ ਨੂੰ ਇਸ ਦੀ ਅਸਲ ਭਾਵਨਾ ਅਨੁਸਾਰ ਮਨਾਈਏ



ਕ੍ਰਿਸਮਸ ਸੰਸਾਰ ਭਰ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਵਿੱਚੋਂ ਇੱਕ ਮਹੱਤਵਪੂਰਨ ਤਿਉਹਾਰ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਹ ਦਿਨ ਈਸਾਈ ਧਰਮ ਦੇ ਬਾਨੀ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਨ ਨੂੰ ਸਮਰਪਿਤ ਹੈ। ਅੱਜ ਤੋਂ ਲਗਪਗ 2013 ਸਾਲ ਪਹਿਲਾਂ ਉਨ੍ਹਾਂ ਦਾ ਜਨਮ ਇਸਰਾਈਲ ਦੇਸ਼ ਦੇ ਬੈਤਲਹਮ ਨਗਰ ਵਿੱਚ ਹੋਇਆ। ਉਸੇ ਦਿਨ ਤੋਂ ਕ੍ਰਿਸਮਸ ਦੀ ਸ਼ੁਰੂਆਤ ਹੋਈ। ਵੱਖ-ਵੱਖ ਦੇਸ਼ਾਂ ਵਿੱਚ ਇਹ ਦਿਨ ਵੱਖ-ਵੱਖ ਢੰਗਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਕ੍ਰਿਸਮਸ ਤੋਂ ਕਈ ਦਿਨ ਪਹਿਲਾਂ ਭਜਨ-ਮੰਡਲੀਆਂ ਸ਼ਾਮ ਦੇ ਸਮੇਂ ਘਰ-ਘਰ ਜਾ ਕੇ ਪ੍ਰਭੂ ਯਿਸੂ ਦੇ ਜਨਮ ਨਾਲ ਸਬੰਧਤ ਗੀਤ-ਭਜਨ ਕਰਦੀਆਂ ਹਨ, ਜਿਨ੍ਹਾਂ ਨੂੰ 'ਕੈਰਲ ਸਿੰਗਿੰਗ' ਕਿਹਾ ਜਾਂਦਾ ਹੈ। ਇਸੇ ਸਬੰਧ ਵਿੱਚ 24 ਦਸੰਬਰ ਦੀ ਰਾਤ ਨੂੰ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਕੀਤੀਆਂ ਜਾਂਦੀਆਂ ਹਨ, 25 ਦਸੰਬਰ ਦਾ ਦਿਨ ਇਸ ਤਿਉਹਾਰ ਦਾ ਸਿਖਰ ਹੁੰਦਾ ਹੈ।

ਦਸੰਬਰ ਮਹੀਨੇ ਦੇ ਸ਼ੁਰੂ ਹੁੰਦਿਆਂ ਹੀ ਇਸ ਤਿਉਹਾਰ ਪ੍ਰਤੀ ਲੋਕਾਂ ਦਾ ਉਤਸ਼ਾਹ ਨਜ਼ਰ ਆਉਣ ਲੱਗ ਪੈਂਦਾ ਹੈ। ਲੋਕ ਆਪਣੀ ਸਮਰੱਥਾ ਅਨੁਸਾਰ ਆਪਣੇ ਘਰਾਂ ਦੀ ਸਜਾਵਟ ਕਰਦੇ ਹਨ। ਇੱਕ-ਦੂਜੇ ਨੂੰ ਤੋਹਫਿਆਂ ਦਾ ਅਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਲੋਕ ਸੱਜਣਾਂ-ਮਿੱਤਰਾਂ ਨੂੰ ਪਾਰਟੀਆਂ ਦਿੰਦੇ ਅਤੇ ਲੈਂਦੇ ਹਨ। ਕੱਪੜਿਆਂ ਅਤੇ ਹੋਰ ਚੀਜ਼ਾਂ ਦੀ ਖਰੀਦਦਾਰੀ 'ਤੇ ਕਾਫੀ ਖਰਚ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਇੱਕ ਤਰ੍ਹਾਂ ਦਾ ਇਹ ਰਿਵਾਜ ਜਿਹਾ ਹੀ ਬਣ ਗਿਆ ਹੈ ਕਿ ਵੱਖ-ਵੱਖ ਧੰਦਿਆਂ ਨਾਲ ਜੁੜੇ ਕਾਰੋਬਾਰੀ ਲੋਕ ਵੀ ਕ੍ਰਿਸਮਸ ਦੇ ਦਿਨਾਂ ਵਿੱਚ ਸ਼ਾਂਤਾ-ਕਲਾਜ ਦੀਆਂ ਵਰਦੀਆਂ ਜਾਂ ਟੋਪੀਆਂ ਪਹਿਨ ਕੇ ਅਤੇ ਇਸੇ ਤਰ੍ਹਾਂ ਦੀ ਹੋਰ ਸਮੱਗਰੀ ਵੇਚ ਕੇ ਚੰਗੀ ਕਮਾਈ ਕਰ ਲੈਂਦੇ ਹਨ।

ਸਾਡੇ ਵਿੱਚੋਂ ਬਹੁਤ ਥੋੜ੍ਹੇ ਹੀ ਹੋਣਗੇ ਜੋ ਇਸ ਦੇ ਅਸਲ ਮੰਤਵ ਨੂੰ ਸਾਹਮਣੇ ਰੱਖ ਕੇ ਇਸ ਦਿਨ ਨੂੰ ਮਨਾਉਂਦੇ ਹੋਣਗੇ। ਕਿਉਂਕਿ ਇਹ ਤਿਉਹਾਰ ਸਾਨੂੰ ਮਨੁੱਖੀ ਪਿਆਰ, ਭਾਈਚਾਰੇ ਦੀ ਸੇਵਾ ਅਤੇ ਸਾਂਝੀਵਾਲਤਾ ਦੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦਾ ਹੈ। ਸੋ ਹੇਠਾਂ ਅਸੀਂ ਪਵਿੱਤਰ ਬਾਈਬਲ ਉੱਤੇ ਆਧਾਰਤ ਕੁਝ ਉਦਾਹਰਣਾਂ ਵੇਖਾਂਗੇ, ਜੋ ਸਾਡਾ ਇਸ ਗੱਲ ਲਈ ਮਾਰਗ-ਦਰਸ਼ਨ ਕਰਦੀਆਂ ਹਨ ਕਿ ਕਿਸ ਤਰ੍ਹਾਂ ਨਾਲ ਕ੍ਰਿਸਮਸ ਤਿਉਹਾਰ ਮਨਾਉਣਾ ਚਾਹੀਦਾ ਹੈ।



ਜਦੋਂ ਪ੍ਰਭੂ ਯਿਸੂ ਮਨੁੱਖੀ ਜਾਮੇ ਵਿੱਚ ਇਸ ਧਰਤੀ 'ਤੇ ਸਨ ਤਾਂ ਇੱਕ ਧਰਮ ਦਾ ਉਪਦੇਸ਼ਕ ਉਨ੍ਹਾਂ ਕੋਲ ਆਇਆ ਅਤੇ ਉਨ੍ਹਾਂ ਨੂੰ ਕਹਿਣ ਲੱਗਾ, ਗੁਰੂ ਜੀ ਮੈਂ ਕੀ ਕਰਾਂ ਤਾਂ ਜੋ ਮੈਨੂੰ ਸਦੀਪਕ ਜੀਵਣ ਦੀ ਪ੍ਰਾਪਤੀ ਹੋ ਸਕੇ। ਪ੍ਰਭੂ ਯਿਸੂ ਨੇ ਉਸ ਨੂੰ ਉੱਤਰ ਦਿੱਤਾ ਕਿ ਪਵਿੱਤਰ ਲਿਖਤਾਂ ਵਿੱਚ ਲਿਖਿਆ ਹੈ ਕਿ ਤੂੰ ਪ੍ਰਮੇਸ਼ਵਰ ਨੂੰ ਆਪਣੇ ਸਾਰੇ ਦਿਲ, ਅਤੇ ਬੁੱਧੀ ਨਾਲ ਪਿਆਰ ਕਰ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਸ 'ਤੇ ਉਹ ਵਿਅਕਤੀ ਕਹਿਣ ਲੱਗਾ, ਮੈਨੂੰ ਇਹ ਪਤਾ ਨਹੀਂ ਕਿ ਮੇਰਾ ਗੁਆਂਢੀ ਕੌਣ ਹੈ? ਇਸ 'ਤੇ ਪ੍ਰਭੂ ਯਿਸੂ ਨੇ ਉਸ ਨੂੰ ਇੱਕ ਮਿਸਾਲ ਦੇ ਕੇ ਸਮਝਾਇਆ ਕਿ ਕੋਈ ਮਨੁੱਖ ਯਰੂਸ਼ਲਮ ਤੋਂ ਯਰੀਹੋ ਨਗਰ ਨੂੰ ਜਾ ਰਿਹਾ ਸੀ ਕਿ ਰਾਹ ਵਿੱਚ ਡਾਕੂਆਂ-ਲੁਟੇਰਿਆਂ ਦੇ ਕਾਬੂ ਆ ਗਿਆ। ਉਹ ਜੋ ਕੁਝ ਉਸ ਕੋਲ ਸੀ, ਉਹ ਖੋਹ ਕੇ ਅਤੇ ਉਸ ਨੂੰ ਮਾਰ-ਕੁੱਟ ਕੇ ਅਧਮੋਇਆ ਕਰਕੇ ਸੜਕ ਦੇ ਇੱਕ ਪਾਸੇ ਕਰਕੇ ਸੁੱਟ ਗਏ। ਉਸੇ ਸਮੇਂ ਇੱਕ ਜਾਜਕ ਅਤੇ ਲੇਵੀ (ਧਰਮ ਉਪਦੇਸ਼ਕ) ਉਥੋਂ ਦੀ ਲੰਘੇ। ਉਨ੍ਹਾਂ ਨੇ ਉਸ ਜ਼ਖ਼ਮੀ ਵਿਅਕਤੀ ਨੂੰ ਵੇਖਿਆ ਅਤੇ ਉਸ ਦੇ ਕਰਾਹੁਣ ਦੀ ਆਵਾਜ਼ ਸੁਣੀ। ਪ੍ਰੰਤੂ ਉਹ ਪਾਸਾ ਵੱਟ ਕੇ ਉਸ ਦੇ ਕੋਲੋਂ ਲੰਘ ਗਏ ਕਿ ਕਿਤੇ ਖ਼ੂਨ ਸਾਡੇ ਜ਼ਿੰਮੇ ਹੀ ਨਾ ਪੈ ਜਾਵੇ।

ਕੁਝ ਚਿਰ ਪਿੱਛੋਂ ਇੱਕ ਸਾਮਰੀ (ਜਿਨ੍ਹਾਂ ਨੂੰ ਉਨ੍ਹਾਂ ਦਿਨਾਂ ਵਿੱਚ ਨੀਵੀਂ ਜਾਤ ਦੇ ਸਮਝਿਆ ਜਾਂਦਾ ਸੀ) ਵੀ ਉਥੋਂ ਦੀ ਲੰਘਿਆ। ਉਸ ਨੇ ਡਾਕੂਆਂ ਦੁਆਰਾ ਜ਼ਖ਼ਮੀ ਕੀਤੇ ਹੋਏ ਵਿਅਕਤੀ ਦੇ ਹੂੰਗਣ ਦੀ ਆਵਾਜ਼ ਸੁਣੀ। ਉਸ ਨੇ ਇਹ ਨਹੀਂ ਵੇਖਿਆ ਕਿ ਇਹ ਵਿਅਕਤੀ ਕੌਣ, ਜਾਤ ਜਾਂ ਧਰਮ ਦਾ ਹੈ। ਉਹ ਛੇਤੀ ਨਾਲ ਆਪਣੀ ਸਵਾਰੀ ਤੋਂ ਉਤਰਿਆ, ਆਪਣੀ ਪੱਗ ਜਾਂ ਪਰਨਾ ਫਾੜ ਕੇ ਉਸ ਦੇ ਜ਼ਖ਼ਮਾਂ ਦੀ ਮਰਹੱਮ-ਪੱਟੀ ਕੀਤੀ ਅਤੇ ਆਪਣੀ ਸਵਾਰੀ 'ਤੇ ਉਸ ਨੂੰ ਬਿਠਾ ਕੇ ਨੇੜੇ ਦੀ ਸਰਾਂ ਵਿੱਚ ਲੈ ਗਿਆ ਅਤੇ ਉਥੋਂ ਦੇ ਮੈਨੇਜਰ ਨੂੰ ਆਪਣੇ ਕੋਲੋਂ ਕੁਝ ਪੈਸੇ ਦੇ ਕੇ ਕਹਿਣ ਲੱਗਾ ਕਿ "ਇਹ ਵਿਅਕਤੀ ਮੇਰਾ ਮਿੱਤਰ ਹੈ, ਇਸ ਦੀ ਚੰਗੀ ਤਰ੍ਹਾਂ ਟਹਿਲ-ਸੇਵਾ ਕਰਿਓ ਅਤੇ ਜੋ ਕੁਝ ਤੁਹਾਡਾ ਹੋਰ ਬਣੇਗਾ, ਉਹ ਮੈਂ ਮੁੜਦਾ ਹੋਇਆ ਤੁਹਾਨੂੰ ਦੇ ਜਾਵਾਂਗਾ।" ਇਹ ਗੱਲ ਦੱਸ ਕੇ ਪ੍ਰਭੂ ਯਿਸੂ ਉਸ ਨੂੰ ਕਹਿਣ ਲੱਗੇ, ਹੁਣ ਤੂੰ ਦੱਸ ਤੇਰੀ ਸਮਝ 'ਚ ਉਸ ਦਾ ਗੁਆਂਢੀ ਕੌਣ ਹੈ? ਇਸ 'ਤੇ ਉਹ ਧਰਮ ਦੇ ਸਿਖਾਉਣ ਵਾਲਾ ਉਨ੍ਹਾਂ ਨੂੰ ਕਹਿਣ ਲੱਗਾ, ਉਹੋ ਜਿਸ ਨੇ ਉਸ ਉੱਤੇ ਦਇਆ ਕਰਕੇ ਉਸ ਦੀ ਜਾਨ ਬਚਾਈ। ਤਾਂ ਪ੍ਰਭੂ ਯਿਸੂ ਉਸ ਨੂੰ ਕਹਿਣ ਲੱਗੇ ਜਾਹ ਤੂੰ ਵੀ ਜਾ ਕੇ ਇਸੇ ਤਰ੍ਹਾਂ ਕਰ।" ਜਿਸ ਤਰ੍ਹਾਂ ਇਸ ਧਰਮ ਦੇ ਸਿਖਾਉਣ ਵਾਲੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਸ ਦਾ ਗੁਆਂਢੀ ਕੌਣ ਹੈ? ਠੀਕ ਇਹੋ ਹਾਲਤ ਸਾਡੇ ਵਿੱਚੋਂ ਕਈਆਂ ਦੀ ਹੋ ਸਕਦੀ ਹੈ। ਅਸੀਂ ਕੇਵਲ ਏਨਾ ਹੀ ਜਾਣਦੇ ਹਾਂ ਕਿ ਗੁਆਂਢੀ ਉਹੋ ਹਨ ਜੋ ਸਾਡੇ ਘਰ ਦੇ ਕੋਲ ਰਹਿੰਦੇ ਹਨ ਪ੍ਰੰਤੂ ਪ੍ਰਭੂ ਯਿਸੂ ਅਨੁਸਾਰ ਹਰੇਕ ਵਿਅਕਤੀ ਜਿਸ ਦਾ ਸਾਡੇ ਨਾਲ ਵਾਹ ਪੈਂਦਾ ਹੈ, ਉਹ ਸਾਡਾ ਗੁਆਂਢੀ ਹੈ। ਇਸ ਲਈ ਕਿਸੇ ਦਾ ਵੀ ਭਲਾ ਕਰਨ ਲੱਗਿਆਂ ਸਾਨੂੰ ਕੋਈ ਮੀਨ-ਮੇਖ ਨਹੀਂ ਮਾਰਨੀ ਚਾਹੀਦੀ।





ਪ੍ਰਭੂ ਯਿਸੂ ਨੇ ਨਾ ਸਿਰਫ ਦੂਜਿਆਂ ਨੂੰ ਸਿੱਖਿਆ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਆਪ ਵੀ ਸਿੱਖਿਆ 'ਤੇ ਅਮਲ ਕਰਕੇ ਸਾਡਾ ਰਾਹ ਰੁਸ਼ਨਾਇਆ ਹੈ। ਜੇਕਰ ਉਨ੍ਹਾਂ ਨੇ ਕਿਹਾ "ਸਾਨੂੰ ਦੂਜਿਆਂ ਦੀ ਸੇਵਾ ਕਰਨੀ ਚਾਹੀਦੀ ਹੈ" ਤਾਂ ਉਨ੍ਹਾਂ ਨੇ ਗੁਰੂ ਹੋ ਕੇ ਚੇਲਿਆਂ ਦੇ ਪੈਰ ਧੋਤੇ ਅਤੇ ਪਰਨੇ ਨਾਲ ਪੂੰਝ ਕੇ ਇਹ ਸਿਖਾਇਆ ਕਿ ਜੇਕਰ ਮੈਂ ਉਸਤਾਦ ਹੋ ਕੇ ਅਜਿਹਾ ਕੀਤਾ ਹੈ ਤੁਸੀਂ ਵੀ ਆਪਣਿਆਂ ਤੋਂ ਛੋਟਿਆਂ ਦੀ ਸੇਵਾ ਅਤੇ ਉਨ੍ਹਾਂ ਨਾਲ ਪਿਆਰ ਭਰਿਆ ਵਰਤਾਓ ਕਰੋ। ਉਨ੍ਹਾਂ ਨੇ ਆਪ ਕਿਹਾ ਕਿ "ਦੁਨੀਆਂ ਵਿੱਚ ਵੱਡੇ ਲੋਕ ਛੋਟਿਆਂ ਕੋਲੋਂ ਆਪਣੀ ਸੇਵਾ ਕਰਾਉਣੀ ਚਾਹੁੰਦੇ ਹਨ ਪ੍ਰੰਤੂ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜੇਕਰ ਕੋਈ ਤੁਹਾਡੇ ਵਿੱਚੋਂ ਵੱਡਾ ਬਣਨਾ ਚਾਹੁੰਦਾ ਹੈ ਤਾਂ ਉਹ ਸਭਨਾਂ ਦਾ ਸੇਵਾਦਾਰ ਬਣੇ, ਕਿਉਂਕਿ ਮਨੁੱਖ ਦਾ ਪੁੱਤਰ ਵੀ ਸੇਵਾ ਕਰਵਾਉਣ ਨਹੀਂ ਸਗੋਂ ਸੇਵਾ ਕਰਨ ਅਤੇ ਬਹੁਤਿਆਂ ਦਾ ਮੁੱਲ ਭਰਨ ਲਈ ਆਪਣੀ ਜਾਨ ਦੇਣ ਲਈ ਆਇਆ ਹੈ।"

ਉਨ੍ਹਾਂ ਨੇ ਇਹ ਵੀ ਕਿਹਾ ਕਿ ਨਿਰਾ ਮੈਨੂੰ ਪ੍ਰਭੂ-ਪ੍ਰਭੂ ਕਹਿਣ ਨਾਲ ਕੁਝ ਨਹੀਂ ਹੋਵੇਗਾ। ਜੇਕਰ ਤੁਸੀਂ ਮੇਰੀ ਸਿੱਖਿਆ 'ਤੇ ਚਲਦੇ ਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ ਸਕਦੇ ਹੋ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਮਨੁੱਖ ਇਹ ਦਾਅਵਾ ਕਰੇ ਕਿ ਉਹ ਪ੍ਰਮੇਸ਼ਵਰ ਨਾਲ ਪਿਆਰ ਕਰਦਾ ਹੈ ਪਰ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਅਜਿਹਾ ਮਨੁੱਖ ਮੱਕਾਰ ਹੈ ਕਿਉਂਕਿ ਭਰਾ ਜਿਹਨੂੰ ਉਹ ਸਾਹਮਣੇ ਵੇਖਦਾ ਹੈ ਉਸ ਨਾਲ ਤਾਂ ਉਹ ਦੁਸ਼ਮਣੀ ਕਰਦਾ ਹੈ ਪ੍ਰੰਤੂ ਪ੍ਰਮਾਤਮਾ ਜਿਸ ਨੂੰ ਉਹ ਵੇਖ ਨਹੀਂ ਸਕਦਾ, ਉਸ ਨਾਲ ਉਹ ਕਿਵੇਂ ਪਿਆਰ ਕਰ ਸਕਦਾ ਹੈ? ਭਰਾ ਨੂੰ ਵੀ ਉਹ ਗੁਆਂਢੀ ਵਾਂਗ ਵਿਸਤ੍ਰਿਤ ਅਰਥਾਂ ਵਿੱਚ ਲੈਂਦੇ ਹਨ। ਇਸ ਲਈ ਉਹ ਮਨੁੱਖ ਨੂੰ ਇਕ-ਦੂਜੇ ਨਾਲ ਨਿਸ਼ਕਪਟ ਪਿਆਰ ਕਰਨ ਲਈ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਨੇ ਮਨੁੱਖ ਜਾਤੀ ਨੂੰ ਭੁੱਖੇ-ਪਿਆਸੇ, ਬਿਮਾਰ ਜਾਂ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਦੀ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਵਕਾਲਤ ਕੀਤੀ ਹੈ। ਅਜਿਹੇ ਲੋਕਾਂ ਦੀ ਸੇਵਾ-ਸੰਭਾਲ ਲਈ ਖ਼ਰਚ ਕੀਤੇ ਧਨ ਨੂੰ ਉਹ ਆਪਣੇ ਲਈ ਸਵਰਗ ਵਿੱਚ ਧਨ ਜਮ੍ਹਾਂ ਕਰਨਾ ਕਹਿੰਦੇ ਹਨ। ਇਸੇ ਲਈ ਉਨ੍ਹਾਂ ਨੇ ਕਿਹਾ ਕਿ ਜਦ ਮਨੁੱਖ ਦਾ ਪੁੱਤਰ ਨਿਆਂ ਕਰਨ ਲਈ ਆਵੇਗਾ ਤਾਂ ਉਹ ਚੰਗਿਆਂ ਲੋਕਾਂ ਨੂੰ ਵੱਖ ਕਰੇਗਾ ਕਿ ਉਹ ਤੁਸੀਂ ਮੇਰੇ ਪਿਤਾ ਦੇ ਮੁਬਾਰਕ ਲੋਕ ਹੋ, ਕਿਉਂਕਿ ਜਦੋਂ ਮੈਂ ਭੁੱਖਾ, ਪਿਆਸਾ, ਬਿਮਾਰ ਅਤੇ ਕੈਦੀ ਸਾਂ ਤਾਂ ਤੁਸੀ ਮੇਰੀ ਸਹਾਇਤਾ ਕੀਤੀ।" ਤਾਂ ਭਲੇ ਲੋਕ ਉਸ ਨੂੰ ਕਹਿਣਗੇ ਕਿ ਹੇ! ਪ੍ਰਭੂ ਜੀ, "ਕਿਸ ਸਮੇਂ ਅਸੀਂ ਤੁਹਾਡੀ ਸੇਵਾ ਜਾਂ ਸਹਾਇਤਾ ਕੀਤੀ।" ਤਾਂ ਇਸੇ 'ਤੇ ਪ੍ਰਭੂ ਜੀ ਕਹਿਣਗੇ ਕਿ "ਜਦੋਂ ਕਿਸੇ ਛੋਟੇ ਤੋਂ ਛੋਟੇ ਵਿਅਕਤੀ ਦੀ ਸਹਾਇਤਾ ਕੀਤੀ ਤਾਂ ਤੁਸੀਂ ਅਸਲ ਵਿੱਚ ਮੇਰੀ ਹੀ ਸਹਾਇਤਾ ਕੀਤੀ।" ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪ੍ਰਭੂ ਯਿਸੂ ਦੀ ਸਾਰੀ ਸਿੱਖਿਆ ਹੀ ਦੁਖੀ, ਲੋੜਵੰਦ ਅਤੇ ਬੇਸਹਾਰਾ ਲੋਕਾਂ ਨੂੰ ਸਹਾਰਾ ਦੇਣ 'ਤੇ ਕੇਂਦਰਿਤ ਹੈ।

ਅੱਜ ਜਦੋਂ ਪੂਰੀ ਦੁਨੀਆਂ ਵਿੱਚ ਉਨ੍ਹਾਂ ਦਾ ਪ੍ਰਗਟ ਦਿਵਸ ਕ੍ਰਿਸਮਸ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਅਜਿਹਾ ਰਹਿਬਰ ਜੋ ਸਮੁੱਚੀ ਲੋਕਾਈ ਦਾ ਦੁੱਖ-ਦਰਦ ਆਪਣੀ ਦਿਲ ਵਿੱਚ ਲਈ ਫਿਰਦਾ ਹੋਵੇ, ਜਿਸ ਨੇ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਹੋਵੇ। ਮਨੁੱਖ ਦੀ ਸੌੜੀ ਸੋਚ ਤੇ ਤੰਗ ਨਜ਼ਰੀਏ ਦਾ ਇਸ ਤੋਂ ਵੱਧ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਅਜੇ ਵੀ ਕੁਝ ਲੋਕ ਉਨ੍ਹਾਂ ਨੂੰ ਪੱਛਮ ਜਾਂ ਅੰਗਰੇਜ਼ਾਂ ਦਾ ਗੁਰੂ ਗਰਦਾਨ ਕੇ ਉਨ੍ਹਾਂ ਦੀ ਮਹਾਨਤਾ ਨੂੰ ਛੁਟਿਆਉਣ ਦੀ ਅਸਫਲ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ। ਜਦੋਂ ਕਿ ਉਨ੍ਹਾਂ ਦਾ ਸੰਦੇਸ਼ ਸਾਰੀ ਮਾਨਵਤਾ ਲਈ ਇੱਕੋ ਜਿਹਾ ਹੈ। ਕ੍ਰਿਸਮਸ ਦਾ ਤਿਉਹਾਰ ਸਾਨੂੰ ਇਹ ਸੁਨੇਹਾ ਦਿੰਦਾ ਹੈ ਕਿ ਅਸੀਂ ਹਰ ਤਰ੍ਹਾਂ ਦੀ ਤੰਗ-ਦਿਲੀ, ਕੇਵਲ ਪਦਾਰਥਕ ਸੁੱਖਾਂ ਅਤੇ ਨਿਰਾ ਰਸਮੀ ਤੌਰ 'ਤੇ ਇਸ ਦਿਨ ਨੂੰ ਮਨਾਉਣ ਦੀ ਬਜਾਏ ਉਨ੍ਹਾਂ ਦੇ ਦੱਸੇ ਹੋਏ ਸੱਚਾਈ, ਮਨੁੱਖੀ ਭਾਈਚਾਰੇ, ਸੇਵਾ, ਤਿਆਗ, ਵਿਸ਼ਵ-ਵਿਆਪੀ ਪ੍ਰੇਮ ਅਤੇ ਦਇਆ ਦੇ ਗੁਣਾਂ ਦੇ ਧਾਰਨੀ ਬਣ ਕੇ ਇਸ ਦਿਨ ਨੂੰ ਇਸ ਦੀ ਅਸਲੀ ਭਾਵਨਾ ਅਨੁਸਾਰ ਮਨਾਈਏ। ਅਜਿਹਾ ਕਰਕੇ ਹੀ ਅਸੀਂ ਇਸ ਸੰਸਾਰ ਨੂੰ ਅਮਨ-ਇਨਸਾਫ਼ ਦਾ ਘਰ ਅਤੇ ਮਨੁੱਖ ਦੇ ਰਹਿਣ ਲਈ ਹੋਰ ਚੰਗੇਰਾ ਬਣਾ ਸਕਦੇ ਹਾਂ। ਇਕ ਅਜਿਹਾ ਸੰਸਾਰ ਜਿੱਥੇ ਲੜਾਈ-ਝਗੜੇ, ਵੈਰ-ਵਿਰੋਧ, ਮੰਦ ਭਾਵਨਾ ਅਤੇ ਈਰਖਾ-ਨਫ਼ਰਤ ਕਿਸੇ ਲਈ ਵੀ ਨਹੀਂ ਹੋਵੇਗੀ।

**ਡੈਨੀਅਲ ਥੋਬਾ**

# ਕੀ ਹੈ ਲੋਹੜੀ ਦੇ ਪਵਿੱਤਰ ਤਿਉਹਾਰ ਦੀ ਮਹੱਤਤਾ?

## ਜਾਣੋ ਕਿਉਂ ਦੁੱਲਾ ਭੱਟੀ ਨੂੰ ਕੀਤਾ ਜਾਂਦੈ ਯਾਦ




ਭਾਰਤ ਤਿਉਹਾਰਾਂ ਦਾ ਦੇਸ਼ ਹੈ। ਸਾਲ ਦੇ 12 ਮਹੀਨਿਆਂ 'ਚੋਂ ਕੋਈ ਵੀ ਅਜਿਹਾ ਮਹੀਨਾ ਨਹੀਂ, ਜਦੋਂ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਭਾਰਤ ਦਾ ਸਮੁੱਚਾ ਜਨ-ਜੀਵਨ ਤਿਉਹਾਰਾਂ ਨਾਲ ਜੁੜਿਆ ਹੈ। ਇਸੇ ਤਰ੍ਹਾਂ ਮਾਘੀ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਅਰਥ 'ਤਿਲ+ਰਿਓੜੀ' ਤੋਂ ਹਨ। ਤਿਲ ਤੇ ਰਿਓੜੀ ਦਾ ਤਿਉਹਾਰ ਹੋਣ ਕਾਰਨ ਇਸ ਦਾ ਪੁਰਾਤਨ ਨਾਂ 'ਤਿਲੋੜੀ' ਸੀ, ਜੋ ਸਮੇਂ ਨਾਲ ਬਦਲਦਾ-ਬਦਲਦਾ 'ਲੋਹੜੀ' ਬਣ ਗਿਆ। ਇਹ ਤਿਉਹਾਰ ਪੰਜਾਬ ਦੇ ਹਰ ਘਰ 'ਚ ਮਨਾਇਆ ਜਾਂਦਾ ਹੈ।

ਲੋਹੜੀ ਤੋਂ ਕਈ ਦਿਨ ਪਹਿਲਾਂ ਛੋਟੇ ਬੱਚੇ ਘਰ-ਘਰ ਜਾ ਕੇ ਪਾਥੀਆਂ, ਬਾਲਣ ਤੇ ਪੈਸੇ ਇਕੱਠਾ ਕਰਨਾ ਸ਼ੁਰੂ ਕਰ ਦਿੰਦੇ ਸਨ। ਜਿਸ ਘਰ ਵਿਚ ਮੁੰਡੇ ਦਾ ਜਨਮ ਜਾਂ ਨਵਾਂ ਵਿਆਹ ਹੋਇਆ ਹੋਵੇ, ਉਨ੍ਹਾਂ ਵੱਲੋਂ ਬੱਚਿਆਂ ਨੂੰ ਮੂੰਗਫਲੀ, ਰਿਓੜੀਆਂ, ਤਿਲ, ਪੈਸੇ ਆਦਿ ਖ਼ੁਸ਼ੀ ਵਜੋਂ ਦਿੱਤੇ ਜਾਂਦੇ ਹਨ। ਤੋਤਲੀਆਂ ਆਵਾਜ਼ਾਂ 'ਚ ਲੋਹੜੀ ਦੇ ਗੀਤ ਗਾਉਂਦੇ ਬੱਚੇ ਬੜੇ ਪਿਆਰੇ ਲੱਗਦੇ ਹਨ। ਪਹਿਲਾਂ ਸਿਰਫ਼ ਪੁੱਤਰ ਦੇ ਪੈਦਾ ਹੋਣ 'ਤੇ ਹੀ ਲੋਹੜੀ ਪਾਈ ਜਾਂਦੀ ਸੀ ਪਰ ਅਜੋਕੇ ਪੜ੍ਹੇ-ਲਿਖੇ ਸਮਾਜ 'ਚ ਲੜਕੇ ਤੇ ਲੜਕੀ 'ਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ ਤੇ ਹੁਣ ਲੋਕ ਧੀਆਂ ਦੀ ਲੋਹੜੀ ਵੀ ਪਾਉਣ ਲੱਗੇ ਹਨ। ਇਸ ਦਿਨ ਗਲੀ-ਮੁਹੱਲੇ ਦੇ ਲੋਕ ਧੂਣੀ ਬਾਲ ਕੇ ਇਕੱਠੇ ਹੋ ਕੇ ਬੈਠਦੇ ਹਨ ਤੇ ਧੂਣੀ 'ਚ ਤਿਲ ਪਾਉਂਦੇ ਹੋਏ ਲੋਹੜੀ ਦੇ ਗੀਤ ਗਾਉਂਦੇ ਹਨ :

*ਈਸਰ ਆ, ਦਲਿੱਦਰ ਜਾ,*
*ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।*

ਜਿਸ ਦਾ ਅਰਥ ਹੈ ਕਿ ਈਸ਼ਵਰ ਦੀ ਮਿਹਰ ਹੋਵੇ, ਦੁੱਖ-ਕਲੇਸ਼ ਨਾ ਆਉਣ ਤੇ ਸਾਰੇ ਕਲੇਸ਼ਾਂ ਦੀ ਜੜ੍ਹ ਸੜ ਜਾਵੇ। ਇਸ ਤਿਉਹਾਰ ਦਾ ਸਬੰਧ ਬਦਲਦੇ ਮੌਸਮ ਨਾਲ ਵੀ ਹੈ।

### ਲੋਹੜੀ ਦੀ ਪੁਰਾਤਨ ਗਾਥਾ

ਪੁਰਤਾਨ ਗਾਥਾ ਅਨੁਸਾਰ ਇਸ ਤਿਉਹਾਰ ਦਾ ਸਬੰਧ ਇਕ ਭੱਟੀ ਸਰਦਾਰ 'ਦੁੱਲੇ' ਨਾਲ ਵੀ ਹੈ। ਇਕ ਗ਼ਰੀਬ ਬ੍ਰਾਹਮਣ ਦੀਆਂ ਦੋ ਧੀਆਂ ਸਨ ਸੁੰਦਰੀ ਤੇ ਮੁੰਦਰੀ। ਗ਼ਰੀਬ ਬ੍ਰਾਹਮਣ ਨੇ ਆਪਣੀਆਂ ਧੀਆਂ ਦਾ ਰਿਸ਼ਤਾ ਕਿਸੇ ਥਾਂ ਪੱਕਾ ਕੀਤਾ ਹੋਇਆ ਸੀ ਪਰ ਉੱਥੋਂ ਦੇ ਪਾਪੀ ਤੇ ਜ਼ਾਲਮ ਹਾਕਮ ਨੇ ਉਸ ਬ੍ਰਾਹਮਣ ਦੀਆਂ ਧੀਆਂ ਦੀ ਸੁੰਦਰਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਜ਼ੋਰੀਂ ਆਪਣੇ ਘਰ ਰੱਖਣ ਦੀ ਠਾਣ ਲਈ। ਸਾਜ਼ਿਸ਼ ਦਾ ਪਤਾ ਲੱਗਣ 'ਤੇ ਗ਼ਰੀਬ ਬ੍ਰਾਹਮਣ ਨੇ ਮੁੰਡੇ ਵਾਲਿਆਂ ਨੂੰ ਆਖਿਆ ਕਿ ਉਹ ਉਸ ਦੀਆਂ ਧੀਆਂ ਨੂੰ ਵਿਆਹ ਤੋਂ ਪਹਿਲਾਂ ਆਪਣੇ ਘਰ ਲੈ ਜਾਣ ਪਰ ਮੁੰਡੇ ਵਾਲੇ ਵੀ ਉਸ ਜ਼ਾਲਮ ਹਾਕਮ ਤੋਂ ਡਰ ਕੇ ਮੁੱਕਰ ਗਏ। ਜਦੋਂ ਗ਼ਰੀਬ ਬ੍ਰਾਹਮਣ ਨਿਰਾਸ਼ ਹੋ ਕੇ ਘਰ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਦਾ ਮੇਲ ਦੁੱਲਾ ਭੱਟੀ ਨਾਲ ਹੋਇਆ, ਜੋ ਹਾਲਾਤ ਵੱਸ ਡਾਕੂ ਬਣ ਚੁੱਕਾ ਸੀ।

ਗ਼ਰੀਬ ਬ੍ਰਾਹਮਣ ਦੀ ਵਿੱਥਿਆ ਸੁਣ ਕੇ ਦੁੱਲਾ ਭੱਟੀ ਨੇ ਉਸ ਬ੍ਰਾਹਮਣ ਦੀ ਸਹਾਇਤਾ ਕਰਨ ਤੇ ਉਸ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਬਣਾ ਕੇ ਵਿਆਹੁਣ ਦਾ ਵਚਨ ਦਿੱਤਾ। ਦੁੱਲਾ ਭੱਟੀ ਮੁੰਡੇ ਵਾਲਿਆਂ ਦੇ ਘਰ ਗਿਆ ਤੇ ਰਾਤ ਦੇ ਹਨ੍ਹੇਰੇ 'ਚ ਜੰਗਲ ਨੂੰ ਅੱਗ ਲਾ ਕੇ ਬ੍ਰਾਹਮਣ ਦੀਆਂ ਧੀਆਂ ਦਾ ਵਿਆਹ ਕਰਵਾ ਦਿੱਤਾ ਪਰ ਉਸ ਸਮੇਂ ਦੁੱਲਾ ਭੱਟੀ ਕੋਲ ਸ਼ਗਨ ਵਜੋਂ ਦੇਣ ਲਈ ਸਿਰਫ਼ ਸ਼ੱਕਰ ਹੀ ਸੀ, ਜੋ ਉਸ ਨੇ ਕੁੜੀਆਂ ਦੀ ਝੋਲੀ ਪਾ ਦਿੱਤੀ।

ਬਾਅਦ 'ਚ ਹਰ ਸਾਲ ਇਸ ਘਟਨਾ ਨੂੰ ਯਾਦ ਕਰਦਿਆਂ ਇਹ ਤਿਉਹਾਰ ਮਨਾਇਆ ਜਾਣ ਲੱਗਾ। ਲੋਹੜੀ ਵਾਲੇ ਦਿਨ ਛੋਟੇ-ਛੋਟੇ ਬੱਚੇ ਘਰ-ਘਰ ਜਾ ਕੇ ਗੀਤ ਗਾਉਂਦੇ ਹਨ, ਜਿਸ ਵਿਚ ਇਸ ਘਟਨਾ ਦਾ ਜ਼ਿਕਰ ਆਉਂਦਾ ਹੈ :

*ਸੁੰਦਰ ਮੁੰਦਰੀਏ, ਹੋ!*
*ਤੇਰਾ ਕੌਣ ਵਿਚਾਰਾ, ਹੋ!*
*ਦੁੱਲਾ ਭੱਟੀ ਵਾਲਾ, ਹੋ!*
*ਦੁੱਲੇ ਧੀ ਵਿਆਹੀ, ਹੋ!*
*ਸੇਰ ਸ਼ੱਕਰ ਪਾਈ, ਹੋ!*
*ਕੁੜੀ ਦਾ ਸਾਲੂ ਪਾਟਾ, ਹੋ!*
*ਕੁੜੀ ਦਾ ਜੀਵੇ ਚਾਚਾ, ਹੋ...*

### ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ ਹੈ ਲੋਹੜੀ ਦਾ ਤਿਉਹਾਰ

ਇਹ ਤਿਉਹਾਰ ਲੋਕਾਂ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਸ਼ਾਮ ਨੂੰ ਖਿਚੜੀ ਬਣਾਈ ਜਾਂਦੀ ਹੈ ਤੇ ਅਗਲੇ ਦਿਨ ਸਵੇਰੇ ਖਾਧੀ ਜਾਂਦੀ ਹੈ, ਜਿਸ ਨੂੰ 'ਪੋਹ ਰਿੱਧੀ ਤੇ ਮਾਘ ਖਾਧੀ' ਕਿਹਾ ਜਾਂਦਾ ਹੈ।

ਆਧੁਨਿਕਤਾ ਵੱਸ ਅੱਜ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਬਦਲ ਰਹੇ ਹਨ। ਅਜੋਕੇ ਸਮਾਜ ਦੇ ਰਸਮਾਂ-ਰਿਵਾਜ਼, ਰਹਿਣ-ਸਹਿਣ ਦੇ ਢੰਗ ਵੀ ਪਹਿਲਾਂ ਵਰਗੇ ਨਹੀਂ ਰਹੇ ਤੇ ਸੋਚ ਵੀ ਨਿਰੰਤਰ ਬਦਲ ਰਹੀ ਹੈ। ਇਹੀ ਨਹੀਂ ਹੁਣ ਲੋਹੜੀ ਸਿਰਫ਼ ਆਪੋ-ਆਪਣੇ ਵਿਹੜਿਆਂ ਤਕ ਸਿਮਟ ਕੇ ਰਹਿ ਗਈ ਹੈ। ਲੋਹੜੀ ਦਾ ਤਿਉਹਾਰ ਵੱਖ-ਵੱਖ ਨਾਵਾਂ ਨਾਲ ਬਹੁਤ ਸਾਰੇ ਖੇਤਰਾਂ 'ਚ ਮਨਾਇਆ ਜਾਂਦਾ ਹੈ ਜਿਵੇਂ, ਸਿੰਧੀ ਲੋਕ ਇਸ ਨੂੰ 'ਲਾਲ-ਲੋਈ' ਆਖਦੇ ਹਨ, ਤਾਮਿਲਨਾਡੂ ਵਿਚ 'ਪੋਂਗਲ' ਤੇ ਆਂਧਰਾ ਪ੍ਰਦੇਸ਼ ਵਿਚ 'ਭੋਗੀ' ਨਾਂ ਨਾਲ ਲੋਹੜੀ ਨਾਲ ਮਿਲਦਾ-ਜੁਲਦਾ ਤਿਉਹਾਰ ਮਨਾਇਆ ਜਾਂਦਾ ਹੈ।

### ਮਹਿੰਗਾਈ ਨੇ ਬਦਲਿਆ ਮਾਹੌਲ

ਅੱਜ-ਕੱਲ੍ਹ ਵੱਧਦੀ ਮਹਿੰਗਾਈ ਤੇ ਪੈਸੇ ਦੀ ਦੌੜ-ਭੱਜ ਵਾਲੀ ਜ਼ਿੰਦਗੀ ਨੇ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਹੁਣ ਨਾ ਤਾਂ ਜੁਆਕ ਲੋਹੜੀ ਮੰਗਦੇ ਨਜ਼ਰ ਆਉਂਦੇ ਹਨ ਤੇ ਨਾ ਹੀ ਪਹਿਲਾਂ ਵਾਂਗ ਰਿਸ਼ਤਿਆਂ 'ਚ ਏਕਤਾ ਤੇ ਪ੍ਰਪੱਕਤਾ ਰਹੀ ਹੈ। ਹੁਣ ਲੋਕਾਂ ਵੱਲੋਂ ਮੁੰਡੇ ਦੀ ਲੋਹੜੀ ਲਈ ਵੀ ਵਿਆਹ ਵਾਂਗ ਪੈਲੇਸ ਬੁੱਕ ਕੀਤੇ ਜਾਂਦੇ ਹਨ। ਸਾਰਾ ਪ੍ਰੋਗਰਾਮ ਉੱਥੇ ਹੀ ਹੁੰਦਾ ਹੈ। ਲੋਕ ਬੇਗ਼ਾਨਿਆਂ ਦੀ ਤਰ੍ਹਾਂ ਆਉਂਦੇ ਹਨ ਤੇ ਸ਼ਗਨ ਦੇ ਕੇ ਚਲੇ ਜਾਂਦੇ ਹਨ। ਮੁੰਡੇ ਵਾਲਿਆਂ ਵੱਲੋਂ ਵੀ ਮਿਠਾਈ ਦਾ ਡੱਬਾ ਅਤੇ ਕਾਰਡ ਭੇਜ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਹਰ ਕੋਈ ਆਪਣੇ-ਆਪਣੇ ਘਰ 'ਚ ਵੱਖ-ਵੱਖ ਲੋਹੜੀ ਮਨਾਉਂਦੇ ਹਨ।

### ਧੀਆਂ ਦੀ ਲੋਹੜੀ

ਅਜੋਕੀ ਲੋਹੜੀ ਬਹੁਤ ਬਦਲ ਗਈ ਹੈ। ਭਾਵੇਂ ਹੁਣ ਪੜ੍ਹੇ-ਲਿਖੇ ਸਮਾਜ ਦੀ ਸੋਚ ਬਦਲ ਗਈ ਹੈ ਤੇ ਹੁਣ ਲੋਕਾਂ ਵੱਲੋਂ ਨਵ-ਜੰਮੀਆਂ ਧੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗੀ ਹੈ ਪਰ ਹੁਣ ਤਿਉਹਾਰਾਂ 'ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗੀ ਹੈ। ਤੇਜ਼ੀ ਨਾਲ ਉੱਸਰ ਰਹੇ ਗਲੋਬਲ ਪਿੰਡ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸੱਭਿਆਚਾਰਕ ਸਾਂਝ ਤੇ ਮਿਲਵਰਤਨ ਵੀ ਘੱਟਦਾ ਜਾ ਰਿਹਾ ਹੈ। ਪੜ੍ਹਾਈ ਤੇ ਪੇਪਰਾਂ ਦੇ ਬੋਝ ਕਾਰਨ ਸਾਡੇ ਬੱਚੇ ਵੀ ਬੜੇ ਮਸਰੂਫ ਹੁੰਦੇ ਜਾ ਰਹੇ ਹਨ। ਹੁਣ ਉਨ੍ਹਾਂ ਕੋਲ ਵੀ ਸਾਂਝੀਆਂ ਖ਼ੁਸ਼ੀਆਂ ਮਨਾਉਣ ਲਈ ਫ਼ੁਰਸਤ ਨਹੀਂ ਰਹੀ।

### ਇਹ ਗਾਏ ਜਾਂਦੇ ਨੇ ਗੀਤ

1. ਲੋਹੜੀ ਤੋਂ 10-15 ਦਿਨ ਪਹਿਲਾਂ ਮੁੰਡੇ ਕੁੜੀਆਂ ਟੋਲੀਆਂ ਬਣਾ ਕੇ ਘਰਾਂ ਵਿਚ ਜਾ ਕੇ ਲੋਹੜੀ ਮੰਗਦੇ ਹਨ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ ਕਿ :

*ਦੇਹ ਮਾਈ ਪਾਥੀ, ਤੇਰਾ ਪੁੱਤ ਚੜ੍ਹੂਗਾ ਹਾਥੀ।*
*ਦੇਹ ਮਾਈ ਲੋਹੜੀ, ਤੇਰਾ ਪੁੱਤ ਚੜ੍ਹੂਗਾ ਘੋੜੀ।*

2. ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ।

*ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।*
*ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।*

3. ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਗਾਉਂਦੀਆਂ ਹੋਈਆਂ ਅਗਲੇ ਘਰ ਲਈ ਰਵਾਨਾ ਹੋ ਜਾਂਦੀਆਂ ਹਨ।

*ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।*

(ਇੰਟਰਨੈਟ)



# ਨਿੱਕੀਆਂ ਜਿੰਦਾਂ ਵੱਡੇ ਸਾਕੇ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈਸਵੀ ਤੇ ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ. ਨੂੰ ਹੋਇਆ ਸੀ। ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, ਸੰਮਤ 1753 ਬਿਕਰਮੀ ਨੂੰ ਮਾਤਾ ਜਤੋ ਜੀ ਦੀ ਕੁੱਖੋਂ ਆਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ।

ਬਾਬਾ ਜ਼ੋਰਾਵਰ ਸਿੰਘ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫਤਿਹ ਸਿੰਘ ਦੀ ਲਗਪਗ 7 ਸਾਲ ਸੀ। ਲਾਸਾਨੀ ਕੁਰਬਾਨੀ ਦੇ ਕਾਰਨ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਨਮਾਨਿਆ ਜਾਂਦਾ ਹੈ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਅਤੇ ਇਸ ਨਾਲ ਸਬੰਧਤ ਘਟਨਾਵਾਂ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਇੱਕੀ ਦਸੰਬਰ 1704 ਈ. (ਸੰਮਤ 1761 ਬਿਕਰਮੀ) ਨੂੰ ਗੁਰੂ ਜੀ ਫ਼ੌਜਾਂ ਅਤੇ ਲਾਡਲੇ ਸਾਹਿਬਜ਼ਾਦਿਆਂ ਸਮੇਤ ਥੋੜ੍ਹੀ ਹੀ ਦੂਰ ਗਏ ਸਨ ਕਿ ਮੁਗ਼ਲ ਸੈਨਾ ਨੇ ਪਿੱਛਿਓਂ ਆ ਕੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਅੱਗੇ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਸਰਸਾ ਨੂੰ ਪਾਰ ਕਰਦੇ ਸਮੇਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਕਈ ਸਿੰਘ ਵੀ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪੁੱਜੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਨ੍ਹਾਂ ਦੇ ਪਿੰਡ ਖੇੜੀ ਨੇੜੇ ਮੋਰਿੰਡਾ ਕੋਲ ਜਾ ਪਹੁੰਚੇ। ਗੰਗੂ ਰਸੋਈਆ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇਕ ਕਮਰਾ ਦਿੱਤਾ। ਗੰਗੂ ਆਖ਼ਰ ਇਕ ਨੌਕਰ ਸੀ, ਉਹ ਗੁਰੂ ਦਾ ਸਿੱਖ ਨਹੀਂ ਸੀ। ਉਸ ਦੇ ਘਰਦਿਆਂ ਨੇ ਪ੍ਰੇਰਿਆ ਹੋਣੈ ਕਿ ਸਰਕਾਰ ਦੇ ਐਲਾਨੇ ਬਾਗ਼ੀ ਦੇ ਪਰਿਵਾਰ ਨੂੰ ਘਰ ਵਿਚ ਪਨਾਹ ਦੇ ਕੇ ਉਹ ਆਪਣੇ ਪਿੰਡ ਲਈ ਮੁਸੀਬਤ ਸਹੇੜ ਰਿਹਾ ਹੈ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਉਸ ਨੇ ਆਪਣੇ ਮਾਲਕ ਨਾਲ ਬੇਵਫ਼ਾਈ ਕੀਤੀ। ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ ਉਹ ਰਾਤ ਨੂੰ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੀ ਬਦਨੀਅਤ ਨੂੰ ਪਹਿਲਾਂ ਹੀ ਭਾਂਪ ਗਏ ਸਨ।



ਅਗਲੀ ਸਵੇਰ 9 ਪੋਹ (23 ਦਸੰਬਰ) ਨੂੰ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਇਹ ਸੂਚਨਾ ਦੇਣੀ ਕਿ ਗੁਰੂ ਜੀ ਦੇ ਸਤਿਕਾਰਯੋਗ ਮਾਤਾ ਜੀ ਅਤੇ ਉਨ੍ਹਾਂ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿਚ ਲਿਆਂਦੇ ਹੋਏ ਹਨ। ਮਾਤਾ ਜੀ ਦਾ ਮਾਲ-ਧਨ ਚੋਰਾਂ ਵਾਂਗ ਰਾਤ ਨੂੰ ਚੁਰਾ ਲੈਣ ਤੋਂ ਪਿੱਛੋਂ ਗੰਗੂ ਸਵੇਰੇ ਸੱਚਾ ਬਣਨ ਲਈ ਸਰਕਾਰ ਦੀਆਂ ਨਜ਼ਰਾਂ 'ਚ ਮੁਖ਼ਬਰ ਬਣ ਕੇ ਇਨਾਮ ਦਾ ਹੱਕਦਾਰ ਬਣ ਰਿਹਾ ਸੀ। ਮੋਰਿੰਡੇ ਦਾ ਕੋਤਵਾਲ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ 10 ਪੋਹ (ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖ਼ੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਰੀਤੀ ਚਲੀ ਆ ਰਹੀ ਹੈ :

*ਸੀਸੁ ਦੀਆ ਪਰ ਸਿਰਰੁ ਨ ਦੀਆ*
..
(ਦਸਮ ਗ੍ਰੰਥ ਸਾਹਿਬ ਜੀ, ਅੰਗ 54)

ਉਹ ਕਿਵੇਂ ਝੂਠ, ਡਰਾਵੇ ਅਤੇ ਫੋਕੇ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਸਨ। ਕੋਈ ਵੱਸ ਨਾ ਚੱਲਦਾ ਵੇਖ ਸੂਬੇਦਾਰ ਨੇ ਆਪਣੀ ਹਾਰ ਸਮਝਦਿਆਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦੇਣ ਦਾ ਫ਼ੈਸਲਾ ਦੇ ਦਿੱਤਾ। ਨਵਾਬ ਮਲੇਰਕੋਟਲਾ ਵੀ ਉਸ ਸਮੇਂ ਉੱਥੇ ਹੀ ਸੀ। ਉਸ ਨੇ ਸੂਬੇਦਾਰ (ਵਜ਼ੀਰ ਖਾਂ) ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਕਿ ਵਜ਼ੀਰ ਖਾਂ, "ਤੇਰਾ ਝਗੜਾ ਗੁਰੂ ਗੋਬਿੰਦ ਸਿੰਘ ਨਾਲ ਹੈ, ਉਸ ਨਾਲ ਤੂੰ ਜੰਗ ਕਰਦਾ ਵੀ ਚੰਗਾ ਲੱਗਦਾ ਹੈਂ। ਇਨ੍ਹਾਂ ਨਿੱਕੇ ਜਿਹੇ ਮਾਸੂਮ ਬੱਚਿਆਂ ਨੇ ਤੇਰਾ ਕੀ ਵਿਗਾੜਿਆ ਹੈ? ਇਨ੍ਹਾਂ ਨੂੰ ਮਾਰਨਾ ਤੇਰੀ ਬੁਜ਼ਦਿਲੀ ਹੋਵੇਗੀ।" ਡਾ. ਹਰਚੰਦ ਸਿੰਘ ਸਰਹਿੰਦੀ ਤੇ ਹੋਰ ਕਈ ਲੇਖਕਾਂ ਅਨੁਸਾਰ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ ਰਹੀ। 13 ਪੋਹ (27 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਸੂਬੇਦਾਰ ਦੇ ਹੁਕਮ ਨਾਲ ਸਮਾਣੇ ਦੇ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਜਾਣ ਬਾਰੇ ਦੱਸਿਆ ਹੈ। ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿਚ ਨਾ ਆਏ।

ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ 78000 ਸੋਨੇ ਦੀ ਮੋਹਰਾਂ ਖੜ੍ਹੀਆਂ ਜ਼ਮੀਨ 'ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖ਼ਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੁਏਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ। ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਹੈ। ਜਿੱਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ। ਇਹ ਗੁਰਦੁਆਰਾ ਸਰਹਿੰਦ-ਚੂੰਗੀ ਸੜਕ 'ਤੇ ਸਥਿਤ ਹੈ। ਗੁਰਦੁਆਰਾ ਸ੍ਰੀ ਫਤਿਹਪੁਰ ਸਾਹਿਬ ਸਰਹਿੰਦ-ਮੋਰਿੰਡਾ ਸੜਕ 'ਤੇ ਸਥਿਤ ਹੈ। ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ 'ਚ ਹਰ ਸਾਲ ਹੁੰਦੇ ਸਮਾਗਮ ਨੂੰ ਸ਼ਹੀਦੀ ਸਭਾ, ਜੋੜ-ਮੇਲਾ, ਸ਼ਹੀਦੀ ਦਿਹਾੜਾ ਕਿਹਾ ਜਾਂਦਾ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਸ਼ਹੀਦੀ ਸਭਾ ਤੇ ਜਾਣ ਦਾ ਮੌਕਾ ਪ੍ਰਾਪਤ ਹੋਇਆ। ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਸਮਾਗਮ ਸੀ। ਗੁਰਦੁਆਰਾ ਫਤਿਹਗੜ੍ਹ ਸਾਹਿਬ ਪਹੁੰਚਣ ਲਈ ਤਿੰਨ-ਚਾਰ ਕਿਲੋਮੀਟਰ ਪੈਦਲ ਤੁਰਨਾ ਪਿਆ। ਲੱਖਾਂ ਹੀ ਸੰਗਤਾਂ ਦਾ ਇਕੱਠ ਸੀ। ਥਾਂ-ਥਾਂ ਗੁਰੂ ਕਾ ਲੰਗਰ, ਜਲੇਬੀਆਂ, ਲੱਡੂ, ਬਰੈੱਡ-ਪਕੌੜੇ, ਮਠਿਆਈਆਂ (ਵੇਸਣ ਦੀ ਬਰਫ਼ੀ), ਬਾਲੂਸ਼ਾਹੀ, ਖੀਰ, ਪੂੜੇ ਆਦਿ ਵਰਤਾਏ ਜਾ ਰਹੇ ਸਨ। ਕਈ ਲੰਗਰਾਂ 'ਚ ਤਾਂ ਲਾਊਡ ਸਪੀਕਰਾਂ ਰਾਹੀਂ ਸੰਗਤਾਂ ਨੂੰ ਲੰਗਰ ਛਕਣ ਲਈ ਆਖਿਆ ਜਾ ਰਿਹਾ ਸੀ। ਬਦਾਮਾਂ ਵਾਲੀ ਖੀਰ ਇੱਥੇ ਮਿਲਦੀ ਹੈ, ਆਦਿ ਲਿਖ ਕੇ ਲਗਾਇਆ ਹੋਇਆ ਸੀ।

ਲੇਖਕ ਨੇ ਆਪਣੀ ਪਤਨੀ ਨਾਲ ਸੁਭਾਵਿਕ ਹੀ ਗੱਲ ਕੀਤੀ ਕਿ ਛੋਟੇ ਸਾਹਿਬਜ਼ਾਦਿਆਂ ਨੇ ਤਾਂ ਨੀਹਾਂ 'ਚ ਚਿਣ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ। ਫਿਰ ਇਹ ਜਲੇਬੀਆਂ, ਬਰੈੱਡ, ਪਕੌੜਿਆਂ ਤੇ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਕਿਉਂ ਲਗਾਏ ਜਾਂਦੇ ਹਨ? ਇਹ ਤਾਂ ਸ਼ਹੀਦੀ ਦਿਵਸ ਹੈ, ਕੋਈ ਅਵਤਾਰ ਗੁਰਪੁਰਬ ਨਹੀਂ। ਇਕ ਸੱਜਣ ਨੇ ਇਹ ਵੀ ਕਿਹਾ ਤੇ ਮੈਂ ਸੁਣਿਆ ਵੀ ਹੈ ਕਿ ਇੱਥੋਂ ਦੇ ਲੋਕ 1 ਹਫ਼ਤਾ ਚੱਲਣ ਵਾਲੇ ਸ਼ਹੀਦੀ ਸਮਾਗਮ ਮੌਕੇ ਭੁੰਜੇ ਹੀ ਸੌਂਦੇ ਹਨ। ਘਰ ਦਾ ਕੋਈ ਵੀ ਜੀਅ ਮੰਜੇ, ਬੈੱਡ, ਪਲੰਘ 'ਤੇ ਆਰਾਮ ਨਹੀਂ ਕਰਦਾ। ਇਨ੍ਹਾਂ ਸਮਾਗਮਾਂ ਸਮੇਂ ਦਾਲ, ਸਬਜ਼ੀ ਤੇ ਪ੍ਰਸ਼ਾਦਿਆਂ (ਰੋਟੀ, ਫੁਲਕਾ) ਦਾ ਹੀ ਲੰਗਰ ਲਗਾਉਣਾ ਚਾਹੀਦਾ ਹੈ। ਵਿਆਹ ਤੇ ਹੋਰ ਖ਼ੁਸ਼ੀ ਦੇ ਸਮਾਗਮ ਨਹੀਂ ਕਰਨੇ ਚਾਹੀਦੇ, ਸ਼ਹੀਦਾਂ ਦੀਆਂ ਕਵਿਤਾਵਾਂ ਤੇ ਸਾਖੀਆਂ ਹੀ ਸੁਣਨੀਆਂ ਚਾਹੀਦੀਆਂ ਹਨ। ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਸਥਾਪਿਤ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਹਰ ਸਾਲ ਜਦੋਂ ਸ਼ਹੀਦੀ ਸਭਾ ਦਾ ਦਿਨ ਨੇੜੇ ਆਉਂਦਾ ਹੈ ਤਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਾਕਾ ਅੱਖਾਂ ਅੱਗੇ ਆ ਜਾਂਦਾ ਹੈ। ਨੌਂ ਤੇ ਸੱਤ ਸਾਲ ਦੀ ਉਮਰ 'ਚ ਸਾਹਿਬਜ਼ਾਦਿਆਂ ਨੇ ਸੂਬੇਦਾਰ ਦੀ ਕਚਹਿਰੀ 'ਚ ਜੋ ਜਵਾਬ ਦਿੱਤੇ, ਉਹ ਰੌਂਗਟੇ ਖੜ੍ਹੇ ਕਰਨ ਵਾਲੇ ਸਨ।

ਕਰਨੈਲ ਸਿੰਘ ਐੱਮਏ

ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖ਼ਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਧਰਮ ਲਈ ਸਰਬੰਸ ਵਾਰਨ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 1666 ਈਸਵੀ ਨੂੰ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖ ਤੋਂ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਵੇਲੇ ਸਿੱਖੀ ਦੇ ਪ੍ਰਚਾਰ ਲਈ ਦੇਸ਼ ਭਰ ਦੀ ਯਾਤਰਾ ਕਰ ਰਹੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਪਟਨਾ ਸਾਹਿਬ ਵਿਖੇ ਠਹਿਰਾਇਆ ਅਤੇ ਆਪ ਅੱਗੇ ਆਸਾਮ ਵੱਲ ਚੱਲੇ ਗਏ ਸਨ। ਗੁਰੂ ਜੀ ਜਦੋਂ ਢਾਕਾ (ਬੰਗਲਾਦੇਸ਼) ਵਿਖੇ ਪਹੁੰਚੇ ਸਨ ਤਾਂ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਸੂਚਨਾ ਮਿਲੀ ਸੀ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਮੌਕੇ ਔਰੰਗਜ਼ੇਬ ਦਾ ਜ਼ਬਰ, ਜ਼ੁਲਮ ਤੇ ਅੱਤਿਆਚਾਰ ਵੱਧ ਜਾਣਾ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ ਕੁੱਝ ਸਾਲਾਂ ਦੀ ਹੀ ਸੀ, ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਾਪਸ ਆ ਕੇ ਆਪਣੇ ਪੁੱਤਰ ਤੇ ਪਰਿਵਾਰ ਨੂੰ ਸ੍ਰੀ ਆਨੰਦਪੁਰ ਸਾਹਿਬ ਬੁਲਾ ਲਿਆ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਔਰੰਗਜ਼ੇਬ ਦਾ ਜ਼ਬਰ, ਜ਼ੁਲਮ ਤੇ ਅੱਤਿਆਚਾਰ ਸਭ ਹੱਦਾਂ ਬੰਨ੍ਹੇ ਟੱਪ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਪ੍ਰਚਾਰ ਦੌਰੇ ਲੋਕਾਂ ਵਿਚ ਢਾਰਸ ਦੇਣ ਦਾ ਕੰਮ ਕਰ ਰਹੇ ਸਨ। ਦੇਸ਼ ਦੇ ਬਾਦਸ਼ਾਹ ਔਰੰਗਜ਼ੇਬ ਨੇ ਉਸ ਵੇਲੇ ਦੇਸ਼ ਭਰ ਦੇ ਆਪਣੇ ਸਾਰੇ ਗਵਰਨਰਾਂ ਨੂੰ ਇਹ ਹੁਕਮ ਜਾਰੀ ਕਰ ਦਿੱਤਾ ਸੀ ਕਿ ਹਿੰਦੂਆਂ ਦੇ ਸਾਰੇ ਮੰਦਰ ਅਤੇ ਸਕੂਲ ਢਾਹ ਦਿੱਤੇ ਜਾਣ। ਇਨ੍ਹਾਂ ਹੁਕਮਾਂ ਨੂੰ ਸਾਰੇ ਗਵਰਨਰਾਂ ਵਲੋਂ ਬੜੀ ਸਖਤੀ ਨਾਲ ਲਾਗੂ ਕੀਤਾ ਜਾਣ ਲੱਗ ਪਿਆ। ਉਸ ਸਮੇਂ ਕਸ਼ਮੀਰ ਦਾ ਗਵਰਨਰ ਇਫਤਖਾਰ ਖ਼ਾਂ ਸੀ, ਜਿਸ ਨੇ ਬਾਦਸ਼ਾਹ ਦੇ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਦੀ ਅੱਤ ਹੀ ਚੁੱਕ ਲਈ। ਕਸ਼ਮੀਰ ਵਿਚ ਮੰਦਰ ਢਾਹੇ ਜਾਣ ਲੱਗੇ ਅਤੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਣ ਲੱਗ ਪਿਆ। ਜਦੋਂ ਅੱਤਿਆਚਾਰ ਸਭ ਹੱਦਾਂ ਬੰਨ੍ਹੇ ਟੱਪ ਗਿਆ ਤਾਂ ਕਸ਼ਮੀਰੀ ਪੰਡਿਤਾਂ ਦਾ ਇਕ 16 ਮੈਂਬਰੀ ਵਫਦ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁੱਜਾ ਤਾਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਇਸ ਜ਼ੁਲਮ ਦੇ ਵਿਰੁੱਧ ਫਰਿਆਦ ਕੀਤੀ ਜਾ ਸਕੇ।

**ਬਾਲ ਉਮਰ ਵਿਚ ਆਪਣੇ ਪਿਤਾ ਜੀ ਨੂੰ ਦਿੱਲੀ ਵੱਲ ਤੋਰਨਾ**

ਇਸ ਵਫਦ ਦੀ ਮੁਲਾਕਾਤ ਗੁਰੂ ਜੀ ਨਾਲ 25 ਮਈ 1675 ਈਸਵੀ ਨੂੰ ਹੋਈ। ਕਸ਼ਮੀਰੀ ਪੰਡਿਤਾਂ ਨੇ ਸਾਰਾ ਹਾਲ ਗੁਰੂ ਜੀ ਨੂੰ ਦੱਸਿਆ, ਜਿਸ ਨੂੰ ਸੁਣਕੇ ਗੁਰੂ ਜੀ ਗ਼ੰਭੀਰ ਹੋ ਗਏ। ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ 9 ਸਾਲ ਦੀ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਨੂੰ ਗ਼ੰਭੀਰ ਮੁਦਰਾ ਵਿਚ ਬੈਠੇ ਦੇਖਿਆ ਤਾਂ ਉਨ੍ਹਾਂ ਇਸ ਦਾ ਕਾਰਨ ਜਾਣਨਾ ਚਾਹਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਇਨ੍ਹਾਂ ਲਾਚਾਰ ਪੰਡਿਤਾਂ 'ਤੇ ਜ਼ੁਲਮ ਹੋ ਰਿਹਾ ਹੈ, ਜਿਸ ਨੂੰ ਤਦ ਹੀ ਠੱਲ੍ਹ ਪੈ ਸਕਦੀ ਹੈ, ਜੇਕਰ ਕੋਈ ਮਹਾਬਲੀ ਆਪਣੀ ਕੁਰਬਾਨੀ ਦੇਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੁਰੰਤ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਬਲੀ ਹੋਰ ਕੌਣ ਹੋ ਸਕਦਾ ਹੈ। ਇਸ ਤਰ੍ਹਾਂ ਹਿੰਦੋਸਤਾਨ ਵਿਚ ਹਿੰਦੂ ਧਰਮ ਦੀ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਲ ਉਮਰ ਵਿਚ ਹੀ ਆਪਣੇ ਪਿਤਾ ਜੀ ਨੂੰ ਦਿੱਲੀ ਵੱਲ ਤੋਰਿਆ। ਔਰੰਗਜੇਬ ਦੇ ਹੁਕਮ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ 1675 ਈਸਵੀ ਨੂੰ ਸ਼ਹੀਦ ਕਰ ਦਿੱਤਾ ਗਿਆ।



**ਬਾਣੀ ਦੀ ਰਚਨਾ ਕਰਨਾ ਅਤੇ ਯੁੱਧ ਲੜਨਾ**

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਰੇ ਸਿੱਖਾਂ ਨੂੰ ਸ਼ਸਤਰ ਬੱਧ ਹੋਣ ਅਤੇ ਵਧੀਆ ਘੋੜੇ ਰੱਖਣ ਲਈ ਉਸੇ ਤਰ੍ਹਾਂ ਹੁਕਮ ਜਾਰੀ ਕਰ ਦਿੱਤਾ, ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤਾ ਸੀ। ਗੁਰੂ ਜੀ ਸ੍ਰੀ ਆਨੰਦਪੁਰ ਸਾਹਿਬ ਤੋਂ ਕੁੱਝ ਸਮੇਂ ਲਈ ਹਿਮਾਚਲ ਪ੍ਰਦੇਸ਼ ਵਿਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਚਲੇ ਗਏ ਅਤੇ ਉਥੇ ਪਾਉਂਟਾ ਸਾਹਿਬ ਨਾਂ ਦਾ ਨਗਰ ਵਸਾਇਆ। ਇਥੇ ਹੀ ਗੁਰੂ ਜੀ ਨੇ ਬਹੁਤ ਸਾਰੀਆਂ ਬਾਣੀਆਂ ਦੀ ਰਚਨਾ ਵੀ ਕੀਤੀ ਅਤੇ ਭੰਗਾਣੀ ਦਾ ਯੁੱਧ ਵੀ ਪਾਉਂਟਾ ਸਾਹਿਬ ਦੇ ਨੇੜੇ ਹੀ ਲੜਨਾ ਪਿਆ। ਭੰਗਾਣੀ ਦਾ ਯੁੱਧ ਗੁਰੂ ਜੀ ਦਾ ਪਹਿਲਾ ਯੁੱਧ ਸੀ, ਜਿਸ ਵਿਚ ਉਹ ਬਾਈਧਾਰ ਦੇ ਰਾਜਿਆਂ ਦੀਆਂ ਫੌਜਾਂ ਨਾਲ ਲੜੇ ਅਤੇ ਜਿੱਤ ਹਾਸਲ ਕੀਤੀ। ਇਸ ਤੋਂ ਬਾਅਦ ਗੁਰੂ ਜੀ ਮੁੜ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਗਏ। 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਪੰਜ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕ ਕੇ ਆਪਣਾ ਨਾਮ (ਗੁਰੂ) ਗੋਬਿੰਦ ਸਿੰਘ ਰੱਖਿਆ। ਗੁਰੂ ਜੀ ਦੇ ਬਚਪਨ ਦਾ ਨਾਂ ਗੋਬਿੰਦ ਰਾਇ ਸੀ।

**ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ ਅਤੇ ਪਰਿਵਾਰ ਵਿਛੋੜਾ**

ਸ੍ਰੀ ਆਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਵੀ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਲੜਾਈ ਝਗੜਾ ਜਾਰੀ ਰੱਖਿਆ ਪਰ ਜਿੱਤ ਹਮੇਸ਼ਾ ਗੁਰੂ ਜੀ ਦੀ ਹੀ ਹੁੰਦੀ ਰਹੀ। ਅਖੀਰ 1704 ਈਸਵੀ ਨੂੰ ਜਦੋਂ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਤਾਂ ਮੁਗਲ ਫੌਜਾਂ ਨੇ ਪਿੱਛੋਂ ਹਮਲਾ ਕਰ ਦਿੱਤਾ, ਜਿਸ ਕਰਕੇ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ। ਚਮਕੌਰ ਸਾਹਿਬ ਇਕ ਕੱਚੀ ਗੜ੍ਹੀ ਵਿਚ ਗੁਰੂ ਜੀ ਨੇ ਆਪਣੇ 40 ਸਿੰਘਾਂ ਸਮੇਤ 10 ਲੱਖ ਮੁਗਲ ਫੌਜ ਦਾ ਟਾਕਰਾ ਕੀਤਾ। ਇਥੇ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋਏ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਨੂੰ ਸਰਹਿੰਦ ਦੇ ਸੂਬੇ ਵਜੀਰ ਖ਼ਾਨ ਦੇ ਹੁਕਮ 'ਤੇ ਜ਼ਿੰਦਾ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ। ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਪੰਜਾਬ ਆ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਗੁਰੂ ਜੀ ਨੇ ਸਾਬੋ ਕੀ ਤਲਵੰਡੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਨਰ ਸੰਪਾਦਨ ਕੀਤਾ ਅਤੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕੀਤਾ।

**ਗੁਰੂ ਜੀ ਦੀ ਲੜਾਈ ਜ਼ੁਲਮ ਨਾਲ ਸੀ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਚੋਂ ਸਾਨੂੰ ਇਕ ਗੱਲ ਬਹੁਤ ਪ੍ਰਮੁੱਖਤਾ ਨਾਲ ਪਤਾ ਚਲਦੀ ਹੈ ਕਿ ਗੁਰੂ ਜੀ ਦੀ ਕਿਸੇ ਨਾਲ ਜਾਤੀ ਦੁਸ਼ਮਣੀ ਨਹੀਂ ਸੀ। ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਫਕੀਰ ਗੁਰੂ ਜੀ ਦੇ ਪੱਕੇ ਮੁਰੀਦ ਸਨ ਅਤੇ ਹੋਰ ਤਾਂ ਹੋਰ ਪੀਰ ਜੀ ਨੇ ਗੁਰੂ ਜੀ ਦੀ ਭੰਗਾਣੀ ਦੇ ਯੁੱਧ ਵਿਚ ਵੀ ਮਦਦ ਕੀਤੀ ਸੀ। ਗੁਰੂ ਜੀ ਦੀ ਲੜਾਈ ਜ਼ੁਲਮ ਨਾਲ ਸੀ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ। ਗੁਰੂ ਜੀ ਦੀ ਬਾਣੀ ਵਿਚ ਸੱਚ ਲਈ ਲੜਨਾ ਤੇ ਮਜਲੂਮ ਦੀ ਰੱਖਿਆ ਕਰਨ ਦੀ ਸਿੱਖਿਆ ਮਿਲਦੀ ਹੈ। ਗੁਰੂ ਜੀ ਪ੍ਰੇਮ ਦੇ ਪੁਜਾਰੀ ਸਨ। ਗੁਰੂ ਜੀ ਦੇ ਹੁਕਮ ਹੈ:-

*''ਸਾਚੁ ਕਹੋਂ ਸੁਨ ਲੈਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥''*
*''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥''*

ਗੁਰੂ ਜੀ ਸ਼ੁਭ ਕਰਮਨ ਲਈ ਜ਼ਿੰਦਗੀ ਕੁਰਬਾਨ ਕਰਨ ਨੂੰ ਪਹਿਲ ਦਿੰਦੇ ਹਨ। ਗੁਰੂ ਜੀ ਦਾ ਫੁਰਮਾਨ ਹੈ:-

*''ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ ॥*
*ਨ ਡਰੋਂ ਅਰਿ ਸੇ ਜਬ ਜਾਇ ਲਰੋਂ ਨਿਸਚੈ ਕਰ ਅਾਪਨੀ ਜੀਤ ਕਰੋਂ ॥''*

ਗੁਰੂ ਜੀ ਨਿਮਰਤਾ ਦੀ ਮੂਰਤ ਸਨ ਅਤੇ ਇਸ ਗੱਲ ਦੇ ਸਖਤ ਵਿਰੁੱਧ ਸਨ ਕਿ ਕੋਈ ਉਨ੍ਹਾਂ ਨੂੰ ਰੱਬ ਦਾ ਦਰਜਾ ਦੇਵੇ। ਗੁਰੂ ਜੀ ਆਪਣੇ ਆਪ ਨੂੰ ਅਕਾਲ ਪੁਰਖ ਦਾ ਦਾਸ ਅਖਵਾ ਕੇ ਖੁਸ਼ ਸਨ। ਗੁਰੂ ਜੀ ਦਾ ਫੁਰਮਾਨ ਹੈ:-

*''ਜੋ ਹਮਕੋ ਪਰਮੇਸਰ ਉਚਰਿ ਹੈ,*
*ਤੇ ਸਭ ਨਰਕਿ ਕੁੰਡ ਮਹਿ ਪਰਿਹੈ।*
*ਮੈਂ ਹੋ ਦਾਸ ਤਵਨੁ ਕਾ ਜਾਨੋ*
*ਯਾ ਮੈਂ ਭੇਦੁ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ*
*ਦੇਖਨਿ ਆਯੋ ਜਗਤ ਤਮਾਸਾ।''*

**ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਪੰਜਾਬ ਵੱਲ ਭੇਜਣਾ**

ਸਤੰਬਰ 1707 ਈਸਵੀ ਵਿਚ ਗੁਰੂ ਜੀ ਦੱਖਣ ਵਿਚ ਮਹਾਰਾਸ਼ਟਰ ਦੇ ਨਾਂਦੇੜ ਨਾਮੀ ਸਥਾਨ 'ਤੇ ਚਲੇ ਗਏ, ਜਿਥੇ ਗੁਰੂ ਜੀ ਨੇ ਮਾਧੋ ਦਾਸ ਵੈਰਾਗੀ ਨੂੰ ਅੰਮ੍ਰਿਤ ਛਕਾ ਕੇ ਬਾਬਾ ਬੰਦਾ ਸਿੰਘ ਬਹਾਦਰ ਬਣਾਇਆ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਪੰਜਾਬ ਵੱਲ ਭੇਜਿਆ। ਇਥੇ 2 ਵਿਸ਼ਵਾਸਘਾਤੀ ਪਠਾਣਾਂ ਨੇ ਗੁਰੂ ਜੀ 'ਤੇ ਛੁਰੇ ਨਾਲ ਵਾਰ ਕਰ ਦਿੱਤਾ। ਗੁਰੂ ਜੀ ਨੇ ਆਪਣੀ ਤਲਵਾਰ ਨਾਲ ਇਕ ਪਠਾਣ ਨੂੰ ਤਾਂ ਮੌਕੇ 'ਤੇ ਹੀ ਮਾਰ ਦਿੱਤਾ, ਜਦਕਿ ਦੂਜਾ ਸਿੱਖਾਂ ਹੱਥੋਂ ਮਾਰਿਆ ਗਿਆ। ਗੁਰੂ ਜੀ ਦੇ ਜ਼ਖ਼ਮ ਕਾਫੀ ਗ਼ਹਿਰੇ ਸਨ ਤੇ 7 ਅਕਤੂਬਰ 1708 ਈਸਵੀਂ ਨੂੰ ਗੁਰੂ ਜੀ ਜੋਤਿ ਜੋਤ ਸਮਾ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਦਿੱਤੀ। ਗੁਰੂ ਜੀ ਨੇ ਬਹੁਤ ਸਾਰੀਆਂ ਬਾਣੀਆਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ ਜਾਪ ਸਾਹਿਬ, ਸਵੱਈਏ, ਬਚਿੱਤਰ ਨਾਟਕ, ਵਾਰ ਸ੍ਰੀ ਭਗੌਤੀ ਜੀ ਕੀ (ਚੰਡੀ ਦੀ ਵਾਰ), ਅਕਾਲ ਉਸਤਤਿ, ਜਫਰਨਾਮਾ ਦੇ ਨਾਂਅ ਵਰਣਨਯੋਗ ਹਨ।

ਗੁਰਪ੍ਰੀਤ ਸਿੰਘ
ਨਿਆਮੀਆਂ



## ਜੀਵਨ ਦੇ ਰੰਗ

ਨਿੱਕੇ ਹੁੰਦਿਆਂ, ਮੈਂ
ਬਾਪੂ ਦੇ ਮੋਢਿਆਂ 'ਤੇ ਬੈਠ
ਹਵਾ ਵਿੱਚ ਬਾਹਾਂ ਉਛਾਲਦਾ,
ਕਿਲਕਾਰੀਆਂ ਮਾਰਦਾ,
ਸੁਪਨਈ ਅੰਬਰੀਂ ਪਰਵਾਜਾਂ ਭਰਦਾ।

ਧੁਰ ਅੰਦਰੋਂ
ਖੁਸ ਹੁੰਦਾ,
ਬਾਪੂ ਵੀ ਖਿੜ ਉੱਠਦਾ, ਹੱਸਦਾ
ਅਸਮਾਨੋ ਉੱਚਾ

ਵੱਡੇ ਹੋਇਆਂ,
ਬਾਪੂ ਨੂੰ ਮੋਢਿਆਂ 'ਤੇ ਬਿਠਾ ,
ਸਿਵਿਆਂ ਦੇ ਰਾਹ ,
ਬਾਪ ਸਦਾ ਲਈ ਚੁੱਪ ।

ਮੇਰੀ ਚੁੱਪ ਵਿੱਚੋਂ
ਖਾਮੋਸ ਤੂਫਾਨ ਉੱਠਦਾ
ਅਸਮਾਨ ਪਾਟਦਾ.


ਕੁਲਵਿੰਦਰ ਬਾਠ

## ਮੇਰੇ ਘਰ ਦੀ ਫਰਿਆਦ

ਚਿੱਤ ਕੀਤਾ ਮੇਰਾ, ਪਿੰਡ ਹੋ ਕੇ ਆਵਾਂ ।
ਭੁੱਲ ਨਾ ਜਾਵਾਂ , ਆਪਣਾ ਥਾਂ ਟਿਕਾਣਾ ।

ਘਰ ਮੇਰਾ ਮੈਨੂੰ , ਹਰ ਵਾਰ ਦੇ ਉਲਾਮੇ ।
ਮੈਨੂੰ ਸੁਨ੍ਹਾ ਛੱਡ ਜਾਨਾ ਏਂ ਮਾਰੇ ਤਾਹਨੇ।।

ਤੂੰ ਕਰੇਂ ਕਮਾਈ , ਜਾਕੇ ਦੇਸ ਬੇਗਾਨੇ ।
ਘਰ ਕਦੇ ਤਾਂ ਗੇੜਾ, ਮਾਰ ਮੇਰੀਏ ਜਾਨੇ।।

ਘਰ ਆਪਣੇ ਨੂੰ ,ਕਿਉਂ ਭੁੱਲ ਗਿਆਂ ਏਂ ।
ਜਾਅ ਪ੍ਰਦੇਸਾਂ ਵਿੱਚ,ਕਿਉਂ ਰੁਲ ਗਿਆਂ ਏਂ ।

ਕਦੇ ਕਦਾਈਂ ਤਾਂ, ਮੈਨੂੰ ਯਾਦ ਕਰਿਆ ਕਰ ।
ਆਖਿਰ ਮੈਂ ਹਾਂ, ਤੇਰਾ ਜੱਦੀ ਘਰ ।

ਜੇ ਤੈਥੋਂ ਘਰ , ਨਾਂ ਗਏ ਸੰਭਾਲੇ ।
ਟੁਟੱਣ ਲੱਗ ਪੈ , ਹੁਣ ਛੱਤ ਦੇ ਬਾਲੇ ।

ਗੇਟ ਨੂੰ ਲੱਗੇ ਤਾਲੇ , ਹੁਣ ਗਏ ਜੰਗਾਲੇ ।
ਕੁਝ ਨਹੀਂ ਵਿਗੜਿਆ ,ਅਜੇ ਵੀ ਹਾਲੇ ।

ਖੋਲ ਦੇ ਆਕੇ, ਜੋ ਮੈਨੂੰ ਲੱਗੇ ਤਾਲੇ ।
ਲਾਹ ਦੇ ਆਕੇ, ਘਰ ਵਿੱਚ ਲੱਗੇ ਜਾਲੇ ।

ਮਿੱਤਰਾਂ ਕਦੇ ਤਾਂ, ਘਰ ਆਕੇ ਫੇਰਾ ਪਾ ।
ਦੀਵਾਲੀ ਨੂੰ ਆ, ਬਨੇਰਿਆਂ ਤੇ ਦੀਪ ਜੱਗਾ ।

ਮਨਿੰਆ ਤੈਨੂੰ ਕੰਮ ਤੋਂ, ਵੇਹਲ ਨਹੀਂ ਮਿਲਦੀ ।
ਗੱਲ ਸੁਣਜਾ ਆਕੇ, ਕਦੇ ਮੇਰੇ ਦਿਲ ਦੀ ।

ਹੌਲੀ ਹੌਲੀ ਕਿਤੇ ਮੈਂ, ਢਹਿ ਨਾ ਜਾਵਾਂ
।
ਰੋਕ ਲੈਂਦਾ ਤੈਨੂੰ ਮੈਂ, ਜੇ ਹੁੰਦਿਆ ਬਾਂਹਵਾਂ
।

"ਸੰਧੂ" ਤੈਨੂੰ ਦਿਲ ਦੀ ਗੱਲ, ਕਹਿ ਨਾਂ ਪਾਂਵਾਂ
।
ਆਪਣਾਂ ਦੁੱਖ ਮੈਂ ਤੈਨੂੰ , ਕਿੰਝ ਫੋਲ ਸੁਣਾਂਵਾਂ
।


ਤਖਤਿੰਦਰ ਸਿੰਘ ਸੰਧੂ

## ਧੀਆਂ ਦੀ ਸਰਦਾਰੀ

ਧੀਆਂ ਮਾਰਨ ਮੱਲਾਂ ਅੱਜ ਕੱਲ੍ਹ,
ਹਰ ਖੇਤਰ ਵਿੱਚ ਰਹਿ ਕੇ।
ਕਰਨ ਸੁਰੱਖਿਆ ਦੇਸ ਆਪਣੇ ਦੀ,
ਮੀਂਹ ਹਨੇਰੀਆਂ ਸਹਿ ਕੇ।

ਦੁਸਮਣ ਤਾਈਂ ਚਨੇ ਚਬਾਉਂਦੀਆਂ,
ਮਰਨੋਂ ਮੂਲ ਨਾ ਡਰਦੀਆਂ।
ਵਿੱਚ ਹਵਾਵਾਂ ਲਾਉਣ ਉਡਾਰੀ,
ਜਾ ਸਮੁੰਦਰੀ ਤਰਦੀਆਂ।

ਖੇਡਾਂ ਦੇ ਵਿੱਚ ਨਾਂ ਚਮਕਾਇਆ,
ਐਸੀ ਧਾਕ ਜਮਾਈ।
ਜਿੱਤ ਦਾ ਸਿਹਰਾ ਲੈ ਕੇ ਆਈਆਂ,
ਸਭ ਨੇ ਖੁਸੀ ਮਨਾਈ।

ਉਹ ਦੇਸ ਨਾ ਕਰਨ ਤਰੱਕੀ
ਜੋ ਧੀਆਂ ਤਾਈਂ ਦੁਰਕਾਰਨ।
ਮਾਨਣ ਕਦੇ ਨਾ ਉਹ ਖੁਸਹਾਲੀ,
ਜੋ ਕਲੀਆਂ ਤਾਈਂ ਸਾੜਨ।

ਧੀਆਂ ਦਾ ਦਰਜਾ ਸਭ ਤੋਂ ਉੱਚਾ,
ਗੁਰੂਆਂ ਨੇ ਫੁਰਮਾਇਆ,
ਹੋਵੇ ਕਿੱਡਾ ਖੱਬੀ ਖਾਨ, ਉਹ
ਹੈ ਇਹਨਾਂ ਦਾ ਜਾਇਆ।

ਇਹਨਾਂ ਧੀਆਂ ਤੋਂ ਲੈ ਕੇ ਸੇਧ
ਧੀਆਂ ਭਵਿੱਖ ਸੰਵਾਰਨ।
ਬੜਾ ਕੀਮਤੀ ਸਮਾਂ ਹੈ ਹੁੰਦਾ,
ਨਾ ਫੁਟਕਲ ਵਿੱਚ ਗੁਜਾਰਨ।

ਮਾਪਿਆਂ ਦਾ ਸਿਰ ਉੱਚਾ ਕਰਿਓ,
ਦੇਸ ਦੁਨੀਆਂ ਦੇ ਅੰਦਰ,।
'ਪੱਤੋਂ' ਮੰਗਦਾ ਸਦਾ ਦੁਆਵਾਂ,
ਰਹੇ ਧੀਆਂ ਦਾ ਪਹਿਲਾ ਨੰਬਰ।


ਹਰਪ੍ਰੀਤ ਪੱਤੋ

## ਸਿੰਘਾ ਜੇ ਚੱਲਿਆ ਚਮਕੌਰ

ਸਿੰਘਾ ਜੇ ਚੱਲਿਆ ਚਮਕੌਰ ।
ਓਥੇ ਸੁੱਤੇ ਨੀ ਦੋ ਭੌਰ ।
ਧਰਤੀ ਚੁੰਮੀਂ ਕਰਕੇ ਗੌਰ ।
ਤੇਰੀ ਜਿੰਦੜੀ ਜਾਊ ਸੌਰ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਜੇ ਚੱਲਿਆ ਸਰਹੰਦ ।
ਓਥੇ ਉੱਸਰੀ ਖ਼ੂਨੀ ਕੰਧ ।
ਜਿਸ ਵਿਚ ਲੋਟੇ ਨੀ ਦੋ ਚੰਦ ।
ਕਲਗੀਵਾਲੇ ਦੇ ਨੇ ਫਰਜ਼ੰਦ ।
ਦਰਸ਼ਨ ਪਾ ਕੇ ਹੋਈਂ ਅਨੰਦ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਚੱਲਿਆਂ ਅਨੰਦਪੁਰ ਸ਼ਹਿਰ ।
ਓਥੇ ਵਗਦੀ ਉ ਸਰਸਾ ਨਹਿਰ ।
ਆਖੀਂ ਪੈ ਜੇ ਤੈਨੂੰ ਕਹਿਰ ।
ਤੇਰੇ ਪਾਣੀ ਦੇ ਵਿਚ ਜ਼ਹਿਰ ।
ਕੀਤਾ ਨਾਲ ਗੁਰਾਂ ਦੇ ਵੈਰ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਚੱਲਿਆਂ ਮਾਛੀਵਾੜੇ ।
ਓਥੇ ਆਖੀਂ ਕਰ ਕਰ ਹਾੜੇ ।
ਤੇਰੇ ਫੁੱਟ ਨੇ ਬਾਗ ਉਜਾੜੇ ।
ਤੇਰੇ ਬਾਝ ਨਾ ਮੁਕਣ ਪੁਆੜੇ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ।

ਕਰਤਾਰ ਸਿੰਘ ਬਲੱਗਣ

## ਜਨਮ ਦਿਨ ਸੌਗਾਤ

ਤੁਸੀਂ ਮੈਨੂੰ ਪੁੱਛਿਆ ਸੀ ਕਿ ਤੁਹਾਨੂੰ
ਜਨਮ ਦਿਨ 'ਤੇ ਕੀ ਚਾਹੀਦਾ
ਸੋਨੇ ਦੀਆਂ ਵੰਗਾਂ ਜਾ ਖੋਟੇ ਵਾਲੀ ਚੁੰਨੀ
ਨਿੱਕੇ ਨਿੱਕੇ ਸਿਤਾਰੇ ਜੜੀ
ਕੀ ? ਤੈਨੂੰ ਪਸੰਦ ਹੈ ਨਿੱਕੇ ਬੋਰਾ ਵਾਲੀ
ਝਾਂਜਰ
ਮੇਰੇ ਸਿਰ ਦੇ ਸਾਂਈ ਦੇਵਤਾ ਜੀਓ
ਤੋਹਫੇ ਵਜੋਂ ਮੈਨੂੰ ਪਸੰਦ ਹੈ
ਇੱਕ ਕਿਤਾਬ ਤੁਹਾਡੇ ਹੱਥਾਂ ਦੀ ਲਿਖੀ
ਹੋਈ
ਜਿਸ ਦੇ ਅੱਖਰਾਂ ਦੀ ਸੁਨਹਿਰੀ ਝਲਕ
ਮੇਰਾ ਦਿੱਲ ਮੋਹ ਲਵੇ
ਪ੍ਰਭਾਤ ਦੀ ਰੁਕਮਣੀ ਪੌਣ ਵਾਙੂੰ
ਠਾਰੇ ਮੇਰੀ ਤੱਪਦੀ ਰੂਹ ਨੂੰ
ਜੋ ਸੋਚ ਵਿਚਾਰ ਕਰਕੇ ਬੋਲਣ ਦੀ ਜਾਚ
ਸਿਖਾਵੇ
ਦੁਚਿੱਤੀ ਦੁਵਿਦਾ ਨੂੰ ਮਾਰ ਮੁਕਾਵੇ
ਜਿਸ ਦਾ ਹਰ ਇੱਕ ਪੱਤਰਾ ਦਿੱਲ ਦੀਆਂ
ਸਧਰਾਂ ਵਿੱਚ
ਭਰ ਦੇਵੇ ਅੰਬਰ ਦੀ ਸਤਰੰਗੀ ਪੀਂਘ ਦੇ
ਰੰਗ
ਲੰਬੀ ਉਡਾਰੀ ਭਰ ਸਕਾਂ ਅੰਬਰ 'ਤੋਂ
ਪਾਰ ਕੀਤਾ ਵਿਸਥਾਰ ਦੇਖਣ ਲਈ
ਜਿਸ ਨੂੰ ਪੜ੍ਹ ਮੇਰੇ ਪੈਰ ਤੋੜ ਦੇਣ
ਸਮਾਜਕ ਭੈੜ ਦੀਆਂ ਜ਼ੰਜੀਰਾਂ
ਜਿਸ ਦੇ ਅੱਖਰ ਮੈਨੂੰ ਦੇਣ ਗਿਆਨ
ਜੁਗਨੂੰ ਬਣ ਹਨੇਰੀਆਂ ਰਾਤਾਂ ਵਿੱਚ
ਭਰ ਦੇਵਾਂ ਚਾਨਣ, ਜਿਸ ਨੂੰ ਪੜ੍ਹ
ਮੇਰੇ ਮੱਥੇ ਵਿੱਚ ਓਗੇ ਗਿਆਨ ਦਾ ਸੂਰਜ
ਬਸ- ਮੈਨੂੰ ਅਜੇਹੀ ਕਿਤਾਬ ਸੌਗਾਤ
ਵਜੋਂ ਭੇਂਟ ਕਰੋ ਜੀ।


ਤਾਰਾ ਸਿੰਘ ਚੇੜਾ

## ਜਗ ਜਾਹਰ ਮੁਹੱਬਤਾਂ

ਝੁੱਲ ਗਏ ਝੱਖੜ, ਵੱਗ ਗਈਆਂ ਹਨੇਰੀਆਂ
ਜਗ ਜਾਹਰ ਮੁਹੱਬਤਾਂ, ਤੇਰੀਆਂ ਤੇ ਮੇਰੀਆਂ
।

ਲੁੱਕ ਲੁੱਕ ਲਾਈਆਂ, ਕਈਆਂ ਤੋਂ
ਛੁਪਾਈਆਂ
ਚੁੰਨੀ ਥੱਲੇ ਸਾਂਭ ਅੱਖਾਂ, ਰੱਖੀਆਂ
ਬਥੇਰੀਆਂ....

ਚਿਹਰਾ ਜਾਪੇ ਚੰਨ, ਵੇਖ ਭਰਦਾ ਨਾ ਮਨ
ਗੱਲਾਂ ਲੱਗਣ, ਜਿਉਂ ਗੰਨੇ ਦੀਆਂ
ਗਨੇਰੀਆਂ.....

ਰੂਹਾਂ ਦਾ ਸਾਥ ਹੈ,ਜਿਸਮਾਂ ਦੀ ਨ੍ਹੀਂ ਲਾਲਸਾ
ਮਾੜੇ ਲੋਕ ਤੋਹਮਤਾਂ, ਲਗਾਉਣਗੇ
ਘਨੇਰੀਆਂ .....

ਆਸ਼ਕਾਂ ਦਾ ਇੱਕੋ ਹਾਲ, ਮੁੱਢ ਕਦੀਮ ਤੋਂ
ਜ਼ਮਾਨੇ ਨੇ ਜਮੀਰਾਂ, ਲਹੂ ਨਾਲ
ਲਬੇੜੀਆਂ.....

ਹੱਸ ਹੱਸ ਸਹਿਣੇ, ਸੁੱਖ ਦੁੱਖ ਵਾਲੇ ਗਹਿਣੇ
ਗਿਲ੍ਹਾ ਨਾ 'ਮਾਨਾਂ', ਖੁਦ ਕਿਸਮਤਾਂ
ਸਹੇੜੀਆਂ....

ਝੁੱਲ ਗਏ ਝੱਖੜ , ਵੱਗ ਗਈਆਂ ਹਨੇਰੀਆਂ
ਜਗ ਜਾਹਰ ਮੁਹੱਬਤਾਂ, ਤੇਰੀਆਂ ਤੇ
ਮੇਰੀਆਂ।


ਸੁਖਵਿੰਦਰ ਮਾਨ

## ਪੰਜਾਬ ਯੂਨੀਵਰਸਿਟੀ

ਨਹੀ ਬਿਲਡਿੰਗ ਇੱਟਾਂ ਦੀ,ਇਹ ਸਾਨ
ਅਸਾਡੀ ਏ
ਇਹ ਯੂਨੀਵਰਸਟੀ ਨਹੀ,ਇਹ ਜਾਨ
ਅਸਾਡੀ ਏ

ਇਹ ਸਹਿਰ ਲਾਹੌਰ ਦੀਆਂ,ਗਲੀਆਂ ਵਿੱਚ
ਜਾਈ ਸੀ
ਵੰਡੀ ਸੰਤਾਲੀ ਦੀ,ਸਿਮਲੇ ਵਿੱਚ ਆਈ ਸੀ
ਫੇਰ ਹਿਮਾਚਲ ਨੇ ,ਇਹਨੂੰ ਘਰ ਚੋਂ ਕੱਢ
ਦਿੱਤਾ
ਥੋੜ੍ਹਾ ਚਿਰ ਸੋਲਨ ਵੀ ,ਇਹਨੇ ਰਹਿ ਕੇ ਛੱਡ
ਦਿੱਤਾ
ਚੰਡੀਗੜ੍ਹ ਫਿਰ ਆ ਕੇ ,ਇਹਨੇ ਡੇਰਾ ਲਾ
ਲਿਆ ਸੀ
ਪੁੱਤ ਪੰਜਾਬੀਆਂ ਨੇ ,ਇਹਨੂੰ ਧੀ ਬਣਾ
ਲਿਆ ਸੀ
ਇਹਦਾ ਬਾਪੂ ਪੇਂਡੂ ਏ ,ਇਹਦੀ ਮਾਂ ਪੰਜਾਬੀ
ਏ
ਇਹ ਯੂਨੀਵਰਸਟੀ ਨਹੀਂ ਇਹ ਜਾਨ
ਅਸਾਡੀ ਏ

ਚੰਡੀਗੜ੍ਹ ਦਿਲ ਸਾਡਾ ,ਇਹ ਸਾਡੀ ਧੜਕਣ
ਏ
ਇਹਦੀ ਹੋਂਦ ਬਚਾਉਣ ਲਈ,ਜਾਨ ਵੀ
ਅਰਪਣ ਹੈ
ਇਹ ਸਾਡਾ ਮੱਕਾ ਏ ,ਇਹ ਸਾਡੀ ਕਾਸੀ ਏ
ਅਸੀ ਦੀਵੇ ਇਸਦੇ ਹਾਂ ,ਇਹ ਸਾਡੀ ਬਾਤੀ
ਏ
ਜੇ ਖੋਹ ਲਈ ਦਿੱਲੀ ਨੇ , ਕਰਕੇ ਚਲਾਕੀ ਜੇ
ਫਿਰ ਕੋਲ ਪੰਜਾਬੀਆਂ ਦੇ,ਕੀ ਬਚਦਾ ਬਾਕੀ
ਏ
ਇਹ ਡਾਣਸੀਵਾਲੀਆ ਓਏ, ਪਹਿਚਾਣ
ਅਸਾਡੀ ਏ
ਇਹ ਯੂਨੀਵਰਸਟੀ ਨਹੀਂ ਇਹ ਜਾਨ
ਅਸਾਡੀ ਏ


ਕੁਲਵੀਰ ਸਿੰਘ ਡਾਨਸੀਵਾਲ

## ਗੁਰੂਆਂ ਦੀ ਧਰਤੀ

ਗੁਰੂਆਂ ਦੀ ਧਰਤੀ 'ਤੇ ਰੁਜਗਾਰ ਮੁੱਕ ਚੱਲੇ
ਨੇ।।
ਘਰਾਂ 'ਚ ਬਜੁਰਗਾਂ ਦੇ ਸਤਿਕਾਰ ਮੁੱਕ ਚੱਲੇ ਨੇ।।
ਮੁੱਕ ਚੱਲੀਆਂ ਸੱਥਾਂ ਤੇ ਵਿਹੜਿਆਂ ਚੋ ਰੌਣਕਾਂ,,
ਪਹਿਲਾਂ ਜਹੇ ਸਾਂਝੇ ਪਰਿਵਾਰ ਮੁੱਕ ਚੱਲੇ ਨੇ।।

ਪਾਠਾਂ ਸੁਖਮਨੀਆਂ ਤੇ ਚੌਪਹਿਰਿਆਂ ਦਾ ਜੋਰ ਹੈ,,
ਦਿਲਾਂ ਵਿਚੋਂ ਨਿਮਰਤਾ ਤੇ ਪਿਆਰ ਮੁੱਕ ਚੱਲੇ
ਨੇ।।

ਤੇਰੇ ਮਹਿੰਗੇ ਲੰਗਰਾਂ 'ਚ,ਭਾਗੋਆਂ ਦੀ ਝਲਕ
ਬਾਬਾ,,
ਕੋਦਰੇ ਦੀ ਰੋਟੀ ਤੇ ਆਚਾਰ ਮੁੱਕ ਚੱਲੇ ਨੇ।।
ਸ੍ਰੀ ਚੰਦਾਂ,ਪਿਰਥੀਆਂ ਦਾ ਬੋਲਬਾਲਾ ਹੋ ਗਿਆ,,
ਬਾਬਾ ਤੇਰੇ "ਲਹਿਣੇ" ਜਹੇ ਕਿਰਦਾਰ ਮੁੱਕ ਚੱਲੇ
ਨੇ।।

ਸਾਂਝੀ ਛੱਤ ਹੇਠ,ਬੱਸ ਸਵਾਰੀ ਬਣ ਕੇ ਰਹਿ ਗਏ,,
ਕੀ ਕਰੀਏ, ਸਫਰ ਅੱਧ ਵਿਚਕਾਰ ਮੁੱਕ ਚੱਲੇ
ਨੇ।।
ਪੈਸੇ ਦੀ ਦੌੜ 'ਚ ਮਸ਼ੀਨਾਂ ਹੀ ਬਣ ਗਏ,
ਖੁਸ਼ੀਆਂ ਗਮੀਆਂ ਤੇ ਸਾਂਝੇ ਵਿਚਾਰ ਮੁੱਕ ਚੱਲੇ
ਨੇ।

ਵਿਹਲੇ ਰਹਿਨੇ ਆਂ, ਪਰ ਮਿਲਣ ਦੀ ਵਿਹਲ
ਨਹੀਂ,,
ਸਕੇ ਚਾਚੇ ਤਾਏ,ਰਿਸ਼ਤੇਦਾਰ ਮੁੱਕ ਚੱਲੇ ਨੇ।।
ਆਨਲਾਈਨ ਡਲਿਵਰੀਆਂ ਤੇ ਮਾਉਲਾਂ ਦੀ
ਭੀੜ 'ਚ ,,
"ਤੱਖਰਾ" ਤੇਰੇ ਪਿੰਡਾਂ ਦੇ, ਬਜਾਰ ਮੁੱਕ ਚੱਲੇ
ਨੇ।।

ਗੁਰਨਾਮ ਤੱਖਰ ਬੁੱਢਾਕੋਟ

## ਭੈਣ ਨਾਨਕੀ

ਭੈਣ ਨਾਨਕੀ ਪੁੱਛਦੀ ਫਿਰਦੀ,
ਏਸ ਸ਼ਹਿਰ ਵਿੱਚ ਕਿੰਨੇ ਚਿਰ ਦੀ,
ਦਿਨ ਚੜ੍ਹਿਆ ਤ੍ਰਿਕਾਲਾਂ
ਢਲੀਆਂ,
ਵਿੱਚ ਸੁਲਤਾਨਪੁਰੇ ਦੀਆਂ
ਗਲੀਆਂ,
ਸੂਰਜ ਵੀ ਆਪਣੇ ਘਰ ਚੱਲਿਆ,
ਬਿਰਖਾਂ ਸਾਂਭੀ ਛਾਇਆ....... ।
ਵੀਰਨ ਨਹੀਂ ਆਇਆ...... ।

ਪੰਜ ਸਦੀਆਂ ਤੋਂ ਅੱਧੀ ਉੱਤੇ ।
ਬੜੇ ਜਗਾਏ ਲੋਕੀਂ ਸੁੱਤੇ ।
ਸ਼ੀਹਾਂ ਅਤੇ ਮੁਕੱਦਮਾਂ ਮੁੜ ਕੇ,
ਸਭ ਥਾਂ ਨਾਕਾ ਲਾਇਆ ।
ਵੀਰਨ ਨਹੀਂ ਆਇਆ,

ਉਸ ਨੇ ਸਾਨੂੰ ਜਿੱਥੋਂ ਮੋੜਿਆ ।
ਭਰਮ ਦਾ ਭਾਂਡਾ ਜੋ ਜੋ ਤੋੜਿਆ ।
ਓਸੇ ਰਾਹ ਤੇ ਉਲਝੇ ਜਿੱਥੋਂ,
ਵਰਜਿਆ ਤੇ ਸਮਝਾਇਆ ।
ਨਾਨਕ ਨਹੀਂ ਆਇਆ ।

ਬੇਈਂ ਨੂੰ ਉਸ ਪੁੱਛਿਆ ਜਾ ਕੇ ।
ਕਿੱਥੇ ਗਿਆ ਤੇਰੇ ਜਲ ਵਿੱਚ ਨ੍ਹਾ
ਕੇ ।
ਇੱਕ ਓਂਕਾਰ ਸਬਕ ਦਾ ਪਾਹਰੂ,
ਕਿਹੜੇ ਵਤਨ ਸਿਧਾਇਆ ।
ਨਾਨਕ ਨਹੀਂ ਆਇਆ........ ।

ਧਰਤੀ ਕਾਗਦਿ ਪਿਆ ਉਡੀਕੇ ।
ਆਵੇ ਮੁੜ ਕੇ ਸ਼ਬਦ ਉਲੀਕੇ ।
ਨਵੇਂ ਪੂਰਨੇ ਪਾ ਜਾਵੇ ਫਿਰ,
ਮਾਂ ਤ੍ਰਿਪਤਾ ਦਾ ਜਾਇਆ ।
ਨਾਨਕ ਨਹੀਂ ਆਇਆ......... ।

ਕੰਨ ਪਾੜਵੇਂ ਢੋਲ ਢਮੱਕੇ ।
ਪਾਪੀ ਮਨ ਵੀ ਧੁਨ ਦੇ ਪੱਕੇ ।
ਕਿਣਕਾ ਵੀ ਨਾ ਹਿੱਲਦੇ ਭੋਰਾ,
ਬਿਰਥਾ ਜਨਮ ਗਵਾਇਆ ।
ਨਾਨਕ ਨਹੀਂ ਆਇਆ....... ।

ਥਾਂ ਥਾਂ ਤੰਬੂ ਅਤੇ ਕਨਾਤਾਂ ।
ਪਹਿਲਾਂ ਨਾਲ਼ੋਂ ਕਾਲੀਆਂ ਰਾਤਾਂ ।
ਦਿਨ ਵੀ ਜਿਉਂ ਘਸਮੈਲਾ ਵਰਕਾ,
ਮਨ ਪਰਦੇਸ ਸਿਧਾਇਆ ।
ਨਾਨਕ ਨਹੀਂ ਆਇਆ....... ।

ਰਲ ਮਿਲ ਸਾਰੇ ਚੋਰਾਂ ਯਾਰਾਂ ।
ਮਨ ਖੋਟੇ ਦਿਆਂ ਠੇਕੇਦਾਰਾਂ ।
ਗਿਆਨ ਗੋਸ਼ਟਾਂ, ਵੇਚੀ ਕਵਿਤਾ,
ਜਿਸ ਹੱਥ ਜੋ ਵੀ ਆਇਆ ।
ਨਾਨਕ ਨਹੀਂ ਆਇਆ ।

ਨਾ ਇਹ ਬਾਬਰ ਕਾਬਲੋਂ ਧਾਇਆ
।
ਨਾ ਹੀ ਫ਼ੌਜਾਂ ਨਾਲ ਲਿਆਇਆ ।
ਫਿਰ ਵੀ ਲੈ ਗਿਆ ਬੋਲ ਤੇ ਬਾਣੀ,
ਸੋਨਾ ਰੇਤ ਰੁਲਾਇਆ ।
ਨਾਨਕ ਨਹੀਂ ਆਇਆ ।
ਵੀਰਨ ਨਹੀਂ ਆਇਆ।


ਗੁਰਭਜਨ ਗਿੱਲ

# ਆਈ ਪੀ ਐੱਲ ਨਿਲਾਮੀ: ਕੈਮਰੂਨ ਗ੍ਰੀਨ 25.2 ਕਰੋੜ ਦੇ ਕੇ ਖਰੀਦਿਆ



ਇੱਥੇ ਹੋਈ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਦੀ ਨਿਲਾਮੀ ਵਿੱਚ ਕੋਲਕਾਤਾ ਨਾਈਟ ਰਾਈਡਰਜ (ਕੇ ਕੇ ਆਰ) ਨੇ ਆਸਟਰੇਲੀਆ ਦੇ ਹਰਫ਼ਨਮੌਲਾ ਖਿਡਾਰੀ ਕੈਮਰੂਨ ਗ੍ਰੀਨ ਨੂੰ 25.20 ਕਰੋੜ ਰੁਪਏ ਦੀ ਰਿਕਾਰਡ ਤੋੜ ਬੋਲੀ ਲਗਾ ਕੇ ਆਪਣੀ ਟੀਮ ਵਿੱਚ ਸਾਮਲ ਕੀਤਾ ਹੈ।

ਗ੍ਰੀਨ ਹੁਣ ਆਈ ਪੀ ਐੱਲ ਨਿਲਾਮੀ ਦੇ ਇਤਿਹਾਸ ਵਿੱਚ ਆਪਣੇ ਹਮਵਤਨ ਮਿਸੇਲ ਸਟਾਰਕ ਨੂੰ ਪਿੱਛੇ ਛੱਡ ਕੇ ਸਭ ਤੋਂ ਮਹਿੰਗੇ ਵਿਦੇਸੀ ਖਿਡਾਰੀ ਬਣ ਗਏ ਹਨ। ਇਸ ਤੋਂ ਪਹਿਲਾਂ ਸਟਾਰਕ ਨੂੰ 24.75 ਕਰੋੜ ਰੁਪਏ ਵਿੱਚ ਖਰੀਦਿਆ ਗਿਆ ਸੀ। ਗ੍ਰੀਨ ਨੂੰ ਖਰੀਦਣ ਲਈ ਕੋਲਕਾਤਾ ਨਾਈਟ ਰਾਈਡਰਜ ਅਤੇ ਚੇਨਈ ਸੁਪਰ ਕਿੰਗਜ ਵਿਚਕਾਰ ਸਖਤ ਮੁਕਾਬਲਾ ਹੋਇਆ, ਜਿਸ ਦੌਰਾਨ ਅੰਤ ਵਿੱਚ ਕੇ ਕੇ ਆਰ ਜੇਤੂ ਰਹੀ।

ਦੱਸਣਾ ਬਣਦਾ ਹੈ ਕਿ ਨਿਲਾਮੀ ਦੇ ਨਿਯਮਾਂ ਅਨੁਸਾਰ ਸੀਜ਼ਨ ਦੌਰਾਨ ਵਿਦੇਸੀ ਖਿਡਾਰੀ ਗ੍ਰੀਨ ਨੂੰ 18 ਕਰੋੜ ਰੁਪਏ ਮਿਲਣਗੇ; ਬਾਕੀ ਰਕਮ ਭਾਰਤੀ ਕ੍ਰਿਕਟ ਬੋਰਡ ਦੇ ਖਿਡਾਰੀ ਵਿਕਾਸ ਪ੍ਰੋਗਰਾਮ ਵਿੱਚ ਜਮ੍ਹਾਂ ਹੋਵੇਗੀ। ਨਿਲਾਮੀ ਦੌਰਾਨ ਰਾਇਲ ਚੈਲੰਜਰਜ ਬੈਂਗਲੂਰੂ ਨੇ ਭਾਰਤੀ ਆਲਰਾਉਂਡਰ ਵੈਂਕਟੇਸ ਅਈਅਰ ਨੂੰ 7 ਕਰੋੜ ਰੁਪਏ ਵਿੱਚ ਖਰੀਦਿਆ। ਦੱਖਣੀ ਅਫਰੀਕਾ ਦੇ ਬੱਲੇਬਾਜ ਡੇਵਿਡ ਮਿਲਰ ਨੂੰ ਦਿੱਲੀ ਕੈਪੀਟਲਸ ਨੇ 2 ਕਰੋੜ ਰੁਪਏ ਵਿੱਚ ਖਰੀਦਿਆ। ਦੱਖਣੀ ਅਫਰੀਕਾ ਦੇ ਸਲਾਮੀ ਬੱਲੇਬਾਜ ਕਵਿੰਟਨ ਡੀ ਕੌਕ ਨੂੰ ਮੁੰਬਈ ਇੰਡੀਅਨਜ ਨੇ 1 ਕਰੋੜ ਰੁਪਏ ਵਿੱਚ ਖਰੀਦਿਆ। ਪਿਛਲੀ ਵਾਰ ਵੀ ਡੀ ਕੌਕ ਮੁੰਬਈ ਇੰਡੀਅਨਜ਼ ਦਾ ਹਿੱਸਾ ਸਨ।

ਇਸ ਤੋਂ ਇਲਾਵਾ ਕੇ ਕੇ ਆਰ ਨੇ ਸ੍ਰੀਲੰਕਾ ਦੇ ਤੇਜ ਗੇਂਦਬਾਜ ਮਤੀਸਾ ਪਥੀਰਾਨਾ ਨੂੰ 18 ਕਰੋੜ ਰੁਪਏ ਵਿੱਚ ਖਰੀਦਿਆ। ਚੇਨਈ ਸੁਪਰ ਕਿੰਗਜ਼ ਨੇ ਉੱਤਰ ਪ੍ਰਦੇਸ ਦੇ 20 ਸਾਲਾ ਖੱਬੇ ਹੱਥ ਦੇ ਸਪਿਨਰ ਪ੍ਰਸਾਂਤ ਵੀਰ ਨੂੰ 14.20 ਕਰੋੜ ਤੇ ਰਾਜਸਥਾਨ ਦੇ 19 ਸਾਲਾ ਵਿਕਟਕੀਪਰ-ਬੱਲੇਬਾਜ ਕਾਰਤਿਕ ਸਰਮਾ ਨੂੰ ਵੀ 14.20 ਕਰੋੜ ਰੁਪਏ ਵਿੱਚ ਖਰੀਦਿਆ। ਜੰਮੂ ਕਸਮੀਰ ਦੇ ਤੇਜ ਗੇਂਦਬਾਜ ਆਕਿਬ ਨਬੀ ਡਾਰ ਨੂੰ ਦਿੱਲੀ ਕੈਪੀਟਲਸ ਨੇ 8.40 ਕਰੋੜ ਰੁਪਏ ਵਿੱਚ ਖਰੀਦਿਆ। ਨਿਊਜੀਲੈਂਡ ਦੇ ਸਟਾਰ ਬੱਲੇਬਾਜ ਡੇਵੋਨ ਕਾਨਵੇ ਨੂੰ ਵੀ ਕਿਸੇ ਟੀਮ ਨੇ ਨਹੀਂ ਚੁਣਿਆ। ਆਈ ਪੀ ਐੱਲ ਦੀ ਇਸ ਮਿੰਨੀ ਨਿਲਾਮੀ ਵਿੱਚ ਕੁੱਲ 359 ਖਿਡਾਰੀ (246 ਭਾਰਤੀ ਤੇ 113 ਵਿਦੇਸੀ) ਸਾਮਲ ਸਨ।

# ਉੜੀਸਾ ਮਾਸਟਰਜ ’ਚ ਉੱਨਤੀ ਤੇ ਕਿਰਨ ਜੌਰਜ ਚੈਂਪੀਅਨ





ਉੜੀਸਾ ਮਾਸਟਰਜ ਸੁਪਰ 100 ਬੈਡਮਿੰਟਨ ਟੂਰਨਾਮੈਂਟ ਦੇ ਫਾਈਨਲ ਮੁਕਾਬਲਿਆਂ ਵਿੱਚ ਅੱਜ ਭਾਰਤੀ ਖਿਡਾਰੀਆਂ ਦਾ ਦਬਦਬਾ ਰਿਹਾ। ਸਿਖਰਲਾ ਦਰਜਾ ਪ੍ਰਾਪਤ ਉੱਨਤੀ ਹੁੱਡਾ ਅਤੇ ਕਿਰਨ ਜੌਰਜ ਨੇ ਸਾਨਦਾਰ ਪ੍ਰਦਰਸਨ ਕਰਦਿਆਂ ਕ੍ਰਮਵਾਰ ਮਹਿਲਾ ਅਤੇ ਪੁਰਸ ਸਿੰਗਲਜ ਦੇ ਖਿਤਾਬ ਆਪਣੇ ਨਾਂ ਕਰ ਲਏ ਹਨ।। ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਖੇਡੇ ਗਏ ਫਾਈਨਲ ਵਿੱਚ ਉੱਨਤੀ ਹੁੱਡਾ ਨੇ ਹਮਵਤਨ ਇਸਾਰਾਣੀ ਨੂੰ ਸਿੱਧੇ ਸੈੱਟਾਂ ਵਿੱਚ 21-17, 21-10 ਨਾਲ ਹਰਾਇਆ। 18 ਸਾਲਾ ਉੱਨਤੀ ਨੇ ਸ਼ੁਰੂ ਤੋਂ ਹੀ ਮੈਚ ’ਤੇ ਪਕੜ ਬਣਾਈ ਰੱਖੀ ਅਤੇ ਤਕਰੀਬਨ ਅੱਧੇ ਘੰਟੇ ਵਿੱਚ ਜਿੱਤ ਦਰਜ ਕੀਤੀ। ਹਾਰ ਦੇ ਬਾਵਜੂਦ ਈਸਾਰਾਣੀ ਨੇ ਟੂਰਨਾਮੈਂਟ ਵਿੱਚ ਵਧੀਆ ਖੇਡ ਦਿਖਾਉਂਦਿਆਂ ਚਾਂਦੀ ਦਾ ਤਗਮਾ ਹਾਸਲ ਕੀਤਾ।

ਦੂਜੇ ਪਾਸੇ ਪੁਰਸ ਸਿੰਗਲਜ ਦਾ ਫਾਈਨਲ ਮੁਕਾਬਲਾ ਕਾਫੀ ਫਸਵਾਂ ਰਿਹਾ। ਦੂਜਾ ਦਰਜਾ ਪ੍ਰਾਪਤ ਕਿਰਨ ਜੌਰਜ ਨੇ ਇੰਡੋਨੇਸੀਆ ਦੇ ਮੁਹੰਮਦ ਯੂਸਫ ਖਿਲਾਫ 65 ਮਿੰਟ ਤੱਕ ਚੱਲੇ ਸੰਘਰਸਪੂਰਨ ਮੁਕਾਬਲੇ ਵਿੱਚ ਜਿੱਤ ਦਰਜ ਕੀਤੀ। ਕਿਰਨ ਨੇ ਇਹ ਮੈਚ 21-14, 13-21, 21-16 ਨਾਲ ਜਿੱਤਿਆ। ਪਹਿਲੀ ਗੇਮ ਜਿੱਤਣ ਮਗਰੋਂ ਕਿਰਨ ਦੂਜੀ ਗੇਮ ਹਾਰ ਗਿਆ ਸੀ, ਪਰ ਤੀਜੀ ਅਤੇ ਫੈਸਲਾਕੁਨ ਗੇਮ ਵਿੱਚ ਉਸ ਨੇ ਸਾਨਦਾਰ ਵਾਪਸੀ ਕਰਦਿਆਂ ਖਿਤਾਬ ’ਤੇ ਕਬਜਾ ਕੀਤਾ।

ਡਬਲਜ ਵਰਗ ਵਿੱਚ ਇੰਡੋਨੇਸੀਆ ਦੇ ਖਿਡਾਰੀ ਛਾਏ ਰਹੇ। ਮਿਕਸਡ ਡਬਲਜ ਵਿੱਚ ਇੰਡੋਨੇਸੀਆ ਦੀ ਜੋੜੀ ਮਾਰਵਨ ਫਜਾ ਅਤੇ ਆਇਸਾ ਪ੍ਰਨਾਤਾ ਨੇ ਆਪਣੇ ਹੀ ਦੇਸ ਦੀਆਂ ਡੇਜਨ ਫਰਡੀਨੈਂਸਾ ਅਤੇ ਬਰਨਾਡੀਨ ਵਾਰਡਾਨਾ ਨੂੰ 21-15, 21-10 ਨਾਲ ਹਰਾਇਆ।। ਮਹਿਲਾ ਡਬਲਜ ਵਿੱਚ ਬੁਲਗਾਰੀਆ ਦੀਆਂ ਗੈਬਰੀਏਲਾ ਅਤੇ ਸਟੇਫਨੀ ਸਟੋਏਵਾ ਨੇ ਮਲੇਸੀਆ ਦੀਆਂ ਓਂਗ ਜਿਨ ਯੀ ਅਤੇ ਕਾਰਮਨ ਟਿੰਗ ਨੂੰ 21-19, 21-14 ਨਾਲ ਮਾਤ ਦਿੱਤੀ। ਪੁਰਸ ਡਬਲਜ ਦਾ ਖਿਤਾਬ ਇੰਡੋਨੇਸੀਆ ਦੇ ਅਲੀ ਫਾਥਿਰ ਰੇਹਾਨ ਅਤੇ ਡੇਵਿਨ ਅਰਥਾ ਵਾਹਯੁਦੀ ਨੇ ਜਿੱਤਿਆ।

# ਭਾਰਤ ਦੀ ਮਲੇਸ਼ੀਆ ’ਤੇ 315 ਦੌੜਾਂ ਨਾਲ ਵੱਡੀ ਜਿੱਤ



ਅਭਿਗਿਆਨ ਕੁੰਡੂ ਦੀ 209 ਦੌੜਾਂ ਦੀ ਨਾਬਾਦ ਪਾਰੀ ਤੇ ਦੀਪੇਸ ਦੇਵੇਂਦਰਨ ਦੀ ਸਾਨਦਾਰ ਗੇਂਦਬਾਜੀ (5/22) ਦੀ ਬਦੌਲਤ ਭਾਰਤ ਨੇ ਇੱਥੇ ‘ਅੰਡਰ-19 ਏਸੀਆ ਕੱਪ’ ਦੇ ਮੈਚ ਵਿੱਚ ਮਲੇਸੀਆ ਨੂੰ 315 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ ਹੈ। ਦੌੜਾਂ ਦੇ ਲਿਹਾਜ ਨਾਲ ਯੂਥ ਇੱਕ ਰੋਜ਼ਾ ਵਿੱਚ ਭਾਰਤ ਦੀ ਇਹ ਦੂਜੀ ਸਭ ਤੋਂ ਵੱਡੀ ਜਿੱਤ ਹੈ। ਇਸ ਤੋਂ ਪਹਿਲਾਂ ਭਾਰਤ ਨੇ 2022 ਵਿੱਚ ਯੂਗਾਂਡਾ ਨੂੰ 326 ਦੌੜਾਂ ਨਾਲ ਹਰਾਇਆ ਸੀ। ਭਾਰਤ ਨੇ 7 ਵਿਕਟਾਂ ’ਤੇ 408 ਦੌੜਾਂ ਦੀ ਵੱਡੀ ਪਾਰੀ ਖੇਡੀ। 409 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਮਲੇਸੀਆ ਦੀ ਟੀਮ ਨੂੰ ਸੱਜੇ ਹੱਥ ਦੇ ਮੱਧਮ ਤੇਜ ਗੇਂਦਬਾਜ ਦੀਪੇਸ ਦੇਵੇਂਦਰਨ ਨੇ ਢੇਰੀ ਕਰ ਦਿੱਤਾ। ਦੀਪੇਸ਼ ਨੇ 22 ਦੌੜਾਂ ਦੇ ਕੇ 5 ਵਿਕਟਾਂ ਲਈਆਂ। ਮਲੇਸੀਆ ਦੀ ਪੂਰੀ ਟੀਮ 32.1 ਓਵਰਾਂ ’ਚ ਮਹਿਜ 93 ਦੌੜਾਂ ਬਣਾ ਕੇ ਸਿਮਟ ਗਈ। ਮਲੇਸ਼ੀਆ ਲਈ ਹਮਜਾ ਪਾਂਗੀ ਨੇ 35 ਦੌੜਾਂ ਬਣਾਈਆਂ, ਜੋ ਆਪਣੀ ਟੀਮ ਲਈ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ ਰਿਹਾ।

ਅਭਿਗਿਆਨ ਨੇ ਰਿਕਾਰਡ ਬਣਾਇਆ

ਵਿਕਟਕੀਪਰ ਤੇ ਬੱਲੇਬਾਜ ਅਭਿਗਿਆਨ ਕੁੰਡੂ ਨੇ ਇੱਥੇ ‘ਅੰਡਰ-19 ਏਸੀਆ ਕੱਪ’ ਦੇ ਮੁਕਾਬਲੇ ਵਿੱਚ ਮਲੇਸੀਆ ਵਿਰੁੱਧ ਨਾਬਾਦ ਦੋਹਰਾ ਸੈਂਕੜਾ ਜੜ ਕੇ ਇਤਿਹਾਸ ਰਚ ਦਿੱਤਾ ਹੈ। ਉਹ ਯੂਥ ਇੱਕ ਰੋਜ਼ਾ ਵਿੱਚ ਦੋਹਰਾ ਸੈਂਕੜਾ ਜੜਨ ਵਾਲਾ ਪਹਿਲਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। 17 ਸਾਲਾ ਕੁੰਡੂ ਯੂਥ ਇੱਕ ਰੋਜ਼ਾ ਦੇ ਇਤਿਹਾਸ ਵਿੱਚ ਦੋਹਰਾ ਸੈਂਕੜਾ ਜੜਨ ਵਾਲਾ ਦੁਨੀਆ ਦਾ ਦੂਜਾ ਬੱਲੇਬਾਜ਼ ਹੈ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਦੇ ਜੋਰਿਚ ਵੈਨ ਸਾਲਕਵਿਕ ਨੇ ਇਸੇ ਵਰ੍ਹੇ ਹਰਾਰੇ ਵਿੱਚ ਜ਼ਿੰਬਾਬਵੇ ਵਿਰੁੱਧ 153 ਗੇਂਦਾਂ ’ਚ 215 ਦੌੜਾਂ ਬਣਾਈਆਂ ਸਨ। ਮੁਕਾਬਲੇ ਦੌਰਾਨ ਕੁੰਡੂ ਨੇ ਪੰਜਵੇਂ ਨੰਬਰ ’ਤੇ ਬੱਲੇਬਾਜੀ ਕਰਦਿਆਂ ਸਿਰਫ 125 ਗੇਂਦਾਂ ਵਿੱਚ ਨਾਬਾਦ 209 ਦੌੜਾਂ ਬਣਾਈਆਂ। ਖੱਬੇ ਹੱਥ ਦੇ ਬੱਲੇਬਾਜ ਨੇ ਆਪਣੀ ਪਾਰੀ ਦੌਰਾਨ 19 ਚੌਕੇ ਤੇ 7 ਛੱਕੇ ਜੜੇ। ਉਸ ਦੀ ਸਾਨਦਾਰ ਪਾਰੀ ਦੀ ਬਦੌਲਤ ਭਾਰਤ ਦੀ ਅੰਡਰ-19 ਟੀਮ ਨੇ ਪਹਿਲਾਂ ਬੱਲੇਬਾਜੀ ਕਰਦਿਆਂ 7 ਵਿਕਟਾਂ ’ਤੇ 408 ਦੌੜਾਂ ਦਾ ਵੱਡਾ ਸਕੋਰ ਬਣਾਇਆ।

# ਫੁੱਟਬਾਲ ਵਿਸਵ ਕੱਪ ਜੇਤੂ ਨੂੰ ਮਿਲਣਗੇ 450 ਕਰੋੜ ਰੁਪਏ, ਇਨਾਮੀ ਰਾਸੀ ਦਾ ਕੀਤਾ ਐਲਾਨ



ਅਮਰੀਕਾ, ਮੈਕਸੀਕੋ ਤੇ ਕੈਨੇਡਾ ਦੀ ਮੇਜਬਾਨੀ ’ਚ ਹੋਣ ਵਾਲੇ 2026 ਵਿਸਵ ਕੱਪ ਦੇ ਜੇਤੂ ਨੂੰ 50 ਮਿਲੀਅਨ ਡਾਲਰ (451 ਕਰੋੜ) ਦੀ ਰਿਕਾਰਡ ਇਨਾਮੀ ਰਾਸੀ ਮਿਲੇਗੀ। ਵਿਸਵ ਕੱਪ ਦੀ ਕੁੱਲ ਇਨਾਮੀ ਰਾਸੀ 655 ਮਿਲੀਅਨ ਡਾਲਰ (5912 ਕਰੋੜ) ਹੈ, ਜੋ ਕਿ ਕਤਰ ’ਚ 2022 ਵਿਸਵ ਕੱਪ ਲਈ ਦਿੱਤੇ ਗਏ 440 ਮਿਲੀਅਨ ਡਾਲਰ ਤੋਂ ਲਗਪਗ 49 ਫੀਸਦ ਵੱਧ ਹੈ। ਹਾਲਾਂਕਿ, ਇਹ ਇਸ ਸਾਲ ਦੇ ਕਲੱਬ ਵਿਸਵ ਕੱਪ ਜਿੱਤਣ ਲਈ ਚੈਲਸੀ ਨੂੰ ਮਿਲੀ ਕੁੱਲ ਇਨਾਮੀ ਰਾਸੀ ਦੇ ਅੱਧੇ ਤੋਂ ਵੀ ਘੱਟ ਹੈ। ਵਿਸਵ ਕੱਪ 11 ਜੂਨ ਤੋਂ 19 ਜੁਲਾਈ ਤੱਕ ਖੇਡਿਆ ਜਾਵੇਗਾ। ਇਸ ਵਿਸਵ ਕੱਪ ਨੂੰ ਫੀਫਾ ਇਤਿਹਾਸ ਦਾ ਸਭ ਤੋਂ ਵੱਡਾ ਸਮਾਗਮ ਮੰਨਿਆ ਜਾਂਦਾ ਹੈ, ਨਾ ਸਿਰਫ ਖੇਡ ਦ੍ਰਿਸਟੀਕੋਣ ਤੋਂ ਸਗੋਂ ਆਰਥਿਕ ਦ੍ਰਿਸਟੀਕੋਣ ਤੋਂ ਵੀ।

ਪਿਛਲੇ ਦੋ ਵਿਸਵ ਕੱਪ ਜੇਤੂਆਂ ਨੂੰ ਇੰਨੀ ਇਨਾਮੀ ਰਾਸੀ ਮਿਲੀ:

2022, ਅਰਜਨਟੀਨਾ, 42 ਮਿਲੀਅਨ ਡਾਲਰ (379 ਕਰੋੜ ਰੁਪਏ)

2018, ਫਰਾਂਸ, 38 ਮਿਲੀਅਨ ਡਾਲਰ (352 ਕਰੋੜ ਰੁਪਏ)

ਮਹਿਲਾ ਵਿਸਵ ਕੱਪ ਨਾਲੋਂ ਛੇ ਗੁਣਾ ਜਿਆਦਾ

2026 ਵਿਸਵ ਕੱਪ ਲਈ ਇਨਾਮੀ ਰਾਸੀ 2023 ਮਹਿਲਾ ਵਿਸਵ ਕੱਪ (110 ਮਿਲੀਅਨ ਡਾਲਰ) ਨਾਲੋਂ ਲਗਪਗ ਛੇ ਗੁਣਾ ਜਿਆਦਾ ਹੈ। ਫੀਫਾ ਪ੍ਰਧਾਨ ਗਿਆਨੀ ਇਨਫੈਂਟੀਨੋ ਨੇ ਪਹਿਲਾਂ ਪੁਰਸ ਤੇ ਮਹਿਲਾ ਵਿਸਵ ਕੱਪ ਲਈ ਬਰਾਬਰ ਇਨਾਮੀ ਰਾਸੀ ਦਾ ਟੀਚਾ ਰੱਖਿਆ ਸੀ, ਜਿਸ ਨਾਲ ਅਗਲਾ ਮਹਿਲਾ ਵਿਸਵ ਕੱਪ 2027 ’ਚ ਬ੍ਰਾਜੀਲ ’ਚ ਹੋਵੇਗਾ।

ਕਲੱਬ ਵਿਸਵ ਕੱਪ ਦੀ ਤੁਲਨਾ ’ਚ ਅੱਧੀ ਰਕਮ

ਕਲੱਬ ਫੁੱਟਬਾਲ ਵਿਸਵ ਕੱਪ ਲਈ ਕੁੱਲ ਇਨਾਮੀ ਰਾਸੀ 1 ਬਿਲੀਅਨ ਡਾਲਰ (9027 ਕਰੋੜ ਰੁਪਏ) ਸੀ। ਚੈਲਸੀ ਨੂੰ ਖਿਤਾਬ ਜਿੱਤਣ ਲਈ 125 ਮਿਲੀਅਨ ਡਾਲਰ (1128 ਕਰੋੜ ਰੁਪਏ) ਮਿਲੇ। ਫੀਫਾ ਦੇ ਅਨੁਸਾਰ, ਰਾਸਟਰੀ ਟੀਮ ਤੇ ਕਲੱਬ ਟੂਰਨਾਮੈਂਟਾਂ ਲਈ ਇਨਾਮੀ ਰਾਸੀ ਵੰਡ ਮਾਡਲ ਵੱਖੋ-ਵੱਖਰੇ ਹੁੰਦੇ ਹਨ, ਕਿਉਂਕਿ ਕਲੱਬਾਂ ਦੇ ਖਰਚੇ ਤੇ ਤਨਖਾਹਾਂ ਰਾਸਟਰੀ ਟੀਮਾਂ ਨਾਲੋਂ ਵੱਧ ਹੁੰਦੀਆਂ ਹਨ। ਫੀਫਾ ਵਿਸਵਵਿਆਪੀ ਫੁੱਟਬਾਲ ਵਿਕਾਸ ਲਈ ਫੰਡ ਵੀ ਅਲਾਟ ਕਰਦਾ ਹੈ।

ਇਨਾਮੀ ਰਾਸੀ 48 ਟੀਮਾਂ ’ਚ ਇਸ ਪ੍ਰਕਾਰ ਵੰਡੀ ਜਾਵੇਗੀ:

ਤਿਆਰੀ ਫੰਡ, ਪ੍ਰਤੀ ਟੀਮ 1.5 ਮਿਲੀਅਨ ਡਾਲਰ (13 ਕਰੋੜ ਰੁਪਏ)

ਗਰੁੱਪ ਸਟੇਜ ਖੇਡ, 9 ਮਿਲੀਅਨ ਡਾਲਰ (81 ਕਰੋੜ ਰੁਪਏ)

32ਵਾਂ ਦੌਰ, 11 ਮਿਲੀਅਨ ਡਾਲਰ (100 ਕਰੋੜ ਰੁਪਏ)

16ਵਾਂ ਦੌਰ, 15 ਮਿਲੀਅਨ ਡਾਲਰ (135 ਕਰੋੜ ਰੁਪਏ)

ਕੁਆਰਟਰ ਫਾਈਨਲ, 19 ਮਿਲੀਅਨ ਡਾਲਰ (171 ਕਰੋੜ ਰੁਪਏ)

ਚੌਥਾ ਸਥਾਨ, 27 ਮਿਲੀਅਨ ਡਾਲਰ (243 ਕਰੋੜ ਰੁਪਏ)

ਤੀਜਾ ਸਥਾਨ, 29 ਮਿਲੀਅਨ ਡਾਲਰ (261 ਕਰੋੜ ਰੁਪਏ)

ਉਪ ਜੇਤੂ, 33 ਮਿਲੀਅਨ ਡਾਲਰ (297 ਕਰੋੜ ਰੁਪਏ)

ਜੇਤੂ, 50 ਮਿਲੀਅਨ ਡਾਲਰ (451 ਕਰੋੜ ਰੁਪਏ)

ਫੀਫਾ ਦਾ ਅਨੁਮਾਨਿਤ ਮਾਲੀਆ (202326) 13 ਬਿਲੀਅਨ ਡਾਲਰ (1,17,334 ਕਰੋੜ ਰੁਪਏ) ਹੈ, ਜੋ ਕਿ ਪਿਛਲੇ ਚਾਰ ਸਾਲਾਂ ਦੇ ਜੋੜ ਨਾਲੋਂ ਵੱਧ ਹੈ।

# Dilution of goals ails global climate action




AS a one-time chief negotiator on climate change for India (2007-10), one has watched with growing despair the continual dilution of goals directed towards tackling an existential crisis for humanity. To properly assess the outcome of the recent climate summit at Belem (Brazil), a lesson in climate history may be in order.

Since the high point of universal collaborative intent enshrined in the historic UN Framework Convention on Climate Change (UNFCCC) at Rio de Janeiro (Brazil) in 1992, the trajectory of the annual multilateral negotiations among the conference of parties (COP) to the Convention has been a decidedly downward attrition process.

I was present at Rio when the UNFCCC was adopted by acclamation, and the optimism was palpable. Yet within just a few years, one faced a systematic and cynical effort on the part of developed nations, led by the US, to eviscerate the UNFCCC and transform what was to be a legally binding agreement into a voluntary 'pledge and review' set of commitments.

This was achieved through the unilateral trashing of the Kyoto Protocol to the UNFCCC, which was adopted in December 1997 and in which 37 industrialised countries negotiated binding targets for absolute reduction in their greenhouse gas emissions. This would result in an average of 5.2% reduction in total emissions as compared to the 1992 level.

These binding targets were to be achieved in what was known as the first commitment period (2008-13) after which there would be a second commitment period (2014-19) in which further reductions would be negotiated. During this 10-year period, developing countries would not be required to accept reductions in their emissions. At the end of this grace period, it was likely that both developed and developing countries would commit to reduce their emissions but in accordance with the principle of equitable burden-sharing. The Kyoto Protocol had strict compliance procedures. If at the end of the first commitment period a country had a shortfall in achieving its target of reduction, then not only would it have to make up for the shortfall in the second commitment period but also have to add 30% more to its new negotiated target as a penalty.

The US, which had signed the Protocol, declined to ratify it. Then, several industrialised countries like Canada, Australia and Japan unilaterally violated the treaty, far surpassed their respective emission targets and refused to adhere to the treaty's compliance procedure — and got away scot-free. Could one imagine a developing country being allowed to violate an international treaty it was a party to in this brazen manner? Why were they not held to account? This set the stage for serial non-compliance with commitments by developed countries.

The Copenhagen climate summit in 2009 was perhaps the last occasion when developing countries, in particular India, China, Brazil and South Africa — the so-called BASIC group — tried to hold the line against the erosion of the UNFCCC principles. But thereafter the process of attrition has continued apace. A much-diluted Paris Agreement was adopted by consensus in December 2015. This was made possible by China abandoning the BASIC group and reaching a bilateral agreement with the US, which safeguarded their narrow interests while sacrificing the global good.

China was allowed to keep increasing its emissions to reach a level comparable to the US. More importantly, China reinterpreted the crucial Common but Differentiated Responsibility and Respective Capabilities (CBDR) principle by adding the words, "in accordance with national circumstances" to the original wording in the UNFCCC. This hollowed out the CBDR principle since it could now be interpreted differently by parties according to what they claimed as "national circumstances." This was a mortal blow to the equity principle.

China did not consult its BASIC partners before taking this major step but neither did these partners hold it to account. China got away with a serious violation of the UNFCCC. The US-China agreement became the template for the Paris Agreement. The developed countries had succeeded in co-opting China in their evisceration of the UNFCCC.

The Paris Agreement was greeted with intemperate hype a decade ago. Then French President Francois Hollande said, "In Paris, there have been many revolutions over the centuries. Today is the most beautiful and most peaceful revolution that has just been accomplished — a revolution for climate change."

Since then the US has walked out of the Agreement for the second time under President Donald Trump. It is committed to the revival of the fossil fuel industry and calls climate change a hoax. The world's largest economy is missing in climate action and this will inevitably influence the economic calculus of other countries, which may see climate action as putting them at a disadvantage vis-à-vis the US.

The just-concluded 30th COP in Belem was billed as the "COP of Truth" and the "COP of Implementation." But the truth is that even the much-diluted commitments of the Paris Agreement have not been achieved nor can one say that the stage has been set for their implementation in the post-COP30 period. The year 2024 was the warmest on record, with temperatures rising 1.55°C above pre-industrial levels. Whatever fresh commitments have been submitted so far for the next global stocktake put global warming on a path to reach over 2.5-3°C by the end of the century.

A UN Special Report has already warned that even a 1.5°C rise could lead to irreversible and catastrophic consequences for the global ecology. We have already passed that turning point. Yet COP30 promises a "Global Implementation Acceleration" to underscore the "Belem Mission to 1.5°C." But how?

The conference adopted the Mutirao Decision, which resolves to limit "both the magnitude and the duration of any temperature overshoot." But how will this be possible when it is acknowledged that the "carbon budget consistent with achieving the Paris Agreement's temperature goal is now small and being depleted." If truth be told, in a divided and fragmented world, climate is not a priority.

***Shyam Saran***

# Red Fort blast — some questions, lessons



IT has been quite a while since the car blast took place in New Delhi. Enough time has passed and the investigation has picked up pace and direction. Enough time for various theories to be expounded and revelations made. The blast near the gates of the Lal Qila was shocking and its audacity was bone-chilling.

What comes to mind straightaway is that the plans were long in the making; indoctrination of professionals (mostly doctors) had taken place, and this takes time. Material was collected for making high-level explosives, skilled training given in bomb-making from readily available chemicals (it is not as simple as shown in the movies, rather a highly skilled task). Targets were selected, recces carried out and all other strands of a web brought together for a major simultaneous strike across regions.

What comes across is that this time our police and intelligence agencies were completely blindsided and could not spot the design and activities of a very dangerous enemy organisation. It was only the humongous recovery of ammonium nitrate (by the J&K police) that gradually led to the unravelling of a complex and vast network of terrorists and their nefarious plans to cause mayhem in Delhi and other places.

These terrorists, it appears, were working in coordination with handlers in Turkey and Pakistan. The hub of activity appears to have been the Al Falah Medical College in Faridabad, and the point of origin is allegedly Kashmir. For some reasons, people in authority keep claiming the extinction of local terrorists from J&K. Obviously, they have been caught flat-footed and every day there are new revelations and fresh detentions and arrests in J&K, Haryana, UP, etc. Perceptibly, the interrogation of those picked up is the basis of these detentions and recoveries.

What worries me is that from conception to indoctrination, purchase of material, selection of targets and deployment of men and material, it is a complex time-consuming task which had to be done in secrecy. Most of the tasks were complete and the final stage was near, and we missed the whole song and dance... we got lucky. However, it must be noted that the initial breakthrough came from the J&K police who located the huge dump at Faridabad. This is what good policing is all about.

The obvious next question which comes up is: how many such cells are still out there? What is their composition and what are their likely targets? Who are the ultimate perpetrators of these operations? Hopefully, these questions should be keeping the officers and organisations concerned in our country working round the clock, because the alternative is too painful to comprehend. Today, as the situation is even more fluid, more such action can be anticipated. We have not only to look out for our inbred terrorist, but also watch our neighbours.

The Pakistanis have always been active, and with seeming American support they appear to have their tails up; we must remember that they have always had overground and underground networks in J&K and some other states also. Newspapers are full of reports of recoveries being made in states of north India. Add to this the new animosity of Bangladesh and our very vulnerable and porous border with it... the problem multiplies exponentially. We now must keep our guard up in the Northeast as well.

The new and surprising factor which has come up in the media is that of Turkey. It has been a supporter of Pakistan over J&K, but this is the first time it has been alleged that terrorists went to Turkey to meet their handlers... this needs to be watched carefully.

I have deliberately avoided talking about the Chinese factor for it is there and as inscrutable and mysterious as ever, but definitely not favourable to us.

So, all in all, the investigation has been giving good results so far and a vast network has been exposed. We have escaped a major tragedy by the timely recovery from Faridabad. However, we must do in-house plain speaking and accept our shortcomings. This can only come about through intervention at the highest political and professional levels. There is nothing more important than the security of the state and no better instrument to secure it than timely and outstanding policing and intelligence.

A complex and vast nation such as ours will always face challenges both from within and outside. These challenges have to be met from a position of strength both diplomatically and militarily, for the best victories are those that require no battle. Sun Tzu said: "If you know the enemy and know yourself, you need not fear the result of a hundred battles. If you know yourself but not the enemy, for every victory gained you will also suffer a defeat. If you know neither the enemy nor yourself, you will succumb in every battle." The heart of this strength is the policing at the police station level and intelligence we can gather i.e. actionable intelligence.

Internally, we must strengthen our vast network of police stations as they form the core of our security network. We have seen it in Punjab and J&K that the best response to terrorism is an active and motivated police force, for they are the sons of the soil and familiar with ground-level activities and activists. The need is to motivate them and not denigrate them — this is what good leadership is all about.

Even if there are foreign mercenaries, they are easily noticed by the local populace and the police who are familiar with the terrain and the people. This requires both police and political leadership as well as coordination. The needs of national security are paramount, and these needs should enable all parties to evolve a national consensus on how to face the situation.

***Gurbachan Jagat***

# Challenging the entire architecture of Indian medical culture



WHAT does it mean to be alive in a society that treats information as privilege, choice as optional, and dignity as negotiable?

It is a question most Indians avoid, perhaps because the answer exposes the uncomfortable truth about how we deal with illness, ageing, pain, and — most of all — death. We treat suffering as a private embarrassment. We treat medical authority as unquestionable. And we treat end-of-life care as a taboo, something to be whispered only when all hope has evaporated and the hospital bills have begun to feel like ransom notes.

But at the wonderful Godrej Literature Live! The Mumbai LitFest, at the launch of 'A Good Life: The Power of Palliative Care', where the crowds outside were so thick they almost broke the doors down trying to enter, Jerry Pinto shattered that silence.

There are writers you read. And then there are writers you return to — like rituals, like homecomings, like comfort food for the soul. Jerry Pinto has always been that writer for me. I watched Jerry rise to speak as the lovely Faye D'Souza looked on.

He spoke about palliative care with a calm, almost radical, clarity. Something shifted. Because what he was really talking about wasn't medicine. It was humanity. Jerry began with a deceptively simple story: a young paralysed man who finds meaning in making decorated envelopes, supported by a palliative care team that gives him agency rather than pity. It wasn't dramatic. It wasn't cinematic. And yet, the story carried the weight of a manifesto. Here was a man who could not move his body, and yet — through care rooted in dignity — he could move through the world with purpose. This is the quiet revolution Jerry is arguing for: that palliative care is not about dying well, but about living well — even within limitation.

This idea alone challenges an entire architecture of Indian medical culture. We are a country obsessed with "doing everything possible", often in ICUs where machines hum louder than human voices. We confuse ventilators with victory. We mistake prolonging life for preserving it. And we equate acceptance with surrender, even when acceptance may be the truest form of compassion.

One of Jerry's most devastating stories is about Uncle M — a man who loses his voice after cancer surgery, without warning, without preparation, without even the dignity of being told what to expect. His family is too dependent on the surgeon to question him; the doctor is too arrogant or hurried to explain; and the man himself is left to scribble jokes on pieces of paper at parties, tolerated but not understood.

Jerry's provocation is sharp: if information is power, why do we deny it to those who need it most? If choice is central to democracy, why does it evaporate in hospital corridors? If dignity is sacred, why does illness so easily erase it?

The answers are systemic and cultural. We have inherited a deeply hierarchical medical model where doctors are gods, patients are passive, and families are collateral damage — sucked into a vortex of fear, guilt, debt, and impossible decisions. Add to this our national discomfort with talking about mortality, and you get the perfect recipe for suffering that could have been avoided.

***Meghna Pant***

# Bangladesh awaits a democratic dawn

DEMOCRACY has rarely survived and thrived in Bangladesh. Military coups, assassination of two Presidents (Sheikh Mujibur Rahman and Ziaur Rahman), autocratic regimes, rigged elections — this small nation has seen it all during its 54-year history. Now, it finds itself at a crossroads yet again. A parliamentary election and a nationwide referendum are scheduled to be held on the same day in February next year. The referendum pertains to the July Charter, which envisages much-needed political reforms through constitutional amendments.

The charter owes its origin to the 'student-people' uprising in July-August 2024 that overthrew the repressive government led by Sheikh Hasina and forced her to take shelter in India. A brutal crackdown carried out on her orders claimed the lives of over 1,400 protesters and left hundreds of others maimed. No wonder the deposed Prime Minister is an integral part of the political discourse in the run-up to the elections. Last week, a special tribunal sentenced Hasina and former home minister Asaduzzaman Khan Kamal to death on the charges of "crimes against humanity". On Thursday, a Bangladesh court sentenced her to 21 years of imprisonment in three corruption cases.

Hasina-led Awami League ruled the country without a break from 2008 to 2024. The long reign was marked by impressive economic growth, even though increasing authoritarianism took its toll on democratic institutions and constitutional safeguards. The party has now been reduced to a bystander in view of suspension of its activities.

The top contender is the Bangladesh Nationalist Party (BNP), led by ex-PM Khaleda Zia. The Begum's indifferent health has prompted her London-based son Tarique Rahman to take charge of the party's campaign. He appears prominently on BNP posters and hoardings, which also carry images of Zia and her late husband, ex-President Ziaur Rahman.




Differences between the interim rulers and the BNP are coming to light. Earlier this week, the party slammed the government for signing long-term deals with foreign companies to operate key ports. Tarique Rahman has asserted that an 'unelected' administration cannot determine the country's future. The BNP has also accused Chief Adviser Muhammad Yunus of violating the July Charter by going beyond the scope of earlier political consensus. Clearly, the BNP is already projecting itself as the next incumbent.

The BNP's main rival is its long-term ally, the Jamaat-e-Islami, which is banking on religion to win over voters. Also in contention is the National Citizen Party, which was formed by students in February and aims to establish a viable third front. Students were at the forefront of the protests last year, but it is doubtful whether they can make a significant impact in the upcoming elections.

Amid the poll buzz, Bangladesh is rightly laying stress on international outreach, exemplified by the recent Bay of Bengal Conversation in Dhaka. This annual geopolitical forum showcases the host nation as a progressive player in the global scheme of things.

A key foreign stakeholder in Bangladeshi affairs is none other than India. The interim government has intensified pressure on New Delhi to hand over Hasina so that she can be brought to justice in Bangladesh. It appears that India is finally realising which way the wind is blowing in the neighbouring country. The Ministry of External Affairs has stated that India is examining the request for Hasina's extradition and remains committed to Bangladesh's stability and the well-being of its people.

It's also important for India to rebuild ties with Bangladesh because Pakistan is out to exploit the situation created by the Delhi-Dhaka impasse. Pakistan is set to export 1,00,000 tonnes of rice to Bangladesh — a sign of the fast-improving trade relations between the two countries. During the Joint Economic Commission meeting held in Dhaka last month, the Pakistani government offered Bangladesh the use of the Karachi Port Trust to increase its trade with other regional countries, including Central Asian states and China. Direct flights between the two nations are scheduled to begin in December, while the engagement between their militaries is also growing.

The majority of the Bangladeshi citizens today were not even born when the 1971 War of Liberation gave birth to their nation. The genocide carried out by Pakistani troops, India's military intervention and humanitarian support — these are chapters from the distant past for the voters at large. The 2024 uprising is the all-important epochal event for them; participants as well as witnesses see it as nothing less than 'Second Independence' for their country.

There is a lot that India has done in recent years to boost infrastructure development in Bangladesh. These gains must not be frittered away. Dhaka needs to be convinced that allying with a stable India is a much wiser option than siding with an unstable and unreliable Pakistan. The interim dispensation's Foreign Affairs Adviser Touhid Hossain said last week that Bangladesh would prioritise its national interest and regional stability rather than "pick sides". However, Dhaka won't find it easy to walk a tightrope in South Asia.

India, which is closely watching the developments in the neighbourhood, should be well prepared to engage with an elected government in Dhaka. Finding a way out of the Hasina tangle must be a top priority. At the same time, the importance of countering Pakistani propaganda cannot be overemphasised.

***Vikramdeep Johal***

# The mysterious train passenger

TRAIN journeys had a familiar rhythm in our lives. From Jagadhri, we often travelled to nearby cities — always carrying a tiffin of home-cooked food so that we wouldn't have to step off the train for meals. It was both a practicality and a tradition — a way to carry a taste of home and share what we had with others along the way.

On one such journey, my parents were travelling to Patiala. Since there was no direct morning train in those days, they boarded one that stopped for nearly an hour at Ambala. By the time the train reached Ambala, it was almost noon. They spread out their modest meal — soft paranthas with spicy aloo-sabzi — and began to eat.

Seated nearby was a middle-aged gentleman, clad in simple clothes, his eyes weary yet kind; his face bore the fatigue of long travel. My mother, with her habitual generosity, offered him a parantha. He hesitated for a moment and then accepted with a quiet nod. The three shared their modest meal in silence as the warmth of human connection filled the compartment.

When the last morsel was gone, the man turned to my mother and asked, almost shyly, "Behanji, do you have more paranthas?" She smiled apologetically. "No, brother. We only packed a tiffin for the journey. We will reach Patiala soon and eat properly there." The man sighed. "I'm going to Nabha. Haven't eaten since morning."



Mother's heart softened. She rummaged through her bag and found the guavas they had brought along. "Here, have these," she offered gently. The man accepted one and ate it slowly, savouring each bite. When he finished, a calm, almost peaceful expression crossed his face.

As the train resumed its steady motion, the man turned to my father. "Mr Singh," he said in a low, earnest voice, "you have given me so much. Now let me give you something in return." Before my parents could respond, he untied the edge of his lungi and revealed a thick bundle of currency notes. "Take as much as you want," he said. "I can give you more if needed."

My father was taken aback. "No, brother," he replied calmly. "We didn't share our food for any reward. You shared our meal — that's enough. God provides for everyone."

The man smiled faintly but kept insisting. My parents remained firm, and eventually, the discussion ended in silence.

When the train slowed at the next small station, the man suddenly rose, picked up his bundle and stepped off. My father, noticing that the station wasn't Nabha, called after him, "Brother, this isn't your stop!" But the man didn't turn. Dad hurried after him, pushing through the crowd — yet when he reached the platform, the man had vanished, leaving no trace among the scattered passengers and drifting dust.

To this day, my parents remember that afternoon at Ambala — and wonder whether the stranger was merely a hungry traveller or a mysterious messenger sent to remind them that kindness is its own reward.

***Gurvinder Pal Singh***

# The Russia hand

WHEN all the dust is settled and the conches blown and the embraces imprinted on the timeframe of history, one little exchange will symbolise the just-concluded summit between Prime Minister Narendra Modi and Russian President Vladimir Putin — a photo that shows the PM gifting a copy of the Bhagavad Gita, in Russian, to the President.

So what, you may ask, dear Reader. But look closer. The Russian smiles, half-quizzically, as he receives the book. The PM's glance is more patient and comes with several embedded messages — the age-old civilisational teachings of the Gita; the message from the Kurukshetra battlefield about fighting a just war; the implied comment on Putin's own three-year-old escapade in Ukraine; and the message to all the Western world curiously watching India's red-carpet welcome to a man who continues to be severely sanctioned by them, that India remains on the side of peace, a "not neutral" party in the Ukraine conflict.

After a long time, this week it seemed as if India had come into its own. In the wake of the Trump battering that India has received these last few months (over trade, the US President's insistence that he brokered the end of Op Sindoor, and Field Marshal Asim Munir's red-carpet welcome at the White House), Modi must have decided that enough was enough and that it was time to show some spine.

The invitation to Putin was overdue — the Russian last came four years ago. Modi decided to throw him a warm welcome not just because Trump is romancing Asim Munir, or because the India-US trade deal is experiencing a prolonged agri-hiccup, or because India's energy import bill is $55 billion out of the $64 billion India-Russia bilateral trade — but because of the fundamental lesson in geopolitics. There are no permanent friends or enemies, only permanent interests.



There can be no better example than the Ukraine crisis. The US is sanctioning Putin's Russia — including four Russian companies which supply energy to India — but Trump as well as his aides have repeatedly met Putin to try and resolve the conflict. The Russian President, meanwhile, has stuck to his guns; he has spent the last three years fighting not just the Ukrainians — but also the Europeans and the Americans who have funded the Ukrainians — for the right to occupy Russian-speaking territories, such as the Donbas, in Ukraine.

That is the second lesson in geopolitics — that it is possible to stand up to powerful opponents, as long as you have the strength to do so.

Modi knows that big powers — the Chinese, the Americans and the Russians — have this uncanny ability to shed the high moral ground when they want their way. He realises that for India to take a leaf out of their book, it must build its economic strength. How to do that when the rupee is falling against the dollar and has lost half its value in the last 15 years, a large part of which period Modi has been in power?

